INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਿਤ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਫਰਵਰੀ 2023

# ਆਤਮ ਮਾਰਗ



ਮਾਨਵਤਾ ਵਿਚ ਕੋਮਲਤਾ ਦੀ ਖੁਸ਼ਬੂ ਭਰਨ ਲਈ
ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ
ਬਗੀਚੀ ਵਿਚ ਗੁਰਸਿਖਾਂ ਤੋਂ ਫੁੱਲ ਪੌਦੇ
ਲਗਵਾਉਂਦੇ ਹੋਏ।

ੴ ਸਤਿਗੁਰ ਪ੍ਰਸਾਦਿ॥

# ਰੂਹਾਨੀ ਕੀਰਤਨ ਉਪਦੇਸ਼

# ROOHANI KIRTAN UPDESH

## SANT HARPAL SINGH JI RATWARA SAHIB WALE WITH JATHA

in accordance with the tradition set by
His Holiness Sant Waryam Singh ji Ratwara Sahib Wale

ROOHANI PARCHAR FERI **USA** 2023



Sant Baba Waryam Singh ji Maharaj
Ratwara Sahib





Sant Baba Harpal Singh ji
Ratwara Sahib

## -: Programe :-

**1. Sanjose (California)**
ਸੈਨਹੋਜੇ (ਕੈਲੀਫੋਰਨੀਆ)
**4th Barsi Sant Baba Satnam Singh ji**
ਚੌਥੀ ਬਰਸੀ ਸੰਤ ਬਾਬਾ ਸਤਨਾਮ ਸਿੰਘ ਸਿੰਘ ਜੀ
**23 February 2023**

**Bhog Sri Sehaj Path**
ਭੋਗ ਸ੍ਰੀ ਸਹਿਜ ਪਾਠ
**26 February 2023**
Kirtan : 11.00am to 1.00

**Seattle Washington**
ਸਿਆਟਲ ਵਾਸ਼ਿਗਟਨ
3-5 March 2023

**Gurdwara Sahib El Sobrante**
ਗੁਰਦੁਆਰਾ ਸਾਹਿਬ ਐਲ ਸੋਬਰਾਂਟੇ
10-11-12 March 2023

**Gurdwara Sahib Fremont**
ਗੁਰਦੁਆਰਾ ਸਾਹਿਬ ਫਰੀਮੌਂਟ
13-17 March 2023

**Sacramento**
(ਸੈਕਰਾਮੈਂਟੋ)
18-19 March 2023

**Bakersfield**
ਬੇਕਰਸਫੀਲਡ
22-29 March 2023

**Turlock/Tracy**
ਟਰਲੌਕ/ਟਰੇਸੀ
31 March to 2 April 2023

**Gurdwara Sahib Sanjose**
ਗੁਰਦੁਆਰਾ ਸਾਹਿਬ ਸੈਨਹੋਜੇ
3 April to 9 April 2023

## Contact Numbers for booking programe

**Bhai Amardip Singh ji +1-408-393-8199**
**Bhai Gurvir Singh +1-408-835-4755**
**Bhai Manjit Singh +1-317-488-8831**

# ਆਤਮ ਮਾਰਗ

ਸਾਲ-ਅਠਾਈਵਾਂ, ਮਹੀਨਾ-ਫਰਵਰੀ, 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ — ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8
*ਪ੍ਰੋ. ਸਾਹਿਬ ਸਿੰਘ ਜੀ*

3. ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ 10
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਅਗੰਮ ਅਗੋਚਰ ਦਾ ਮਾਰਗ 16
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ॥ 21
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ 31
*ਸੰਤ ਬਾਬਾ ਹਰਪਾਲ ਸਿੰਘ ਜੀ*

7. ਗੁਰਬਾਣੀ ਅਰਥ ਭੰਡਾਰ 35
**ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ**

8. ਗੁਰੂ ਨਾਨਕ ਆਗਮਨ 39
*ਡਾ. ਭਾਈ ਵੀਰ ਸਿੰਘ*

9. ਜਨ ਪਰਉਪਕਾਰੀ ਆਏ 43
*ਪ੍ਰੋ. ਗੁਰਦੇਵ ਸਿੰਘ*

10. ਜਪੁ ਜੀ ਸਾਹਿਬ ਦੀ ਮੂਲ ਵਿਚਾਰਧਾਰਾ 48
*ਡਾ. ਜਗਜੀਤ ਸਿੰਘ*

11. ਵਾਰਾਂ ਭਾਈ ਗੁਰਦਾਸ ਜੀ 51
*ਡਾ. ਭਾਈ ਵੀਰ ਸਿੰਘ*

12. ਈਸ਼੍ਵਰ ਅਮੋਲਕ ਲਾਲ 53
*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

13. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 54
*ਡਾ. ਸਵਾਮੀ ਰਾਮ ਜੀ*

14. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥*
*ਅੰਗ - ੧੧੭੬*

ਅਕਾਲ ਪੁਰਖ ਦੀ ਰਚਾਈ ਹੋਈ ਰਚਨਾ ਬੇਅੰਤ ਹੈ। ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਉਹ ਅਸੀਮ ਹੈ, ਅਨੰਤ ਹੈ, ਗਿਣਤੀ-ਮਿਣਤੀ ਵਿਚ ਨਹੀਂ ਹੈ, ਨਾਪ ਤੋਲ ਤੋਂ ਬਾਹਰ ਹੈ। ਕੋਈ ਤੱਕੜੀ ਉਸਨੂੰ ਤੋਲਣ ਵਾਸਤੇ ਨਹੀਂ ਅਜੇ ਬਣੀ -

*ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥*
*ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ*
*ਕੈ ਪਹਿ ਮੁਲੁ ਕਰਾਵਾ ॥ ਅੰਗ - ੭੩੦*

ਉਸ ਦੇ ਗੁਣਾਂ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਇਸ ਬੇਅੰਤਤਾਈ ਬਾਰੇ ਸਤਿਗੁਰੂ ਫੁਰਮਾਨ ਕਰਦੇ ਹੋਏ ਸਾਨੂੰ ਸੇਧ ਬਖਸ਼ ਰਹੇ ਹਨ ਕਿ -

*ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥*
*ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ*
*ਤੂੰ ਆਪੇ ਸਰਬ ਸਮਾਣਾ ॥ ੧ ॥ ਰਹਾਉ ॥ ਅੰਗ - ੭੩੧*

ਤੂੰ ਹਰ ਥਾਂ 'ਤੇ ਭਰਪੂਰ ਹੈਂ, ਵਿਦਮਾਨ ਹੈਂ, ਸਰਬ ਵਿਆਪਕ ਹੈਂ। ਪਾਣੀ, ਧਰਤੀ, ਅਕਾਸ਼, ਸਭ ਜੀਵਾਂ, ਥਾਵਾਂ ਅੰਦਰ ਸਮਾਇਆ ਹੋਇਆ ਹੈਂ। ਐਸੀ ਬੇਅੰਤਤਾਈ, ਐਸੇ ਇਲਾਹੀ ਨੂਰ ਦਾ ਝਲਕਾਰਾ ਸਤਿਗੁਰੂ ਸਾਨੂੰ ਬਖਸ਼ ਰਹੇ ਹਨ -

*ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥*
*ਘਟ ਹੀ ਭੀਤਰਿ ਸੋ ਸਹੁ ਤੋਲੀ*
*ਇਨ ਬਿਧਿ ਚਿਤੁ ਰਹਾਵਾ ॥ ੨ ॥ ਅੰਗ - ੭੩੧*

ਭਾਵ ਮੇਰਾ ਮਨ ਤੱਕੜੀ ਬਣ ਜਾਵੇ, ਚਿੱਤ ਤੋਲਣ ਵਾਲਾ ਵੱਟਾ ਬਣ ਜਾਵੇ। ਸੇਵਾ-ਸਿਮਰਨ ਮੇਰਾ ਸਰਾਫ ਬਣ ਜਾਵੇ। ਫਿਰ ਵੀ ਮੈਂ ਤੇਰੀ ਬੇਅੰਤਤਾਈ ਦਾ ਅੰਤ ਨਹੀਂ ਪਾ ਸਕਦਾ।

*ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥*
*ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥ ਅੰਗ-੭੩੧*

ਹੇ ਵਾਹਿਗੁਰੂ! ਤੂੰ ਆਪੇ ਤੱਕੜੀ, ਆਪੇ ਵੱਟਾ ਹੈਂ।

*ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥*
*ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥*
*ਅੰਗ - ੭੩੧*

ਜੋ ਮੇਰਾ ਮਨ ਅੰਨ੍ਹਾ ਹੋਇਆ ਜਨਮਾਂ ਜਨਮਾਂਤਰਾਂ ਦੇ ਵਿਕਾਰਾਂ ਦੀ ਮੈਲ ਨਾਲ ਭਰਿਆ ਹੋਇਆ ਭਟਕ ਰਿਹਾ ਹੈ। ਇਹ ਰਤਾ ਮਾਤਰ ਵੀ ਟਿਕਦਾ ਨਹੀਂ -

*ਇਹੁ ਮਨੁ ਸਕਤੀ ਇਹੁ ਮਨੁ ਸੀਉ ॥*
*ਇਹੁ ਮਨੁ ਪੰਚ ਤਤ ਕੋ ਜੀਉ ॥ ਅੰਗ - ੩੪੨*

ਉਸ ਦੀ ਬੇਅੰਤਤਾਈ ਅਤੇ ਜੀਵ ਦੀ ਨਿਰਮਾਣਤਾਈ ਦਾ ਆਧਾਰ ਸਾਨੂੰ ਉਪਰੋਕਤ ਵੀਚਾਰ ਵਿਚੋਂ ਬਖਸ਼ਿਸ਼ ਹੋ ਰਿਹਾ ਹੈ। ਹੁਣ ਵੀਚਾਰ ਕਰੀਏ ਕਿ ਉਸ ਦੀ ਨੇੜਤਾ ਕਿਵੇਂ ਪ੍ਰਾਪਤ ਹੋਵੇ। ਉਸ ਬੇਅੰਤ ਨੂੰ ਅਸੀਂ ਨਿਮਾਣੇ, ਨਿਤਾਣੇ, ਨੀਵੇਂ, ਮੈਲੇ-ਕੁਚੈਲੇ (ਮਨ ਕਰਕੇ) ਕਿਵੇਂ ਭਾ ਜਾਈਏ। ਫਿਰ ਸੱਚੇ ਪਾਤਸ਼ਾਹ ਬਖਸ਼ਿਸ਼ ਕਰਦੇ ਹਨ ਕਿ -

*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥*
*ਅੰਗ- ੭੨੨*

ਫਿਰ ਇਸ ਅਵਸਥਾ ਦੇ ਪਾਤਰ ਬਣਨ ਤੋਂ ਪਹਿਲਾਂ ਸਾਨੂੰ ਉਸ ਦੀ ਬੇਅੰਤਤਾਈ ਉਸ ਦੀ ਸਾਜੀ ਦ੍ਰਿਸ਼ਟਮਾਨ ਸ੍ਰਿਸ਼ਟੀ ਵਿਚੋਂ ਵੇਖਣੀ ਪਵੇਗੀ।

ਪਿਛਲੇ ਜਨਵਰੀ ਅੰਕ ਵਿਚ ਸਮੇਂ ਦੀ ਵੀਚਾਰ ਹੋਈ ਸੀ ਕਿ ਸਮਾਂ ਚਲੰਤ ਹੈ। ਇਹ ਗਤੀਸ਼ੀਲ ਹੈ।

*ਇਹ ਠਹਿਰਣ ਜਾਚ ਨਾ ਜਾਣਦਾ,*
*ਲੰਘ ਗਿਆ ਨਾ ਮੁੜ ਕੇ ਆਂਵਦਾ।*

ਇਸੇ ਸਮੇਂ ਦੇ ਚੱਕਰਵਿਊ ਵਿਚ ਅਨੇਕਾਂ ਸਰੀਰ ਧਾਰਨ ਕੀਤੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ- ੧੭੬*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ - ੬੩੧*

ਇਥੇ ਸਮੇਂ ਅਤੇ ਜੀਵ ਦੀ ਚਾਲ ਦੀ ਵਿਚਾਰ ਚਲ ਰਹੀ ਹੈ। ਦੋਨੋਂ ਹੀ ਅਰੁੱਕ ਹਨ। ਸਮਾਂ ਵੀ ਅਰੁੱਕ ਹੈ। ਜੀਵ ਦਾ ਸਫ਼ਰ ਵੀ ਅਰੁੱਕ ਹੈ। ਰੁੱਕਦਾ ਹੈ ਪਰ 'ਨਿਜ ਘਰ ਵਿਚ ਜਾ ਕੇ' ' ਨਿਜ ***ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥*** '

*(ਅੰਗ-੧੩)* ਨਿਜ ਘਰਿ ਸਥਿਰ ਹੈ। ਬਾਕੀ ਘਰ ਸਮੇਂ ਦੀ ਡੋਰ ਨਾਲ ਬੱਝੇ ਹੋਏ ਹਨ। ***'ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥*** *(ਅੰਗ-੩੨੬)* ਇਕ ਘਰ ਹੈ ਜਿੱਥੇ ਸਫ਼ਰ ਖਤਮ ਹੋ ਜਾਂਦਾ ਹੈ -

*ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥*
*ਅੰਗ - ੪੪*

ਉਹ ਘਰ ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ- ੧੨੯੧*

ਉਹ ਸਦੀਵੀ ਘਰ ਹੈ -

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ - ੫੧੭*

ਉਹ ਭਾਈ ਡੱਲਾ ਸਿੰਘ ਦੀ ਪੀੜ੍ਹੀ ਜੋਗੀ ਥਾਂ ਤੋਂ ਬਦਲ ਕੇ ਮੁਰੱਬੇ ਮੱਲਣ ਜਿੰਨੀ ਬਣ ਜਾਂਦੀ ਹੈ। ਨਿਜ ਘਰਿ ਸਤਿਗੁਰੂ ਦੀ ਦਰਗਾਹ, ਸੱਚਖੰਡ ਵਿਚ ਪੀੜ੍ਹੀ ਜੋਗੀ ਥਾਂ ਕੀ ਸੂਈ ਦੇ ਨੱਕੇ ਜਿੰਨੀ ਥਾਂ ਵੀ ਨਹੀਂ ਮਿਲਦੀ ਤਾਂ ਸਮਝੋ ਜੀਵ ਦਾ ਸਫ਼ਰ ਸਮੇਂ ਵਾਂਗੂੰ ਚਲੰਤ ਹੈ, ਗਤੀਸ਼ੀਲ ਹੈ। ਹੋਰ ਵੀਚਾਰ ਨੂੰ ਅੱਗੇ ਤੋਰਦਿਆਂ ਗਤੀਸ਼ੀਲ ਰਹਿਣ ਵਾਲੀਆਂ ਸ਼ੈਆਂ ਦੀ ਵੀਚਾਰ ਕਰੀਏ। ਉਸ ਵੀਚਾਰ ਵਿਚੋਂ ਸਾਨੂੰ ਵੀ ਕੋਈ ਟਿਕਾਅ ਦੀ ਚਿਣਗ ਪ੍ਰਾਪਤ ਹੋ ਜਾਵੇ, ਇਹ ਕੋਸ਼ਿਸ਼ ਹੈ, ਉਪਰਾਲਾ ਹੈ, ਇਕ ਤਾਂਘ ਹੈ। ਇਕ ਆਸ ਤੇ ਅਰਦਾਸ ਹੈ। ਸਮਾਂ ਚਲਾਇਮਾਨ, ਜੀਵ ਚਲਾਇਮਾਨ ਹਨ। ਤੀਸਰਾ ਇਸ ਦੇ ਵਿਚ ਨਾਲੋ-ਨਾਲ ਹੋਰ ਸਵਾਰੀਆਂ ਵੀ ਆ ਕੇ ਇਸ ਗੱਡੀ ਵਿਚ ਚੜ੍ਹ ਰਹੀਆਂ ਹਨ। ਉਹ ਹਨ ਜੀਵ ਦੇ ਕੀਤੇ ਹੋਏ 'ਕਰਮ'। ਇਹ ਵੀ ਨਾਲੋਂ ਨਾਲ ਸਵਾਰੀ ਕਰ ਰਹੇ ਹਨ। ਤਿੰਨ ਰੂਪਾਂ ਵਿਚ, ਤਿੰਨ ਤਰ੍ਹਾਂ ਦੇ ਕੱਪੜੇ ਪਾ ਕੇ, ਵਰਦੀਆਂ ਪਾ ਕੇ ਇਹ ਸਾਡੇ ਨਾਲ ਹੀ ਸਫ਼ਰ ਕਰ ਰਹੇ ਹਨ। ਪਹਿਲਾ ਰੂਪ ਸੰਚਿਤ ਕਰਮ, ਦੂਸਰਾ ਰੂਪ ਕਿਰਿਆਮਾਨ ਕਰਮ, ਤੀਸਰਾ ਰੂਪ ਪ੍ਰਾਲਬਧ ਕਰਮ। ਇਹ ਇਨ੍ਹਾਂ ਤਿੰਨਾਂ ਰੂਪਾਂ ਵਿਚ ਆਪਣਾ ਸਫ਼ਰ ਜਾਰੀ ਰੱਖ ਰਹੇ ਹਨ। ਇਨ੍ਹਾਂ ਦਾ ਇਕੱਲੇ-ਇਕੱਲੇ ਦਾ ਫਿਰ ਵੱਡਾ ਪਰਿਵਾਰ ਹੈ। ਵੱਡਾ ਟੱਬਰ ਹੈ। ਮੁਸ਼ਕਿਲ ਹੈ ਖਹਿੜਾ ਛੁਡਾਉਣਾ। ਮੁਕਦੇ ਨਹੀਂ, ਸਗੋਂ ਹੋਰ ਦਾਖਲ ਹੋਈ ਜਾਂਦੇ ਹਨ। ਵਧਦੇ ਤਾਂ ਜਾਂਦੇ ਹਨ ਪਰ ਘਟਣ ਦਾ ਇਹ ਨਾਮ ਨਹੀਂ ਲੈਂਦੇ।

ਇਹੀ ਵਿਛੋੜੇ ਦਾ ਕਾਰਨ ਬਣੇ ਹੋਏ ਹਨ। ਇਹ ਪ੍ਰਭੂ ਮਿਲਾਪ ਵਿਚ ਕਾਰਬਨ (ਰੁਕਾਵਟ) ਦਾ ਕੰਮ ਕਰ ਰਹੇ ਹਨ। ਇਹੀ ਹਨ ਜੋ ਪਰਮ ਸ਼ਕਤੀ ਦੀ ਕਰੰਟ ਪਾਸ ਨਹੀਂ ਹੋਣ ਦਿੰਦੇ। ਭਾਵ ***'ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥'*** *(ਅੰਗ-੧੩੩)* ਇਕ ਅਰਦਾਸ ਬਚਦੀ ਹੈ ਪਾਰ ਉਤਾਰਾ ਕਰਾਉਣ ਲਈ। ਕੇਵਲ ਉਸ ਦਾ ਨਾਮ ਹੀ ਹੈ ਜੋ ਇਨ੍ਹਾਂ ਤੋਂ ਛੁਟਕਾਰਾ ਦਿਵਾਉਣ ਦੇ ਸਮਰੱਥ ਹੈ। ***'ਗੁਰ ਕਾ ਸਬਦੁ ਕਾਟੈ ਕੋਟਿ ਕਰਮ॥'*** *(ਅੰਗ-੧੧੯੫)* ਜਿਵੇਂ ਇਕ ਅੱਗ ਦੀ ਚੰਗਿਆੜੀ ਵੱਡੇ ਤੋਂ ਵੱਡੇ ਜਲਣਸ਼ੀਲ ਪਦਾਰਥ ਨੂੰ ਜਾਲ ਕੇ ਸੁਆਹ ਕਰ ਦਿੰਦੀ ਹੈ ਭਾਵ ਖਤਮ ਕਰ ਦਿੰਦੀ ਹੈ ਇਸੇ ਤਰ੍ਹਾਂ ਪ੍ਰਮੇਸ਼ਰ ਦਾ ਨਾਮ ਕ੍ਰੋੜਾਂ ਕਰਮਾਂ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ।

ਉਪਰੋਕਤ ਵੀਚਾਰ ਤੋਂ ਭਾਵ ਹੈ ਕਿ ਕਰਮ ਵੀ ਚਲਾਇਮਾਨ ਹਨ। ਗਤੀਸ਼ੀਲ ਹਨ। ਇਨ੍ਹਾਂ ਤੋਂ ਇਲਾਵਾ ਮਨੁੱਖ ਦਾ 'ਮਨ' ਵੀ ਚਲੰਤ ਹੈ। ਇਹ ਵੀ ਵਣ ਪੰਖੇਰੂ ਹੈ। ਇਹ ਵੀ ਟਿਕਦਾ ਨਹੀਂ। ਇਸ ਦੇ ਪਰਿਵਾਰ ਦੇ ਚਾਰ ਜੀਅ ਹਨ। ਮਨ, ਬੁੱਧਿ, ਚਿਤ ਤੇ ਅਹੰਭਾਵ। ਇਹ ਚਾਰੇ ਮਨ ਰੂਪੀ ਪਰਿਵਾਰ ਦੇ ਮੈਂਬਰ ਹਨ -

*ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ॥*
*ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ*
*ਬਿਰਥਾ ਜਨਮੁ ਗਵਾਇਆ ॥* *ਅੰਗ - ੫੯੯*

ਇਸ ਮਨ ਦੀ ਚੰਚਲਤਾਈ ਬਾਰੇ ਫੁਰਮਾਨ ਹੈ -

*ਸਾਧੋ ਇਹੁ ਮਨੁ ਗਹਿਓ ਨ ਜਾਈ ॥*
*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥*
*ਅੰਗ - ੨੧੯*

*ਇਹੁ ਮਨੁ ਚੰਚਲੁ ਵਸਿ ਨ ਆਵੈ ॥*
*ਦੁਬਿਧਾ ਲਾਗੈ ਦਹ ਦਿਸਿ ਧਾਵੈ ॥* *ਅੰਗ - ੧੨੭*

ਚੰਚਲਤਾ ਦੀ, ਪੰਖੀ ਦੀ ਉਡਾਰੀ, ਪਾਰੇ ਦੀ ਨਿਆਈਂ, ਹਾਥੀ ਦੀ ਤਰ੍ਹਾਂ, ਅਤੀ ਬਲ ਵਾਲਾ, ਦਹਦਿਸਾਂ ਵਿਚ ਧਾਵਨ ਵਾਲਾ ਇਤਿਆਦਿਕ ਨਾਵਾਂ ਦੀ ਸੰਗਿਆ ਇਸ ਮਨ ਨੂੰ ਦਿਤੀ ਗਈ ਹੈ। ਜਦੋਂ ਇਹ ਗੁਰੂ ਕ੍ਰਿਪਾ ਦੁਆਰਾ 'ਅਮਨ' ਹੋ ਜਾਂਦਾ ਹੈ, ਫਿਰ ਇਹ ਅਮਨ ਬਣ ਕੇ ਜੀਵ ਦਾ ਸਫ਼ਰ ਵੀ ਖਤਮ ਕਰ ਦਿੰਦਾ ਹੈ। ਕਰਮਾਂ ਦਾ ਵੀ ਖਾਤਮਾ ਕਰ ਦਿੰਦਾ ਹੈ ਤੇ (ਸਮੇਂ ਕਾਲ ਨੂੰ) ਵੀ ਅਕਾਲ ਬਣਾ ਦਿੰਦਾ ਹੈ। ਇਸ ਦੀ ਦੂਜੀ ਅਵਸਥਾ ਇਹ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਭਾਵ - 'ਮਨ ਜੀਤੇ ਜਗ ਜੀਤ' ਇਤਿਆਦਿਕ ਬਾਣੀ ਦੇ ਫੁਰਮਾਨ ਸਾਨੂੰ ਮਿਲਦੇ ਹਨ ਕਿ ਕਿਵੇਂ ਇਹ ਮਨ ਦੀ ਗਤੀਸ਼ੀਲਤਾ ਨੂੰ ਰੋਕ ਕੇ ਅਮਨ ਕੀਤਾ ਜਾ ਸਕਦਾ

ਹੈ। ਕਿਵੇਂ ਇਹ ਨਿਜ ਘਰਿ ਵਿਚ ਟਿਕ ਕੇ ਜੀਵ ਨੂੰ ਅਮਰ ਅਵਸਥਾ ਦਾ ਧਾਰਨੀ ਬਣਾਉਣ ਵਿਚ ਮਦਦ ਕਰਦਾ ਹੈ।

ਇਸ ਚਲਾਇਮਾਨ ਸੰਸਾਰ ਵਿਚ ਚੌਥਾ ਗਤੀਸ਼ੀਲ ਇਸ ਦਾ ਸਰੀਰ ਹੈ ਜਿਸਨੂੰ ਹੋਰਨਾਂ ਜੂਨੀਆਂ ਵਿਚ ਘੁੰਮ ਕੇ ਹੁਣ ਮਨੁੱਖ ਦੇਹੀ ਪ੍ਰਾਪਤ ਹੋਈ ਹੈ। ਇਹ ਵੀ ਗਤੀਸ਼ੀਲ ਹੈ, ਬਦਲਦੀ ਰਹਿੰਦੀ ਹੈ ਜਿਵੇਂ ਕਿ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥*
*ਅੰਗ- ੧੪੨੮*

ਪਹਿਲਾਂ ਬਚਪਨ ਹੈ, ਫਿਰ ਜੁਆਨੀ ਚੜ੍ਹਦੀ ਹੈ ਤੇ ਫਿਰ ਬੁਢੇਪੇ ਵਾਲੀ ਅਵਸਥਾ ਇਹ ਸਰੀਰ ਧਾਰਨ ਕਰਦਾ ਹੈ। ਸਮੇਂ ਦੀ ਚਾਲ ਨਾਲ ਇਸ ਦਾ ਨਾਪ ਤੋਲ ਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ*
*ਸਠੀ ਕੇ ਬੋਢੇਪਾ ਆਵੈ ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਢੰਢੋਲਿਮੁ ਢੂਢਿਮੁ ਡਿਠੁ ਮੈ*
*ਨਾਨਕ ਜਗੁ ਧੂਏ ਕਾ ਧਵਲਹਰੁ ॥ ਅੰਗ - ੧੩੮*

ਪਰ ਉਪਰੋਕਤ ਪੜਾਵਾਂ ਵਿਚੋਂ ਦੀ ਲੰਘਦਿਆਂ ਇਸ ਨੂੰ ਜੋ ਅੰਗ ਮਿਲੇ ਹੁੰਦੇ ਹਨ ਉਹ ਵੀ ਘਟਦੇ-ਘਟਦੇ ਇਕ ਦਿਨ ਬਲਹੀਣ ਹੋ ਜਾਂਦੇ ਹਨ -

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ - ੧੩੮੧*

ਜਦੋਂ ਦੁਨੀਆਂ 'ਤੇ ਆਇਆ ਸੀ, ਉਦੋਂ ਅੰਗ ਤਾਂ ਨਰੋਏ ਲੈ ਕੇ ਆਇਆ ਪਰ ਜਾਣ ਤੋਂ ਪਹਿਲਾਂ ਇਹ ਵੀ ਖਸਤਾ ਹੋ ਗਏ -

*ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥*
*ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥*
*ਅੰਗ - ੧੪੨੮*

ਆਹ ਅਵਸਥਾ ਮਿਲ ਗਈ। ਫਿਰ ਵੀ ਮਹਾਰਾਜ ਕਹਿੰਦੇ ***'ਤਊ ਨ ਹਰਿ ਰਸਿ ਲੀਨ॥'***

ਸਮਾਂ, ਕਰਮ, ਮਨ ਤੇ ਸਰੀਰ ਸਭ ਗਤੀ ਵਿਚ ਹਨ। ਚਲਾਇਮਾਨ ਹਨ। ਹੁਣ ਇਸ ਦਿਸਦੇ ਸੰਸਾਰ ਵਿਚ ਹੋਰ ਕੁਝ ਵੀ ਬਾਕੀ ਹੈ ਜੋ ਬਦਲਾਅ ਵਿਚ ਹੈ, ਜੋ ਪਰਿਵਰਤਨਸ਼ੀਲ ਹੈ, ਉਹ ਹੈ ਮੌਸਮ। 6 ਰੁੱਤਾਂ ਭਾਰਤ ਵਰਸ਼ ਵਿਚ ਮੰਨੀਆਂ ਗਈਆਂ ਹਨ। ਭੌਤਿਕ ਸਥਿਤੀ ਅਨੁਸਾਰ ਇਹ ਮੌਸਮ ਅਲੱਗ-ਅਲੱਗ ਖਿਤਿਆਂ ਵਿਚ ਆਪਣੇ ਕੁਦਰਤੀ ਨਿਯਮਾਂ ਅਨੁਸਾਰ ਬਦਲਾਅ ਵਿਚ ਹਨ। ਇਨ੍ਹਾਂ ਬਦਲਦੇ ਮੌਸਮਾਂ ਦਾ ਪ੍ਰਭਾਵ ਇਸ ਮਨੁੱਖਾ ਮਨ 'ਤੇ ਵੀ ਪੈਂਦਾ ਹੈ ਜਿਸ ਨਾਲ ਇਸ ਦੀ ਮਨ ਦੀ ਅਵਸਥਾ ਵਿਚ ਵੀ ਬਦਲਾਅ ਆਉਂਦਾ ਹੈ। ਅਤਿ ਦੀ ਸਰਦੀ ਲੰਘ ਰਹੀ ਹੈ। ਮੌਸਮ ਆਪਣੀ ਨਿੱਘ ਅਵਸਥਾ ਵਲ ਨੂੰ ਵਧ ਰਿਹਾ ਹੈ। 'ਬਸੰਤ' ਨੇ ਰੁਮਕਣਾ ਸ਼ੁਰੂ ਕੀਤਾ ਹੈ। ਆਉ, ਇਸ ਚੜ੍ਹਦੀ ਬਸੰਤ ਦਾ ਵਰਤਾਰਾ ਸਾਡੇ ਮਨਾਂ ਨੂੰ ਕਿਵੇਂ ਦਾ ਉਤਸ਼ਾਹ ਖੇੜਾ ਦਿੰਦਾ ਹੈ। ਇਹ ਮੌਸਮ ਕਿਵੇਂ ਬਦਲ ਕੇ ਸਾਡੇ ਮਨਾਂ ਨੂੰ ਬਦਲਦਾ ਹੈ। ਸਤਿਗੁਰੂ ਬਖਸ਼ਿਸ਼ ਕਰਨ ਇਸ ਦੀ ਵੀਚਾਰ ਅਗਲੇ ਮਾਰਚ ਅੰਕ ਵਿਚ ਕੀਤੀ ਜਾਵੇਗੀ। ਇਸ ਜੀਵ ਦੀ ਇਹ ਅਵਸਥਾ ਕਿਵੇਂ ਬਣਦੀ ਹੈ ਇਸ ਦਾ ਜ਼ਿਕਰ ਸਾਨੂੰ ਮਹਾਰਾਜ ਬਾਣੀ ਵਿਚ ਕਰਦੇ ਹਨ -

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ਅੰਗ - ੧੧੭੬*

*ਭੁੱਲ ਚੁਕ ਦੀ ਖਿਮਾ*
*ਭਾਈ (ਡਾ.) ਸੁਖਵਿੰਦਰ ਸਿੰਘ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਫਲਗੁਣਿ
# ਸੰਗਰਾਂਦ-ਫਰਵਰੀ 13 (ਦਿਨ ਸੋਮਵਾਰ)

*ਪ੍ਰੋ. ਸਾਹਿਬ ਸਿੰਘ ਜੀ*

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥**
**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥**
**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥**
**ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥**
**ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥**
**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥**
**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥**
**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥**
**ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥ ੧੩ ॥**

ਅੰਗ- ੧੩੫

**ਪਦ ਅਰਥ –** ਫਲਗੁਣਿ-ਫੱਗਣ (ਮਹੀਨੇ) ਵਿਚ। ਉਪਾਰਜਨਾ-ਉਪਜ, ਪ੍ਰਕਾਸ਼। ਸਹਾਈ ਰਾਮ ਕੇ -ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ। ਸੇਜ-ਹਿਰਦਾ। ਜਾਇ-ਥਾਂ= ਵਰੁ-ਖਸਮ, ਪ੍ਰਭੂ। ਗਾਵਹੀ-ਗਾਵਹਿ, ਗਾਂਦੀਆਂ ਹਨ। ਮੰਗਲੁ-ਖੁਸ਼ੀ ਦਾ ਗੀਤ, ਆਤਮਕ ਅਨੰਦ ਪੈਦਾ ਕਰਨ ਵਾਲਾ ਗੀਤ, ਸਿਫ਼ਤਿ-ਸਾਲਾਹ ਦੀ ਬਾਣੀ। ਅਲਾਇ-ਉਚਾਰ ਕੇ, ਅਲਾਪ ਕੇ। ਦਿਸਈ-ਦਿਸਦਾ। ਲਵੈ-ਨੇੜੈ। ਲਵੈ ਲਾਉਣੇ-ਨੇੜੇ ਤੇੜੇ ਇਰਦ-ਗਿਰਦ। ਲਵੈ ਨਾ ਲਾਇ-ਲਵੈ ਲਾਉਣੇ ਨਹੀਂ, ਨੇੜੇ ਤੇੜੇ ਦਾ ਨਹੀਂ, ਬਰਾਬਰੀ ਕਰਨ ਜੋਗਾ ਨਹੀਂ। ਹਲਤੁ-ਇਹ ਲੋਕ। ਪਲਤੁ-ਪਰ ਲੋਕ। ਸਵਾਰਿਓਨੁ-ਉਸ (ਪ੍ਰਭੂ) ਨੇ ਸਵਾਰ ਦਿਤਾ। ਦਿਤੀਅਨੁ-ਉਸ (ਪ੍ਰਭੂ) ਨੇ ਦਿਤੀ। ਜਾਇ-ਥਾਂ। ਤੇ-ਤੋਂ। ਰਖਿਅਨੁ-ਉਸ (ਹਰੀ) ਨੇ ਰੱਖ ਲਏ। ਧਾਇ-ਧਾਈ, ਭਟਕਣਾ। ਪਾਇ-ਪੈ ਕੇ। ਤਿਲੁ-ਰਤਾ ਭੀ। ਤਮਾਇ-ਤਮ੍ਹਾ, ਲਾਲਚ।

ਅਰਥ – (ਸਿਆਲੀ ਰੁੱਤ ਦੀ ਕਰੜੀ ਸਰਦੀ ਪਿਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖੁਸ਼ੀਆਂ ਮਨਾਂਦੇ ਹਨ) ਪਰ ਫੱਗਣ ਵਿਚ (ਉਹਨਾਂ ਜੀਵ ਇਸਤ੍ਰੀਆਂ ਦੇ ਅੰਦਰ) ਆਤਮਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪ੍ਰਤੱਖ ਆ ਵਸਦਾ ਹੈ। ਪ੍ਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦੇਂਦੇ ਹਨ। ਉਹਨਾਂ ਦੀ ਹਿਰਦਾ-ਸੇਜ ਸੁੰਦਰ ਬਣ ਜਾਂਦੀ ਹੈ, ਉਹਨਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਹਨਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ। ਉਹਨਾਂ ਵਡਭਾਗਣ ਜੀਵ-ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਉਹਨਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ। ਉਹ ਸਤਿਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪ੍ਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿਸਦਾ ਹੀ ਨਹੀਂ।

ਉਸ ਪ੍ਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿਤਾ ਹੈ, ਉਹਨਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖਸ਼ੀ ਹੈ ਜੋ ਕਦੇ ਡੋਲਦੀ ਹੀ ਨਹੀਂ। ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਉਹਨਾਂ

ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਹਨਾਂ ਦੀ ਦੌੜ ਭੱਜ ਨਹੀਂ ਹੁੰਦੀ।

ਹੇ ਨਾਨਕ! (ਆਖ) - ਸਾਡੀ ਇਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀਂ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ) ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ ਸਮੁੰਦਰ ਤੋਂ) ਤਰ ਜਾਂਦੇ ਹਨ।

ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿਕ ਵਿਚੋਂ ਆਨੰਦ ਲੱਭਣ ਦੇ ਥਾਂ) ਸਦਾ ਉਸ ਪ੍ਰਮਾਤਮਾ ਦੀ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ)।

**ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥**
**ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥**
**ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥**
**ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥**
**ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥**
**ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥**
**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ ॥**

ਅੰਗ- ੧੩੬

ਪਦ ਅਰਥ - ਜਿਨਿ-ਜਿਸ (ਮਨੁੱਖ) ਨੇ। ਸਰੇ-ਨੇਪਰੇ ਚੜ੍ਹ ਜਾਂਦੇ ਹਨ। ਖਰੇ-ਸੁਰਖਰੂ। ਦਰਗਹ ਸਚਿ-ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ। ਨਿਧਿ-ਖਜ਼ਾਨਾ। ਭਉਜਲੁ-ਸੰਸਾਰ-ਸਮੁੰਦਰ। ਬਿਖਮੁ-ਔਖਾ। ਤਿਨ-ਉਹਨਾਂ (ਬੰਦਿਆਂ) ਨੇ। ਬਿਖਿਆ-ਮਾਇਆ। ਜਰੇ-ਸੜਦੇ। ਕੂੜ-ਵਿਅਰਥ ਝੂਠੇ ਲਾਲਚ। ਦੁਬਿਧਾ-ਦੁਚਿੱਤ ਪਨ, ਮਨ ਦੀ ਭਟਕਣਾ। ਸਚਿ-ਸੱਚੇ ਪ੍ਰਭੂ ਵਿਚ। ਭਰੇ-ਟਿਕੇ ਰਹਿੰਦੇ ਹਨ। ਧਰੇ-ਧਰਿ, ਧਰ ਕੇ। ਮਾਹ-ਮਹੀਨੇ। ਦਿਵਸ-ਦਿਹਾੜੇ। ਮੂਰਤ-ਮੁਹੂਰਤ। ਜਿਨ ਕਉ-ਜਿਨ੍ਹਾਂ ਉਤੇ। ਹਰੀ-ਹੇ ਹਰੀ।

ਅਰਥ - ਜਿਸ-ਜਿਸ ਮਨੁੱਖ ਨੇ ਪ੍ਰਮਾਤਮਾ ਦਾ ਨਾਮ ਜਪਿਆ ਹੈ, ਉਹਨਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ, ਜਿਨ੍ਹਾਂ ਨੇ ਪ੍ਰਭੂ ਨੂੰ ਪੂਰੇ ਗੁਰੂ ਨੂੰ ਆਰਾਧਿਆ ਹੈ, ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਸੁਰਖਰੂ ਹੁੰਦੇ ਹਨ। ਪ੍ਰਭੂ ਦੇ ਚਰਨ ਹੀ ਸਾਰੇ ਸੁਖਾਂ ਦਾ ਖਜ਼ਾਨਾ ਹਨ, (ਜਿਹੜੇ ਜੀਵ, ਚਰਨੀ ਲੱਗਦੇ ਹਨ, ਉਹ) ਔਖੇ ਸੰਸਾਰ-ਸਮੁੰਦਰ ਵਿਚੋਂ (ਸਹੀ-ਸਲਾਮਤ) ਪਾਰ ਲੰਘ ਜਾਂਦੇ ਹਨ, ਉਹਨਾਂ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਪ੍ਰਾਪਤ ਹੁੰਦੀ ਹੈ, ਮਾਇਆ ਦੀ ਤ੍ਰਿਸ਼ਨਾ-ਅੱਗ ਵਿਚ ਉਹ ਨਹੀਂ ਸੜਦੇ। ਉਹਨਾਂ ਦੇ ਵਿਅਰਥ ਝੂਠੇ ਲਾਲਚ ਖਤਮ ਹੋ ਜਾਂਦੇ ਹਨ, ਉਹਨਾਂ ਦੇ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਉਹ ਮੁਕੰਮਲ ਤੌਰ ਤੇ ਸਦਾ-ਥਿਰ ਹਰੀ ਵਿਚ ਟਿਕੇ ਰਹਿੰਦੇ ਹਨ, ਉਹ ਆਪਣੇ ਮਨ ਵਿਚ ਇਕੋ ਪਰਮ ਜੋਤਿ ਪ੍ਰਮਾਤਮਾ ਨੂੰ ਵਸਾ ਕੇ ਸਦਾ ਉਸ ਨੂੰ ਸਿਮਰਦੇ ਹਨ।

ਜਿਨ੍ਹਾਂ ਉਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤਿ ਦੇਂਦਾ ਹੈ) ਉਹਨਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮਹੂਰਤ ਸੁਲੱਖਣੇ ਹਨ (ਸੰਗਰਾਂਦ ਆਦਿਕ ਦੀ ਪਵਿੱਤਰਤਾ ਦੇ ਭਰਮ-ਭੁਲੇਖੇ ਉਹਨਾਂ ਨੂੰ ਨਹੀਂ ਪੈਂਦੇ) ਹੇ ਹਰੀ! (ਮੇਰੇ ਉਤੇ) ਮਿਹਰ ਕਰ, ਮੈਂ ਨਾਨਕ (ਤੇਰੇ ਦਰ ਤੋਂ ਤੇਰੇ) ਦੀਦਾਰ ਦੀ ਦਾਤਿ ਮੰਗਦਾ ਹਾਂ।

# ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਫਿਰਦੇ-ਫਿਰਦੇ ਨੂੰ ਬੀਤੇ ਜੁਗ ਬਹੁਤੇ,*
*ਚਰਨੀਂ ਆਪਣੀ ਲਾ ਲੈ ਮਾਲਕਾ।*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਆਪ ਦੂਰ-ਦਰਾਜ਼ ਤੋਂ ਹਰ ਹਫ਼ਤੇ ਬਹੁਤੀ ਗਰਮੀ ਨੂੰ ਸਹਾਰਦੇ ਹੋਏ ਤਪ ਕਰ ਰਹੇ ਓ, ਜਿਸ ਨੂੰ ਸਹਿਜ ਤਪ ਆਖਿਆ ਜਾਂਦਾ ਹੈ। ਤਪ ਦਾ ਫਲ ਆਪਣਾ ਹੋਇਆ ਕਰਦਾ ਹੈ। ਸਤਿਸੰਗ ਰੂਪੀ ਤਪ ਦਾ ਜੋ ਫਲ ਹੈ ਇਹਦਾ ਕੋਈ ਦੁਨੀਆਂ 'ਚ ਮੁਕਾਬਲਾ ਨਹੀਂ ਕਰ ਸਕਦਾ। ਚਿੱਤ ਬਿਰਤੀ ਇਕਾਗਰ ਕਰਕੇ ਜੇ ਸਤਿਸੰਗ ਰੂਪੀ ਤਪ ਕਰ ਲਿਆ ਜਾਵੇ ਤਾਂ ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਭਾਗਾਂ ਵਾਲੇ ਨੇ ਉਹ ਪੁਰਸ਼ ਜਿਨ੍ਹਾਂ ਨੂੰ ਕਲਯੁੱਗ ਦੇ ਅੰਦਰ ਸਤਿਸੰਗ ਪ੍ਰਾਪਤ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਬਹੁਤ ਸਾਰੇ ਬਚਨ ਆਪ ਸਰਵਣ ਕਰ ਰਹੇ ਸੀ ਮੇਰੇ ਆਉਣ ਤੋਂ ਪਹਿਲਾਂ। ਗੁਰੂ ਤੇ ਪ੍ਰਮੇਸ਼ਰ ਇਕ ਹੋਇਆ ਕਰਦੇ ਨੇ। ਇਹ ਗੱਲ ਮਨ ਵਿਚ ਵਸਾ ਲੈਣੀ ਚਾਹੀਦੀ ਹੈ। ਕਿਉਂਕਿ ਵਾਹਿਗੁਰੂ ਤਾਂ ਹੈ ਸਾਰੇ ਹੀ। ਕੋਈ ਚੀਜ਼ ਵੀ ਐਸੀ ਨਹੀਂ ਜਿਹੜੀ ਪ੍ਰਮੇਸ਼ਰ ਤੋਂ ਬਾਹਰ ਹੋਵੇ। ਪਰ ਉਸਦਾ ਜੋ ਸ਼ੁੱਧ ਸਰੂਪ ਹੈ ਪ੍ਰਭੂ ਦਾ, ਆਪਣਾ ਨਿਜ ਸਰੂਪ, ਜਿਹਦੇ ਉਤੇ ਮਾਇਆ ਦਾ ਪਰਛਾਵਾਂ ਨਹੀਂ ਪੈਂਦਾ, ਦੋਵੇਂ ਪਾਸੇ ਇਕੋ ਜਿਹਾ ਨਜ਼ਰ ਆਉਂਦਾ ਹੈ। ਇਹ ਦੋਵੀਂ ਪਾਸੀਂ, ਮੈਂ ਤਾਂ ਕਹਿੰਦਾ ਹਾਂ, ਕਿ ਹੈ ਤਾਂ ਪ੍ਰਮੇਸ਼ਰ ਹੀ ਸਾਰੇ। ਇਕ ਜੇ ਕਾਤਲ ਹੈ, ਕੋਈ ਗਊਆਂ ਮਾਰ ਰਿਹੈ। ਬੰਦਿਆਂ ਨੂੰ ਮਾਰ ਰਿਹੈ। ਡਾਕੇ ਮਾਰ ਰਿਹੈ। ਉਹਦਾ ਜਿਹੜਾ ਸੱਤਾ ਦਾ ਸਰੂਪ ਹੈ, ਉਹ ਤਾਂ ਵਾਹਿਗੁਰੂ ਦਾ ਹੈ। ਜਿਹੜਾ ਦੂਜਾ ਮਾਇਆ ਦਾ (mixture) ਰਲਣ ਕਰਕੇ ਉਹ ਬਹੁਤ ਕਰੂਪ ਹੋ ਗਿਆ। ਸ਼ੁੱਧ ਸਰੂਪ ਨਾ ਰਿਹਾ। ਇਸ ਸਰਗੁਣ ਦੇ ਵਿਚ ਜੋ ਸ਼ੁੱਧ ਸਰੂਪ ਹੈ ਵਾਹਿਗੁਰੂ ਜੀ ਦਾ, ਉਹ ਹੈ ਗੁਰੂ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ- ੪੪੨*

ਵਿਸ਼ਵਾਸ਼ ਲਿਆਓ ਕਿ ਗੁਰੂ ਤੇ ਗੋਬਿੰਦ ਦੋ ਨਹੀਂ ਹੁੰਦੇ। ਬੜੀ ਅਜੀਬ ਬਾਤ ਹੈ ਕਿ ਭਜਨ ਕਰਨ ਵਾਲਿਆਂ ਨੂੰ ਬੰਦਗੀ ਕਰਨ ਵਾਲਿਆਂ ਨੂੰ ਇਹਦੇ ਵਿਚ ਬਹੁਤ ਅੜਿੱਕਾ ਲਗ ਜਾਂਦਾ ਹੈ। ਕਿਉਂਕਿ ਗੁਰੂ ਨੂੰ ਤੇ ਗੋਬਿੰਦ ਨੂੰ ਅਸੀਂ ਅੱਡ-ਅੱਡ ਸਮਝੀ ਜਾਂਦੇ ਹਾਂ। ਗੁਰੂ ਗੋਬਿੰਦ ਦਾ ਹੀ ਰੂਪ ਹੋਇਆ ਕਰਦੇ ਨੇ। ਭਾਗਾਂ ਵਾਲੇ ਨੇ ਜਿਹੜੇ ਗੁਰੂ ਦਾ ਦਰਸ਼ਨ ਕਰ ਲੈਂਦੇ ਨੇ। ਗੁਰੂ ਨਿਰਾ ਹੀ ਪਿਆਰ ਹੋਇਆ ਕਰਦੈ। ਵਾਹਿਗੁਰੂ ਵੀ ਨਿਰਾ ਹੀ ਪਿਆਰ ਹੈ। ਗੁਰੂ ਦਸ਼ਮੇਸ਼ ਪਿਤਾ ਲਿਖਦੇ ਨੇ ਕਿ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਚਾਰੇ ਹੀ ਸੀਮਤਾਂ ਦੇ ਅੰਦਰ, ਜਿਧਰ ਵੀ ਸਾਡੀ ਨਜ਼ਰ ਜਾਂਦੀ ਹੈ ਵਾਹਿਗੁਰੂ ਜੀ ਸਾਰੇ ਪਾਸੇ ਪਿਆਰ ਦਾ ਸਰੂਪ ਹੋ ਕੇ ਫੈਲੇ ਹੋਏ ਨੇ। ਉਸ ਸਰੂਪ ਦੇ ਵਿਚ ਹੀ ਸਾਰੇ ਕਾਰਜ ਕਰ ਰਹੇ ਨੇ। ਉਹ ਸਦਾ ਹੀ ਮਿਹਰਵਾਨ ਹੈ -

*ਮਿਹਰਵਾਨੁ ਸਾਹਿਬੁ ਮਿਹਰਵਾਨੁ ॥*
*ਸਾਹਿਬੁ ਮੇਰਾ ਮਿਹਰਵਾਨੁ ॥ ਅੰਗ- ੭੨੪*

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ- ੨੭੫*

ਜਿਹਦੇ ਨਾਲ ਰਿਸ਼ਤਾ ਕਾਇਮ ਕਰਨੈ ਪਹਿਲਾਂ ਉਹਦਾ ਸੁਭਾਅ ਸਮਝਣਾ ਚਾਹੀਦੈ। ਉਹ ਦਇਆਲ ਹੈ, ਪਿਆਰ ਹੈ। ਹੋਰ ਕੋਈ ਤਰੀਕਾ ਨਹੀਂ ਉਹਨਾਂ ਨੂੰ ਮਿਲਣ

ਦਾ। ਬਾਕੀ ਤਾਂ ਮਾਨਸਿਕ ਕਿਰਿਆ (exercise) ਹੁੰਦੀਆਂ ਨੇ, ਇਹ ਵੀ ਧਿਆਨ ਰੱਖਿਓ। ਜਿਹੜਾ ਅਸੀਂ ਕਹਿੰਦੇ ਹਾਂ ਕਿ ਤੂੰ ਰਸਨਾ ਨਾਲ ਨਾਮ ਜਪ, ਸਵਾਸ-ਸਵਾਸ ਨਾਮ ਜਪ, ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਜਪ, ਤ੍ਰਿਕੁਟੀ 'ਚ ਨਾਮ ਜਪ, ਦਸਵੇਂ ਦੁਆਰ 'ਚ ਨਾਮ ਜਪ, ਇਹ ਇਕ ਸਾਧਨ ਪੱਖ ਹੈ। ਇਹਦੇ ਵਿਚ ਆਦਮੀ ਕਰ ਲੈਂਦੈ। ਪਿਛਲੇ ਕਿਸੇ ਦੀਵਾਨ 'ਚ ਮੈਂ ਦਸਿਆ ਸੀ ਕਿ ਪ੍ਰਾਣਾਂ ਦੇ ਬਲ ਨਾਲ ਰੀੜ੍ਹ ਦੀ ਹੱਡੀ ਦਾ ਜੋ ਰਸਤਾ ਹੈ, ਹੇਠਾਂ ਤੋਂ ਲੈ ਕੇ, ਇਹਦੇ ਵਿਚ ਮੇਰੂ ਹੈ, ਵਾਲ ਤਾਂ ਮੋਟਾ ਹੁੰਦਾ ਹੈ, ਵਾਲ ਤੋਂ ਵੀ ਬਹੁਤ ਘੱਟ ਆਕਾਰ ਵਾਲਾ ਇਕ ਮੇਰੂ ਹੈ ਇਹਦੇ ਵਿਚ ਜਿਹੜਾ ਦਸਵੇਂ ਦੁਆਰ ਤਕ ਪਹੁੰਚਦੈ। ਪਰ ਉਹ ਛੇ ਥਾਵਾਂ ਤੋਂ ਰੁਕਿਆ ਹੋਇਐ। ਪੁਰਾਣੇ ਜ਼ਮਾਨੇ ਦੇ ਸਾਧਕ ਜਿਹੜੇ ਸੀ ਉਹ ਪ੍ਰਾਣਾਯਾਮ ਦੀ ਗਰਮੀ ਦੇ ਨਾਲ ਮੇਰੂਦੰਡ ਖੋਲ੍ਹਦੇ ਸੀ, ਉਹਦੇ ਉਤੇ ਇਕ ਨਾੜੀ ਜਿਹਨੂੰ ਭੁਝੰਗਾ ਨਾੜੀ ਕਹਿੰਦੇ ਨੇ, ਉਹ ਸੱਪ ਦੇ ਮੂੰਹ ਵਰਗੀ ਹੈ, ਉਹ ਇਹਨੂੰ ਵਿਚ ਲਈ ਬੈਠੀ ਹੈ। ਅਪਾਨ ਵਾਯੂ ਤੇ ਪ੍ਰਾਣ ਵਾਯੂ ਦੋ ਸਾਡੇ ਅੰਦਰ ਪ੍ਰਾਣ ਨੇ; ਪ੍ਰਾਣ ਵੈਸੇ ਤਾਂ ਪੰਜ ਨੇ। ਉਹਨਾਂ ਦੀ ਗਰਮੀ ਦੇ ਕੇ ਉਹਨੂੰ ਢਿੱਲਾ ਕਰ ਲੈਂਦੇ, ਹੌਲੀ-ਹੌਲੀ ਸਵਾਸ ਦੇ ਬਲ ਨਾਲ ਇਹਨੂੰ ਲਾਂਭੇ ਲਾਹ ਦਿੰਦੇ ਨੇ। ਮੇਰੂਦੰਡ 'ਚ ਸਵਾਸ ਦਾਖਲ ਕਰ ਲੈਂਦੇ ਸੀ। ਪਹਿਲਾ ਚੱਕਰ ਮੂਲਧਾਰ ਚੱਕਰ ਆਉਂਦਾ ਹੈ, ਇਥੇ ਹੀ ਕੁੰਡਲਨੀ ਹੈ, ਦੂਸਰਾ ਜਿਹੜਾ ਸੀ ਉਹ ਸਵਾਧਿਸ਼ਠਾਨ ਹੈ, ਚੌਥਾ ਹਿਰਦਾ ਚੱਕਰ ਹੈ। ਪੰਜਵਾਂ ਕੰਠ ਚੱਕਰ ਹੈ ਵਿਸ਼ੁਧ ਚੱਕਰ ਜਿਹਨੂੰ ਕਹਿੰਦੇ ਨੇ। ਛੇਵਾਂ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਜਿੱਥੇ ਉਥੇ ਆਖਰੀ ਚੱਕਰ ਹੈ, ਉਹਨੂੰ ਆਗਿਆ ਚੱਕਰ ਕਹਿੰਦੇ ਨੇ। ਉਹਦੇ ਵਿਚੀਂ ਹੌਲੀ-ਹੌਲੀ ਪ੍ਰਾਣ ਲੰਘਾ-ਲੰਘਾ ਕੇ ਤ੍ਰਿਕੁਟੀ 'ਚ ਲੈ ਜਾਂਦੇ ਸੀ। ਫੇਰ ਜੁਗਤ ਦੇ ਨਾਲ ਤ੍ਰਿਕੁਟੀ ਤੋੜਦੇ ਸੀ। ਫੇਰ ਸਹੰਸਰਾਰ ਦਲ ਦੇ ਵਿਚ ਪ੍ਰਾਣ ਚਲੇ ਜਾਂਦੇ ਸੀ। ਉਥੇ ਬੇਅੰਤ ਸ਼ਕਤੀਆਂ ਨੇ, ਉਸੇ 'ਚ ਭੁੱਲ ਜਾਂਦੇ ਸੀ ਸਾਰੇ। ਫੇਰ ਕਿਸੇ-ਕਿਸੇ ਦੇ ਦਸਮ ਦੁਆਰ 'ਚ, ਗਗਨ ਮੰਡਲ 'ਚ ਪ੍ਰਾਣ ਠਹਿਰ ਜਾਇਆ ਕਰਦੇ ਸੀ। ਗੁਰੂ ਮਹਾਰਾਜ ਨੇ ਇਸ ਕਿਰਿਆ (exercise) ਨੂੰ ਸਿੱਧਾਂ ਦੇ ਨਾਲ ਬਹੁਤ ਲੰਮੀ ਚੌੜੀ ਚਰਚਾ ਕਰਨ ਤੋਂ ਬਾਅਦ ਫੁਰਮਾਨ ਕੀਤਾ ਕਿ ਸਿੱਧੋ! ਠੀਕ ਹੈ ਤੁਹਾਡਾ ਰਸਤਾ ਇਹ ਹੈ, ਪਰ ਕਲਜੁਗ ਦੇ ਸਮੇਂ ਦੇ ਅੰਦਰ ਆਚਾਰ, ਵਿਹਾਰ ਤੇ ਵਿਚਾਰ ਆਦਮੀ ਦੇ ਸ਼ੁੱਧ ਨਹੀਂ ਰਹੇ। ਬਚਪਨ ਤੋਂ ਇਹ polute (ਗੰਧਲਾ) ਹੋ ਜਾਂਦੇ ਨੇ। ਬ੍ਰਹਮਚਰੀਆ ਕਿਸੇ ਦਾ ਵੀ ਕਾਇਮ ਨਹੀਂ ਰਹਿੰਦਾ। ਭੋਗਾਂ ਦੇ ਵਿਚ ਪਈ ਹੋਈ ਦੁਨੀਆਂ ਆਪਣੇ ਸਰੀਰ ਦਾ ਨਾਸ਼ ਕਰ ਰਹੀ ਹੈ। ਇਸ ਕਰਕੇ ਜਿਹੜੀ ਇਹਨਾਂ ਨੂੰ ਚੀਜ਼ ਚਾਹੀਦੀ ਹੈ। ਜਿਹੜੀ ਦਿਮਾਗ ਨੂੰ ਸ਼ਕਤੀ ਦਿੰਦੀ ਹੈ, ਜਿਸ ਨੂੰ ਸੀਮਨ ਕਹਿੰਦੇ ਨੇ, ਉਹ ਇਹ ਜ਼ਾਇਆ ਕਰ ਦਿੰਦੇ ਨੇ। ਪਤਿਤ ਹੋ ਜਾਂਦੇ ਨੇ ਤੇ ਜਿਹੜਾ ਇਸ ਰਸਤੇ ਦੇ ਉਤੇ ਚੱਲਣ ਵਾਲਾ ਹੈ -

*ਸੁਪਨੈ ਬਿੰਦੁ ਨ ਦੇਈ ਝਰਨਾ॥ ਅੰਗ - ੧੧੬੦*

ਸੁਪਨੇ ਦੇ ਵਿਚ ਵੀ ਬਿੰਦ ਨਾ ਝਰਨ ਦੇਣਾ। ਕਹਿੰਦੇ, ਕਲਜੁਗ 'ਚ ਹੈ ਕੋਈ ਇਹੋ ਜਿਹਾ ਬੰਦਾ? ਇਥੇ ਨੰਗਾ ਹੋ ਕੇ ਕਲਜੁਗ ਨੇ ਨੱਚਣੈਂ। ਅਜੇ ਸਾਡੇ ਤਾਂ ਸੁਖ ਸਾਂਦ ਹੈ। ਬਾਹਰ ਜਾ ਕੇ ਦੇਖੋ, ਆਹ ਟੈਲੀਵੀਜ਼ਨ ਹੀ ਲਾ ਕੇ ਦੇਖ ਲਿਆ ਕਰੋ, ਕੀ ਹੁੰਦੈ ਉਸ 'ਚ। ਕਲਜੁਗ ਨੰਗਾ ਨਾਚ ਕਰ ਰਿਹੈ। ਕਹਿੰਦੇ, ਕਿਹੜਾ ਹੈ ਜਿਹੜਾ ਸਾਬਤ ਰਹਿ ਜਾਏਗਾ। ਇਸ ਕਰਕੇ ਰਸਤਾ ਉਹ ਚਾਹੀਦੈ, ਜਿਹੜਾ ਐਨੇ ਦੂਸ਼ਿਤ ਹੋਏ-ਹੋਏ ਖਿਆਲਾਂ ਵਿਚੋਂ ਵੀ ਪ੍ਰਮੇਸ਼ਰ ਤਕ ਪਹੁੰਚਾ ਦੇਵੇ। ਤੁਹਾਡੇ ਤੇ ਸਾਡੇ ਰਸਤੇ ਵਿਚ ਜਿਹੜਾ ਫਰਕ ਹੈ, ਅਸੀਂ ਸੁਰਤਿ ਨੂੰ ਸਬਦਿ ਦੇ ਨਾਲ ਲਾਉਂਦੇ ਹਾਂ। ਇਕੱਲੀ ਸੁਰਤਿ ਨਹੀਂ ਲਾਉਂਦੇ, ਸੁਰਤਿ ਦੇ ਅੰਦਰ ਪਿਆਰ ਪੈਦਾ ਕਰਦੇ ਹਾਂ। ਇਕੱਲੀ ਸੁਰਤਿ ਲਾਉਣ ਦੇ ਵਿਚ ਰਸ ਹੀ ਨਹੀਂ ਹੈ, ਉਹਦੇ 'ਚ ਪਿਆਰ ਪੈਦਾ ਕਰਦੇ ਹਾਂ। ਪਿਆਰ ਹੁੰਦੈ, ਹਸਤੀ ਦਾ। ਗੁਰੂ ਦਾ। ਸੋ ਇਸ ਕਰਕੇ ਸਾਡੇ ਮਾਰਗ ਦੇ ਅੰਦਰ ਸਬਦਿ ਸੁਰਤਿ ਦੇ ਰਾਹੀਂ ਧਿਆਨ ਦੇ ਰਾਹੀਂ, ਤੁਹਾਡਾ ਧਿਆਨ ਸੁੰਨ 'ਚ ਲਗਦੈ, ਅਸੀਂ ਆਪਣੇ ਗੁਰਸਿੱਖਾਂ ਨੂੰ ਸੁੰਨ ਦੇ ਵਿਚ ਨਹੀਂ ਧਿਆਨ ਲਾਉਣ ਦਿੰਦੇ। ਅਸੀਂ ਜੀਉਂਦੀ ਜਾਗਦੀ ਹਸਤੀ ਉਹਦੇ ਸਾਮ੍ਹਣੇ ਪੇਸ਼ ਕਰਕੇ ਇਸ ਤਰ੍ਹਾਂ ਨਾਲ ਫੁਰਮਾਇਐ -

*ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ- ੮੬੪*

ਕਹਿਣ ਲੱਗੇ, ਸਿੱਧੋ! ਤੁਹਾਡਾ ਧਿਆਨ ਸੁੰਨ ਵਿਚ ਹੁੰਦੈ। ਸੁੰਨ ਜਿਹੜਾ ਹੈ ਉਹਦੇ ਵਿਚੋਂ ਕੋਈ ਜਵਾਬ ਨਹੀਂ ਆਉਂਦਾ ਤੇ ਸੁੰਨ ਨੂੰ ਧਿਆਉਂਦਾ-ਧਿਆਉਂਦਾ ਆਦਮੀ ਸੁੰਨ ਵਿਚ ਗੁਆਚ ਜਾਂਦੈ। ਸੋ ਕਲਜੁਗ ਦਾ ਸਮਾਂ, ਸੁੰਨ 'ਚ ਗੁਆਚਣ ਨਾਲ ਕੀ ਹੋਏਗਾ, ਹਾਸੋ-ਹੀਣਾ ਹੋ ਜਾਏਗਾ, ਨਾਸਤਕ ਹੋ ਜਾਏਗਾ। ਪ੍ਰਮੇਸ਼ਰ ਦਾ ਪਤਾ ਨਹੀਂ ਲੱਗਣਾ। ਕਿਉਂਕਿ ਵਾਹਿਗੁਰੂ ਬਾਰੇ ਤਾਂ -

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*

*ਅਕਾਲ ਉਸਤਤਿ*

ਜਿਹੜਾ ਐਸੀ ਹਸਤੀ ਹੈ ਉਹਦੇ ਨਾਲ ਸੁਰਤ ਕਿਵੇਂ ਜੁੜੇ। ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ ਹੈ, ਕੇਵਲ ਹੈ ਮਾਤਰ

ਸਮਝਣ ਨਾਲ ਕਿ ਹੈਗਾ, ਸੁਰਤ ਤਾਂ ਜੁੜਦੀ ਨਹੀਂ ਕਿਉਂਕਿ ਸਾਡੀ ਸੁਰਤ ਨੂੰ ਇਕ ਪਾਸਿਓਂ ਮਾਇਆ ਖਿਚਦੀ ਹੈ। ਇਕ ਪਾਸੋਂ ਇਸ ਤਰ੍ਹਾਂ ਸਮਝ ਲਓ, ਕੁਝ ਕੁ (something) ਦਾ ਉਹਨੂੰ ਬਾਅਦ 'ਚ ਪਤਾ ਲਗਣੈ, ਕੁਝ ਕੁ (nothing) ਹੀ ਹੁੰਦੈ ਪਹਿਲਾਂ। ਫੇਰ ਜਿਹੜੀ ਹਸਤੀ ਹੈ ਉਹਨੇ ਖਿੱਚ ਲੈਣੀ ਹੈ। ਜਿਹੜਾ ਕੋਈ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ, ਉਹ ਤਾਂ ਪਹਿਲਾਂ ਸਾਡੀ ਸਮਝ ਵਿਚ ਹੀ ਨਹੀਂ ਆਉਂਦਾ, ਉਹਨੇ ਸੁਰਤ ਨੂੰ ਫੜਨਾ ਕਿੱਥੋਂ ਹੈ? ਕੋਈ ਕੁੰਡਾ ਹੈ ਹੀ ਨਹੀਂ ਉਹਦੇ ਵਿਚ ਜਿਹਨੂੰ ਸੁਰਤ ਫੜ ਲਵੇ। ਸੁਰਤ ਕਿਸੇ ਨੁਕਤੇ 'ਤੇ, ਕਿਸੇ ਹਸਤੀ 'ਤੇ ਟਿਕਿਆ ਕਰਦੀ ਹੈ। ਸੋ ਇਸ ਕਰਕੇ ਇਹ ਜੋ ਤੁਹਾਡਾ ਮਾਰਗ ਹੈ, ਇਹ ਕਠਿਨ ਮਾਰਗ ਹੈ। ਅਸੀਂ ਗੁਰੂ ਦੇ ਪਿੱਛੇ ਲਾਉਂਦੇ ਹਾਂ। ਗੁਰੂ ਦੀ ਭਗਤੀ ਵਿਚ ਲਾਉਂਦੇ ਹਾਂ। ਕਹਿਣ ਲੱਗਿਆ, ਹੇ ਨਾਨਕ! ਜਦੋਂ ਤੁਸੀਂ ਨਹੀਂ ਹੋਵੋਂਗੇ? ਕਹਿੰਦੇ ਗੁਰਮੁਖ ਦੀ ਭਗਤੀ ਹੈ ਫੇਰ। ਗੁਰਮੁਖ ਮਾਰਗ ਅਸੀਂ ਪ੍ਰਚਲਤ ਕਰ ਰਹੇ ਹਾਂ ਤੇ ਜਿਸ ਨੇ ਗੁਰਮੁਖ ਦੀ ਪਦਵੀ ਪ੍ਰਾਪਤ ਕਰ ਲਈ, ਗੁਰਮੁਖ ਨੇ ਆਪਣੇ ਪਿਆਰ ਦੇ ਬਲ ਦੇ ਨਾਲ ਜਗਿਆਸੂ ਨੂੰ ਲੰਘਾਉਣਾ ਹੀ ਲੰਘਾਉਣਾ ਹੈ। ਇਹ ਹੋਰ ਕੋਈ ਤਰੀਕਾ ਨਹੀਂ, ਨਾ ਕੋਈ ਸਾਹ ਖਿੱਚਣ ਨਾਲ, ਨਾ ਪ੍ਰਾਣਾਯਾਮ ਨਾਲ, ਨਾ ਚੱਕਰ ਭੇਦ ਕਰਨ ਨਾਲ। ਦਸਵੇਂ ਦੁਆਰ 'ਚ ਵਾਸਾ ਕਰਨ ਤਕ, ਇਕ ਚੀਜ਼ ਜੇ ਇਹਦੇ ਕੋਲ ਨਹੀਂ ਹੈ ਤਾਂ ਅੱਗੇ ਤਰੱਕੀ ਨਹੀਂ ਹੁੰਦੀ। ਉਹ ਹੈ ਪਿਆਰ। ਗੁਰੂ ਤੇ ਪ੍ਰਮੇਸ਼ਰ ਨੇ ਇਕ ਰੂਪ। ਸੋ ਮਹਾਂਪੁਰਸ਼ਾਂ ਨੇ ਵਿਚਲਾ ਰਸਤਾ ਕੱਢ ਲਿਆ ਕਿ ਇਸ ਤਰ੍ਹਾਂ ਤਾਂ ਨਹੀਂ ਇਹਨਾਂ ਨੇ ਲੰਘਣਾ। ਕਰਮ, ਉਪਾਸ਼ਨਾ, ਗਿਆਨ ਤਿੰਨ ਦਰਜੇ ਨੇ। ਪਹਿਲਾਂ ਆਦਮੀ ਕਰਮਾਂ 'ਚ ਪੈਂਦੈ, ਸ਼ੁਭ ਕਰਮਾਂ 'ਚ। ਨਿਸ਼ਕਾਮ ਕਰਮ ਕਰਦੈ, ਉਹਦੇ ਨਾਲ ਅੰਤਸ਼ਕਰਣ ਦੀ ਮੈਲ ਹਟਦੀ ਹੈ। ਫੇਰ ਵਿਖਸ਼ੇਪਤਾ ਆ ਜਾਂਦੀ ਹੈ, ਹਿਲਜੁਲ ਆ ਜਾਂਦੀ ਹੈ, ਟਿਕਦਾ ਨਹੀਂ ਹੈ ਮਨ ਕਿਤੇ ਵੀ। ਦੌੜਦੈ, ਭੱਜਦੈ। ਫੇਰ ਉਹਨੂੰ ਕੋਈ ਐਸੀ ਚੀਜ਼ ਚਾਹੀਦੀ ਹੈ, ਜਿਹਦੇ ਨਾਲ ਬੱਝ ਜਾਵੇ। ਉਹ ਬੱਝਦੈ ਪਿਆਰ ਨਾਲ, ਗੁਰੂ ਨਾਲ। ਇਕੱਲਾ ਪਿਆਰ ਤਾਂ ਕੁਛ ਵੀ ਨਹੀਂ। ਪਿਆਰ ਕਿਸੇ ਦੇ ਨਾਲ ਹੋਇਆ ਕਰਦੈ। ਇਕੱਲਾ ਪਿਆਰ ਨਹੀਂ ਕੋਈ ਵੀ ਚੀਜ਼ ਹੁੰਦੀ। ਉਹ ਸੰਸਾਰ ਦੇ ਵਿਚ ਕੇਵਲ ਗੁਰੂ ਦੇ ਨਾਲ ਪਿਆਰ ਹੁੰਦੈ। ਗੁਰੂ ਦਾ ਜੋ ਪਿਆਰ ਹੈ, ਉਹ ਸਿੱਖ ਨੂੰ ਆਪਣੇ ਵਲ ਖਿੱਚ ਲੈਂਦੈ। ਕਿਉਂਕਿ ਵਾਹਿਗੁਰੂ ਜਿਹੜਾ ਹੈ ਉਹ ਵੀ ਨਿਰਾ ਹੀ ਪਿਆਰ ਹੈ। ਇਸੇ ਕਰਕੇ ਗੁਰੂ ਦਸ਼ਮੇਸ਼ ਪਿਤਾ ਨੇ ਐਸਾ ਫੁਰਮਾਨ ਕੀਤਾ ਹੈ ਕਿ –

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ,*
*ਤਿਨ ਹੀ ਪ੍ਰਭ ਪਾਇਓ।*

ਸੋ ਪ੍ਰੇਮ ਵਾਹਿਗੁਰੂ ਨਾਲ ਤਾਂ ਹੋ ਨਹੀਂ ਸਕਦਾ, ਮੁਸ਼ਕਲ ਹੈ। ਸ਼ਾਇਦ ਕੋਈ ਪਿਛਲੇ ਜਨਮਾਂ ਦਾ ਜਪੀ ਤਪੀ ਹੋਵੇ, ਉਹ ਕਰ ਲਵੇ ਤਾਂ ਕਰ ਲਵੇ। ਬਾਕੀ ਤਾਂ ਨਹੀਂ ਹੈ। ਬਾਕੀ ਜਿਹੜਾ ਇਹ ਕਹਿ ਦੇਵੇ ਕਿ 'ਅਹੰ ਬ੍ਰਹਮ ਅਸਮੀ ਮੈਂ ਹੀ ਬ੍ਰਹਮ ਹਾਂ। ਅੰਦਰੋਂ ਤਾਂ ਮੈਂ ਖਾਲੀ ਪਿਆ ਹਾਂ। ਇਹ ਸਭ ਵਾਹਿਗੁਰੂ ਹੈ, ਪਰ ਅੰਦਰੋਂ ਤਾਂ ਮੇਰੀ ਹਸਤੀ ਕਾਇਮ ਹੈ। ਕਿਸੇ ਨਾਲ ਜੁੜੀ ਨਹੀਂ ਹੈ, ਕੇਵਲ ਇਹ ਕਹਿਣ ਮਾਤਰ ਨਾਲ ਆਦਮੀ ਦਾ ਉਧਾਰ ਨਹੀਂ ਹੋਇਆ ਕਰਦਾ। ਸਾਧਨਾ ਸੰਪੰਨ ਜਿਸ ਤਰ੍ਹਾਂ ਸੁਰਤ ਫਸੀ ਹੈ, ਇਸੇ ਤਰ੍ਹਾਂ ਸੁਰਤ ਨੂੰ ਵਾਪਸ ਖਿੱਚਿਆ ਜਾਂਦੈ। ਵਾਪਸ ਖਿੱਚਣ ਵਾਸਤੇ, ਪਿਆਰ ਜਿਹੜਾ ਹੈ, ਉਹ ਸਭ ਤੋਂ ਵੱਡਾ ਮੀਡੀਆ ਹੈ ਤੇ ਗੁਰੂ ਮਹਾਰਾਜ ਨੇ ਇਸੇ ਕਰਕੇ ਉੱਚੀ ਅਵਾਜ਼ ਵਿਚ ਕਿਹੈ – ***'ਸਾਚੁ ਕਹੋ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'*** ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ। ਜਿਥੇ ਅਸੀਂ ਪਿਆਰ ਦੀਆਂ ਕਹਾਣੀਆਂ ਸੁਣਦੇ ਹਾਂ। ਮੈਂ ਧਾਰਨਾ ਪੜ੍ਹੀ ਸੀ – 'ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।' ਇਹਦੇ ਉਤੇ ਜੋ ਪੜ੍ਹੇ ਹੋਏ ਲੋਕ ਹਨ, ਜਿਨ੍ਹਾਂ ਨੇ ਅਭਿਆਸ ਕਰਕੇ ਨਹੀਂ ਦੇਖਿਆ। ਕਿਸੇ ਮਹਾਂਪੁਰਸ਼ ਦੀ ਸੰਗਤ ਕਰਕੇ ਸਬਕ ਨਹੀਂ ਲਏ। ਦਰਜਾ–ਬ–ਦਰਜਾ ਉਹਨਾਂ ਨੇ ਆਪਣੀ ਮੰਜ਼ਿਲ ਤਹਿ ਨਹੀਂ ਕੀਤੀ। ਉਹਨਾਂ ਨੂੰ ਨਹੀਂ ਪਤਾ ਕਿ ਇਹ ਕੀ ਗੱਲ ਹੈ। ਉਹ ਇਕ ਗੱਲ ਕਹਿਣਗੇ ਜੀ ਇਹ ਤਾਂ ਬੁੱਤ ਪ੍ਰਸਤੀ ਹੈ। ਬੁੱਤ ਕਹਿੰਦੇ ਨੇ ਸ਼ਕਲ ਨੂੰ। ਸ਼ਕਲ ਦੀ ਪੂਜਾ ਅਸੀਂ ਬਾਲ–ਬੱਚਿਆਂ ਵਿਚ ਵੀ ਪਿਆਰ ਉਹਨਾਂ ਨੂੰ ਕਰਦੇ ਹਾਂ। ਧਨ ਵੀ ਸ਼ਕਲ ਰੱਖਦੈ, ਧਨ ਨਾਲ ਵੀ ਸਾਡਾ ਪਿਆਰ ਹੈ। ਆਪਣੇ ਸਰੀਰ ਨਾਲ ਵੀ ਪਿਆਰ ਹੈ, ਇਸਤਰੀ ਨਾਲ ਵੀ ਪਿਆਰ ਹੈ, ਕਿਸੇ ਨਾ ਕਿਸੇ ਚੀਜ਼ ਨਾਲ ਆਦਮੀ ਦੇ ਹਿਰਦੇ ਵਿਚ ਪਿਆਰ ਹੋਇਆ ਹੀ ਕਰਦੈ। ਕਿਸੇ ਦਾ ਆਪਣੇ ਬਿਜ਼ਨਸ ਨਾਲ।

ਇਕ ਕੋਈ ਜਗਿਆਸੂ ਆਇਆ ਮਹਾਂਪੁਰਸ਼ਾਂ ਦੇ ਪਾਸ, ਮਹਾਂਪੁਰਸ਼ ਕਹਿਣ ਲੱਗੇ, ਤੂੰ ਗੁਰੂ ਦਾ ਧਿਆਨ ਧਰ। ਉਹਨੇ ਮਹਾਂਪੁਰਸ਼ਾਂ ਦਾ ਧਿਆਨ ਧਰਨਾ ਸੀ। ਦੋ ਚਾਰ ਦਿਨ ਮਹਾਂਪੁਰਸ਼ਾਂ ਨੇ ਪੁੱਛਿਆ ਕਿ ਬਈ ਧਿਆਨ ਤੇਰਾ ਲੱਗਿਆ? ਕਹਿੰਦਾ, ਨਾ ਮਹਾਰਾਜ! ਮੇਰਾ ਧਿਆਨ ਨਹੀਂ ਲਗਦਾ। ਕਹਿੰਦੇ, ਤੇਰੇ ਧਿਆਨ ਵਿਚ ਕਿਹੜੀ ਚੀਜ਼ ਆ ਰਹੀ ਹੈ? ਕਹਿੰਦਾ, ਮੇਰੀ ਮੱਝ ਆ ਰਹੀ ਹੈ। ਮਹਾਤਮਾ ਕਹਿਣ ਲੱਗੇ, ਚੰਗਾ। ਤੂੰ ਇਸ ਤਰ੍ਹਾਂ ਆਪਣੀ ਮੱਝ ਦਾ ਧਿਆਨ ਧਰ। ਮੰਤਰ ਅਸੀਂ ਦੇ ਦਿੰਦੇ ਹਾਂ। ਉਹ ਧਿਆਨ ਧਰਦਾ–ਧਰਦਾ ਉਹਦਾ ਰੂਪ ਹੋ ਜਾਇਆ ਕਰਦੈ। ਇਹ ਨਹੀਂ ਕਿ ਐਵੇਂ ਹੀ ਗੱਲ ਹੈ। ਸੱਚਮੁੱਚ ਰੂਪ ਹੋ ਜਾਇਆ ਕਰਦੈ। ਜਿਹਦਾ ਧਿਆਨ ਧਰੋ, ਉਹਦਾ ਹੀ ਖਿਆਲ, ਉਹਦੀ ਹੀ ਬਿਰਤੀ, ਉਹਦਾ ਹੀ ਸੁਭਾਅ ਹੌਲੀ–ਹੌਲੀ ਅੰਦਰ ਸਿੰਜਰਨਾ ਸ਼ੁਰੂ ਹੋ ਜਾਇਆ ਕਰਦੈ। ਉਹਦਾ ਰੂਪ ਹੋ ਜਾਇਆ ਕਰਦੈ। ਛੇ ਮਹੀਨੇ ਤੋਂ ਬਾਅਦ ਮਹਾਤਮਾ ਕਹਿਣ ਲੱਗੇ, ਪ੍ਰੇਮੀਆਂ! 'ਬਾਹਰ

ਆ।' ਕਹਿਣ ਲੱਗਾ, ਐਨਾ ਵੱਡਾ ਸਰੀਰ ਹੈ, ਬਾਹਰ ਕਿਵੇਂ ਆਵਾਂ? ਮਹਾਂਪੁਰਸ਼ ਕਹਿਣ ਲੱਗੇ, ਇਸ ਤਰ੍ਹਾਂ ਕਰ ਤੂੰ ਦਰਵਾਜ਼ੇ ਤੋਂ ਨਹੀਂ, ਆਹ ਖਿੜਕੀ ਰਾਹੀਂ ਬਾਹਰ ਆ ਜਾ। ਉਹ ਖਿੜਕੀ ਕੋਲ ਆਉਂਦੈ, ਮੁੜ ਜਾਂਦੈ, ਖਿੜਕੀ ਕੋਲ ਆਉਂਦੈ ਵਾਪਸ ਹੋ ਜਾਂਦੈ। ਉਹ ਕਹਿੰਦੇ, ਕੀ ਗੱਲ? ਤੂੰ ਆਉਂਦਾ ਕਿਉਂ ਨਹੀਂ ਬਾਹਰ? ਕਹਿੰਦਾ, ਮਹਾਰਾਜ! ਮੈਂ ਆ ਤਾਂ ਰਿਹਾ ਹਾਂ ਪਰ ਮੇਰੇ ਸਿਰ ਦੇ ਵਿਚ ਲੰਮੇ-ਲੰਮੇ ਸਿੰਗ ਨਿਕਲੇ ਹੋਏ ਨੇ, ਉਹ ਆਉਣ ਨਹੀਂ ਦਿੰਦੇ। ਮਹਾਤਮਾ ਨੇ ਕਿਹਾ, ਠੀਕ ਹੈ ਇਹ ਮੱਝ ਦਾ ਰੂਪ ਬਣ ਗਿਆ। ਪ੍ਰੈਕਟੀਕਲੀ ਉਹਨਾਂ ਨੇ ਕਰਕੇ ਦਿਖਾ ਦਿਤਾ ਕਿ ਜਿਸ ਦਾ ਧਿਆਨ ਧਰੋ ਉਸ ਦਾ ਰੂਪ ਬਣ ਜਾਇਆ ਕਰਦੈ। ਇਹ ਬਿਲਕੁਲ ਸੱਚੀ ਗੱਲ ਮੈਂ ਦਸਦਾ ਹਾਂ। ਇਹ ਨਹੀਂ ਹੈ ਕਿ ਐਵੇਂ ਹੀ ਬਹਿਸ ਕਰਨ ਵਾਸਤੇ ਹੈ। ਧਿਆਨ ਧਰੋ ਗੁਰੂ ਦਾ। ਜਦੋਂ ਅੰਤਸ਼ਕਰਣ ਸ਼ੁੱਧ ਹੋ ਗਿਆ, ਉਸ ਵੇਲੇ ਤੁਹਾਨੂੰ ਆਪਣਾ ਸਰੀਰ ਇਸ ਤਰ੍ਹਾਂ ਲੱਗੇਗਾ ਕਿ ਮੇਰਾ ਸਰੀਰ, ਇਹ ਕੀ ਹੋ ਗਿਆ? ਇਹ ਬਦਲ ਗਿਆ ਇਹ ਤਾਂ ਰਿਹਾ ਹੀ ਨਹੀਂ ਉਹ। ਉਹਦਾ ਕਾਰਨ ਇਹ ਹੁੰਦੈ ਕਿ ਗੁਰੂ ਰੋਮ-ਰੋਮ ਦੇ ਵਿਚ ਰਚ ਜਾਇਆ ਕਰਦੈ ਤੇ ਗੁਰੂ ਦੀ ਯਾਦ ਐਨੀ ਪੱਕੀ ਹੋ ਜਾਂਦੀ ਹੈ ਕਿ ਜਿਧਰ ਦੇਖਦੈ, ਗੁਰੂ ਹੀ ਨਜ਼ਰ ਆਉਂਦੈ। ਹਰ ਪਾਸੇ ਦਿਸਦੈ, ਹਰ ਪਾਸੇ ਦਿਸਦੈ। ਸੋ ਇਹ ਇਕ ਸਾਧਨ  ਹੈ ਪ੍ਰਮੇਸ਼ਰ ਵਲ ਨੂੰ ਛੇਤੀ ਜਾਣ ਦਾ। ਗੁਰੂ ਦਾ ਧਿਆਨ ਧਰਨਾ, ਫੇਰ ਇਹ ਨਿਰਾਰਥਕ ਨਹੀਂ ਹੋਇਆ ਕਰਦਾ। ਹੁਣ ਤਾਂ ਇਹ ਗੱਲਾਂ ਸਮਝ ਵਿਚ ਆ ਜਾਂਦੀਆਂ ਨੇ ਕਿ ਰਿਮੋਟ ਕੰਟਰੋਲ ਦੇ ਵਿਚ ਨਾ ਕੁਝ ਦਿਸਦਾ ਹੈ, ਨਾ ਕੋਈ ਚੀਜ਼ ਹੈ, ਕਰੋੜਾਂ ਮੀਲ ਦੇ ਉਤੇ ਜਾ ਕੇ ਆਪਣੇ ਕੰਮ ਕਰ ਲੈਂਦੈ। ਇਸੇ ਤਰ੍ਹਾਂ ਦੇ ਨਾਲ ਜਿਹੜਾ ਪਿਆਰ ਹੈ, ਵਾਤਸਲ ਪਿਆਰ ਕਹਿੰਦੇ ਨੇ ਇਹਨੂੰ। ਇਹ ਜਿਹੜੀਆਂ ਕੂੰਜਾਂ ਹੁੰਦੀਆਂ ਨੇ, ਆਂਡੇ ਦੇ ਕੇ ਆ ਜਾਂਦੀਆਂ ਨੇ। ਬੱਚਿਆਂ ਨੂੰ ਟਰੇਨਿੰਗ ਨਹੀਂ ਦਿੰਦੀਆਂ। ਲੇਕਿਨ ਇਹ ਧਿਆਨ ਧਰਦੀਆਂ ਨੇ। ਯਾਦ ਦੇ ਵਿਚ ਲਿਆਉਂਦੀਆਂ ਨੇ ਆਂਡੇ ਨੂੰ। ਯਾਦ ਦੇ ਨਾਲ ਹੀ ਉਹਨੂੰ ਪਾਲਦੀਆਂ ਨੇ। ਇਸੇ ਤਰ੍ਹਾਂ ਕੱਛੂ ਹੈ, ਕੱਛੂ ਧਿਆਨ ਧਰਦੈ। ਧਿਆਨ ਦੇ ਬਲ ਨਾਲ ਆਂਡਿਆਂ 'ਚੋਂ ਬੱਚੇ ਕੱਢ ਕੇ, ਜਦੋਂ ਬੱਚੇ ਛਾਲਾਂ ਮਾਰਦੇ ਰੇਤੇ 'ਚੋਂ ਆ ਜਾਂਦੇ ਨੇ, ਬਹੁਤਿਆਂ ਨੇ ਦੇਖੇ ਹੋਣੇ ਨੇ। ਉਹ ਧਰਤੀ ਵਲ ਨੂੰ ਨਹੀਂ ਆਉਂਦੇ, ਕੱਛੂ ਜਿਥੇ ਬੈਠਾ ਹੈ, ਉਧਰ ਨੂੰ ਤੁਰਦੇ ਨੇ, ਕਿਉਂਕਿ ਉਹ ਖਿੱਚ ਰਿਹਾ ਹੁੰਦੈ ਉਹਨਾਂ ਨੂੰ। ਇਸੇ ਤਰ੍ਹਾਂ ਅਸੀਂ ਜਦੋਂ ਕਰਮ ਦੇ ਨਾਲ ਆਪਣਾ ਅੰਤਸ਼ਕਰਣ ਸ਼ੁੱਧ ਕਰ ਲਿਆ, ਮੈਲ ਦੂਰ ਹੋ ਗਈ, ਨਿਸ਼ਕਾਮ ਕਰਮਾਂ ਦੇ ਨਾਲ। ਫੇਰ ਜਿਹੜੀ ਅਸੀਂ ਉਪਾਸਨਾ ਕਰਦੇ ਹਾਂ, ਉਹ ਉਪਾਸਨਾ ਗੁਰੂ ਨੂੰ ਖਿੱਚ ਲਿਆ ਕਰਦੀ ਹੈ। ਉਹ ਕੋਈ ਨਿਰਾਰਥਕ ਨਹੀਂ ਹੋਇਆ ਕਰਦੀ। ਮਨ ਟਿਕਦਾ ਹੀ ਨਹੀਂ ਜਿੰਨੀ ਦੇਰ ਤਕ ਉਪਾਸਨਾ ਨਾ ਹੋਵੇ। ਕਿਉਂਕਿ ਕਰਮ, ਉਪਾਸਨਾ। ਸਾਨੂੰ ਤਿੰਨ ਦੋਸ਼ ਲੱਗੇ ਹੋਏ ਨੇ- ਮਲ, ਵਿਖਸ਼ੇਪਤਾ ਤੇ ਆਵਰਨ। ਮੈਲ ਤਾਂ ਹੋ ਜਾਂਦੀ ਹੈ ਨਿਸ਼ਕਾਮ ਕਰਮਾਂ ਨਾਲ ਦੂਰ। ਜਿਹੜੀ ਹਿਲਜੁਲ ਹੈ ਸਾਡੇ ਦਿਮਾਗ ਦੇ ਅੰਦਰ, ਇਹ ਉਪਾਸਨਾ ਤੋਂ ਬਗੈਰ ਦੂਰ ਨਹੀਂ ਹੋਇਆ ਕਰਦੀ। ਉਪਾਸਨਾ ਹੋਇਆ ਕਰਦੈ ਧਿਆਨ। ਧਿਆਨ ਦੇ ਨਾਲ ਕ੍ਰਿਆ ਹੁੰਦੀ ਹੈ। ਇਹ ਮਹਾਂਪੁਰਸ਼ ਦਸ ਦਿੰਦੇ ਨੇ। ਜੇ ਕੋਈ ਉਪਾਸਨਾ ਕਰਨ ਦਾ ਚਾਹਵਾਨ ਹੋਵੇ, ਉਹਨੂੰ ਦਸ ਦਿਆ ਕਰਦੇ ਨੇ ਕਿ ਇਸ ਤਰ੍ਹਾਂ ਉਪਾਸਨਾ ਕਰ ਤੇ ਉਪਾਸਨਾ ਦਾ ਫਲ ਕੀ ਹੁੰਦੈ, ਉਹ ਗੁਰੂ ਨਾਲ ਜੁੜ ਜਾਂਦੈ।

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਜੀ, ਆਪ ਜੀ ਦੀ ਜੋ ਕਿਰਿਆ ਸੀ ਸੰਸਾਰ ਦੇ ਵਿਚ ਬਿਲਕੁਲ ਨਿਰਾਲੀ ਸੀ। ਆਪ ਪੂਰਨ ਰੂਪ ਦੇ ਅੰਦਰ ਨਿਰਵੈਰ ਸਨ। ਜੋ ਨਿਸ਼ਾਨੀਆਂ ਭਾਈ ਗੁਰਦਾਸ ਜੀ ਦਸਦੇ ਨੇ, ਉਹਨਾਂ ਦੇ ਮੁਤਾਬਿਕ ਆਪ ਦਾ ਜੀਵਨ ਢਲਿਆ ਹੋਇਆ ਸੀ। ਸੋ ਉਹਨੂੰ ਪਿਆਰ ਦੇ ਪੜ੍ਹਨ ਦਾ ਯਤਨ ਕਰੋ।

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ ੩੪/੧*

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਆਪ ਦੀ ਛੋਟੀ ਆਯੂ ਹੈ। ਗੁਰੂ ਦੀ ਜ਼ਿੰਮੇਵਾਰੀ, ਆਪ ਦੇ ਸਰੀਰ ਵਿਚ ਜੋਤ ਕੰਮ ਕਰ ਰਹੀ ਹੈ। ਗੁਰਸਿੱਖਾਂ ਦਾ ਪਿਆਰ ਹੈ ਗੁਰੂ ਦੇ ਨਾਲ। ਤੇ ਜੋ ਮੈਂ ਬੇਨਤੀ ਕੀਤੀ ਹੈ ਕਿ 'ਗੁਰ ਕੀ ਮੂਰਤਿ ਮਨ ਮਹਿ ਧਿਆਨ'। ਇਕ ਗੁਰਸਿੱਖ ਗੁਰੂ ਮਹਾਰਾਜ ਦੇ ਪਾਸ ਆਉਂਦੈ। ਉਹਨੇ ਆ ਕੇ ਕਿਹਾ ਕਿ ਛੇਤੀ ਤੋਂ ਛੇਤੀ ਪਹੁੰਚਣ ਦਾ ਮਾਰਗ ਮੈਨੂੰ ਦੱਸੋ। ਮਹਾਰਾਜ ਕਹਿਣ ਲੱਗੇ, ਦੇਖ ਪਿਆਰਿਆ! ਸੁਰਤਿ ਤੇ ਸਬਦਿ ਦਾ ਮਾਰਗ ਹੈ, ਗੁਰੂ ਨਾਨਕ ਦਾ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

*ਅੰਗ- ੯੩੮*

ਇਹ ਮਾਰਗ ਹੈ ਸਾਡਾ, ਰਸਨਾ ਦੇ ਨਾਲ ਨਾਮ ਜਪਿਆ ਕਰ, ਸਵਾਸ ਦੇ ਨਾਲ ਨਾਮ ਜਪਿਆ ਕਰ। ਧਿਆਨ ਤੂੰ ਗੁਰੂ ਚਰਨਾਂ ਦਾ ਧਰਿਆ ਕਰ। ਇਹਦੇ ਨਾਲ ਛੇਤੀ ਸਿੱਧ ਹੋ ਜਾਇਆ ਕਰਦੈ। ਸੋ ਇਸ ਤਰ੍ਹਾਂ ਬਚਨ ਲਿਆ ਤੇ ਆਪ ਕਾਬਲ ਨੂੰ ਚਲੇ ਗਏ। ਕਾਬਲ ਦੇ ਵਿਚ ਆਪ ਦੀ ਡਿਊਟੀ ਲੱਗੀ ਹੋਈ ਸੀ। ਅੱਜ

ਉਥੇ ਅੰਮ੍ਰਿਤ ਵੇਲੇ ਨਦੀ ਦੇ ਕਿਨਾਰੇ ਆਪ ਨੇ ਇਸ਼ਨਾਨ ਕੀਤਾ। ਪੁਰਾਣੇ ਸਮਿਆਂ ਦੇ ਅੰਦਰ ਨਦੀਆਂ ਸੁੱਚੀਆਂ ਹੁੰਦੀਆਂ। ਟੋਭੇ ਵੀ ਸੁੱਚੇ ਹੁੰਦੇ। ਉਸ ਵੇਲੇ ਪਹਿਰ ਰਾਤ ਰਹਿੰਦੀ ਸਾਰੇ ਇਸ਼ਨਾਨ ਕਰਕੇ, ਉਸ ਨਦੀ ਦੇ ਕਿਨਾਰੇ ਸਵੱਛ ਵਾਤਾਵਰਣ ਵਿਚ ਹੀ ਸਮਾਧੀ ਲਾ ਕੇ ਬੈਠ ਜਾਇਆ ਕਰਦੇ ਸੀ। ਅੱਜਕੱਲ੍ਹ ਨਹੀਂ ਐਸਾ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕੋਈ ਕਰਦਾ ਹੈ, ਕੋਈ ਨਹੀਂ ਕਰਦਾ। ਕਦੋਂ ਉਠਦੈ, ਕਦੋਂ ਸੌਂਦੈ, ਪੜਦਾ ਹੀ ਹੈ ਸਾਰਿਆਂ ਤੋਂ। ਪਹਿਲਾਂ ਨਹੀਂ ਸੀ ਇਸ ਤਰ੍ਹਾਂ ਹੋਇਆ ਕਰਦਾ। ਪਹਿਲਾਂ ਲੋਕ ਬਾਹਰ ਇਸ਼ਨਾਨ ਕਰਨ ਜਾਇਆ ਕਰਦੇ ਸੀ। ਸਾਰੇ ਪਿੰਡਾਂ 'ਚ ਹੁੰਦਾ ਸੀ ਇੰਤਜਾਮ। ਜਿਥੇ ਵੀ ਬੰਦਗੀ ਕਰਨ ਵਾਲੇ ਹੁੰਦੇ, ਕਿਸੇ ਦਾ ਖੂਹ ਚਲਦਾ ਹੁੰਦਾ, ਟੂੱਟੀਆਂ ਲੱਗੀਆਂ ਹੁੰਦੀਆਂ, ਕਿਤੇ ਹਲਟੀ ਲੱਗੀ ਹੁੰਦੀ, ਉਥੇ ਜਾ ਕੇ ਇਸ਼ਨਾਨ ਕਰਿਆ ਕਰਦੇ ਸੀ। ਇਸ ਗੱਲ ਦਾ ਕੋਈ ਵਿਤਕਰਾ ਨਹੀਂ ਹੋਇਆ ਕਰਦਾ ਸੀ ਕਿ ਇਹ ਹਿੰਦੂ ਹੈ ਕਿ ਸਿੱਖ ਹੈ।

ਧਮੋਟ ਇਸ਼ਨਾਨ ਕਰਨਾ, ਪਾਣੀ ਇਕ ਨੌਜਵਾਨ ਨੇ ਗੇੜੀ ਜਾਣਾ, ਬੁੱਢਿਆਂ ਨੇ ਇਸ਼ਨਾਨ ਖੁੱਲ੍ਹੇ ਪਾਣੀ 'ਚ ਕਰ ਲੈਣਾ। ਪਾਣੀ ਸੁੱਚਾ ਰੱਖਦੇ ਸੀ, ਉਹਦੇ ਵਿਚ ਕਛਹਿਰਾ ਵਗੈਰਾ, ਕੱਪੜਾ ਨਹੀਂ ਸੀ ਡੋਬਿਆ ਕਰਦੇ। ਇਸ ਤਰ੍ਹਾਂ ਇਸ਼ਨਾਨ ਕਰ-ਕਰ ਕੇ ਘਰਾਂ ਨੂੰ ਨਹੀਂ ਸੀ ਜਾਂਦੇ। ਉਥੇ ਹੀ ਗੁਰਦੁਆਰਾ ਸਾਹਿਬ ਦੀ ਪ੍ਰਕਰਮਾ 'ਚ ਬੈਠ ਜਾਂਦੇ ਸੀ। ਜੇ ਬ੍ਰਾਹਮਣ ਹੈ ਤਾਂ ਗਾਇਤ੍ਰੀ ਦਾ ਪਾਠ ਕਰ ਰਿਹੈ। ਜੇ ਗੁਰਸਿੱਖ ਹੈ ਤਾਂ ਉਹ ਆਪਣਾ ਧਿਆਨ ਲਾ ਰਿਹੈ। ਸੋ ਇਸ ਤਰ੍ਹਾਂ ਬਹਿ ਜਾਇਆ ਕਰਦੇ ਸੀ ਸਾਰੇ। ਕੋਈ ਵਿਤਕਰਾ ਨਹੀਂ ਸੀ ਕਿਸੇ ਦਾ ਆਪਸ ਵਿਚ ਹੋਇਆ ਕਰਦਾ।

ਸੋ ਇਸ ਤਰ੍ਹਾਂ ਦੇ ਨਾਲ ਆਪ ਉਠੇ ਤੇ ਇਸ਼ਨਾਨ ਕਰਨ ਵਾਸਤੇ ਨਦੀ 'ਤੇ ਗਏ -

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥*
*ਅੰਗ- ੧੪੬*

ਮਿੱਤਰਤਾ ਹੋਇਆ ਕਰਦੀ ਸੀ। ਘਾਟ ਬਣਾ ਕੇ ਰੱਖਿਆ ਕਰਦੇ ਸੀ ਕਿ ਪੈਰ ਨਾ ਲਿਬੜਣ। ਸ਼ੁੱਧ ਰੱਖਦੇ ਸੀ ਸਾਰੀ ਚੀਜ਼ ਨੂੰ।

ਅੱਜ ਭਾਈ ਗੋਂਦਾ ਇਸ਼ਨਾਨ ਕਰਨ ਤੋਂ ਬਾਅਦ ਸਵੱਛ ਥਾਂ ਦੇਖ ਕੇ ਨਦੀ ਦੇ ਕਿਨਾਰੇ ਬੈਠ ਗਏ। ਅੱਜ ਗੁਰੂ ਮਹਾਰਾਜ ਦਾ ਧਿਆਨ ਛੇਤੀ ਹੀ ਲੱਗ ਗਿਆ। ਸੁਰਤੀ ਜਿਹੜੀ ਸੀ ਉਹ ਕੀਰਤਪੁਰ ਸਾਹਿਬ ਪਹੁੰਚ ਗਈ। ਗੁਰੂ ਮਹਾਰਾਜ ਦੇ ਚਰਨਾਂ ਦੇ ਵਿਚ ਆ ਕੇ ਧਿਆਨ ਲਾਇਆ ਤੇ ਅੱਜ ਉਠਣਾ ਭੁੱਲ ਗਿਆ, ਧਿਆਨ ਟੁੱਟ ਨਹੀਂ ਰਿਹਾ। ਧਿਆਨ ਦਾ ਰਸ ਆ ਰਿਹੈ, ਗੁਰੂ ਨਾਲ ਪਿਆਰ ਆ ਰਿਹੈ। ਸਰੀਰ ਕੰਬ ਰਿਹੈ। ਇਧਰਲੇ ਪਾਸੇ ਗੁਰੂ ਮਹਾਰਾਜ ਜੀ, ਗੁਰੂ ਸੱਤਵੇਂ ਪਾਤਸ਼ਾਹ, ਦੀਵਾਨ ਦੀ ਸਮਾਪਤੀ ਤੋਂ ਬਾਅਦ ਉੱਠੇ ਨਾ। ਉਵੇਂ ਹੀ ਬੈਠੇ ਨੇ। ਦੇਖਿਆ ਕਿ ਗੁਰੂ ਮਹਾਰਾਜ ਅੱਜ ਉੱਠ ਨਹੀਂ ਰਹੇ। ਲੰਗਰ ਪਾਣੀ ਨਹੀਂ ਛੱਕ ਰਹੇ। ਸੋ ਦੁਪਿਹਰ ਦਾ ਵੀ ਲੰਗਰ ਤਿਆਰ ਹੋ ਗਿਆ ਤੇ ਬੇਨਤੀ ਕੀਤੀ, ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ! ਭੋਗ ਲਾਓ, ਮੈਂ ਸੰਗਤਾਂ ਵਿਚ ਲੰਗਰ ਵਰਤਾਉਣੈ। ਪਰ ਆਪ ਨੇ ਨੇਤਰ ਫੇਰ ਨਾ ਖੋਲ੍ਹੇ। ਉਸ ਤੋਂ ਬਾਅਦ ਚਾਰ ਵੱਜ ਗਏ। ਚਾਰ ਵਜੇ ਮਹਾਰਾਜ ਨੇ ਨੇਤਰ ਖੋਲ੍ਹ ਕੇ ਇਕ ਬਚਨ ਕਿਹਾ, ਧੰਨ ਸਿੱਖੀ-ਧੰਨ ਸਿੱਖੀ-ਧੰਨ ਸਿੱਖੀ। ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਅੱਜ ਕਿਹੜਾ ਉਹ ਭਾਗਸ਼ਾਲੀ ਹੈ ਜਿਸ ਦੇ ਪਿਆਰ ਦੇ ਬੰਨ੍ਹੇ ਹੋਏ ਅੱਜ ਆਪ ਉੱਠੇ ਨਹੀਂ।

ਮਹਾਰਾਜ ਕਹਿੰਦੇ, ਪਿਆਰਿਓ! ਕਾਬਲ ਦੇ ਵਿਚ ਭਾਈ ਗੋਂਦਾ ਹੈ ਜੋ ਉਪਾਸ਼ਨਾ ਦੇ ਮਾਰਗ ਵਿਚੋਂ ਲੰਘ ਰਿਹੈ। ਪ੍ਰਤੱਖ ਗੁਰੂ ਦੇ ਚਰਨਾਂ ਦੇ ਨਾਲ ਉਹਦੀ ਸੁਰਤ ਜੁੜੀ ਹੋਣ ਕਰਕੇ ਅਸੀਂ ਨਹੀਂ ਉੱਠੇ। ਕਿਉਂਕਿ ਜੋ ਸਿੱਖ ਹੈ ਉਹ ਆਪਣੇ ਪਿਆਰੇ ਨੂੰ ਵਸ ਕਰ ਲਿਆ ਕਰਦੈ, ਪਿਆਰ ਦੇ ਨਾਲ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,*
*ਪਾ ਕੇ ਤੇ ਪ੍ਰੇਮ ਡੋਰੀਆਂ।*

ਗੁਰਬਾਣੀ ਦੇ ਅੰਦਰ ਗੁਰੂ ਮਹਾਰਾਜ ਜੀ ਫੁਰਮਾਉਂਦੇ ਨੇ ਕਿ -

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ੧੦ ॥*
*ਅੰਗ- ੯੬੨*

ਤੇ ਪਿਆਰ ਦਾ ਬੰਨ੍ਹਿਆ ਹੋਇਆ, ਭਗਤਾਂ ਦੇ ਦਰ ਦੇ ਉਤੇ ਖੜ੍ਹਾ ਪਹਿਰਾ ਦੇ ਰਿਹੈ।

*ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ ਬੰਨ੍ਹਿਆਂ ਪ੍ਰੇਮ ਦਾ।*

*ਨਾਮਾ ਕਹੈ ਭਗਤਿ ਬਸਿ ਕੇਸਵ*
*ਅਜਹੂੰ ਬਲਿ ਕੇ ਦੁਆਰ ਖਰੋ ॥ ਅੰਗ- ੧੧੦੫*

ਐਨਾ ਬੰਨ੍ਹ ਲਿਆ ਕਿ ਉਸ ਦਾ ਦੁਆਰਾ ਨਹੀਂ ਛੱਡਦਾ। ਸੋ ਇਸ ਤਰ੍ਹਾਂ ਵਾਹਿਗੁਰੂ ਪਿਆਰ ਦਾ ਭੁੱਖਾ ਹੈ। ਗੁਰੂ ਪਿਆਰ ਦਾ ਭੁੱਖਾ ਹੈ, ਤੋਹਫ਼ਿਆਂ ਦਾ, ਜ਼ਮੀਨਾਂ ਜਾਇਦਾਦਾਂ ਨਾਲ ਨਹੀਂ ਉਹ ਵਸ ਆਉਂਦਾ। ਜੇ ਵਸ ਆਉਂਦੈ ਤਾਂ ਪਿਆਰ ਨਾਲ ਆਉਂਦੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਅੱਜ

ਆਸਣ ਤੋਂ ਉਠੇ ਹੀ ਨਾ। ਜਦੋਂ ਕਾਬਲ ਦੀ ਸੰਗਤ ਆਈ। ਸੰਗਤ ਨੂੰ ਪੁੱਛਿਆ ਕਿ ਕਿਸੇ ਦਿਨ ਭਾਈ ਗੋਂਦਾ ਲੰਮੀ ਸਮਾਧੀ 'ਚ ਚਲੇ ਗਈ ਸੀ? ਕਹਿੰਦੇ, ਹਾਂ ਇਕ ਦਿਨ ਨਦੀ ਦੇ ਕਿਨਾਰੇ ਬੈਠ ਕੇ ਚਾਰ ਵਜੇ ਤਕ ਨਾ ਉਠੇ। ਕਹਿੰਦੇ, ਧੰਨ ਗੁਰੂ ਮਹਾਰਾਜ ਧੰਨ ਗੁਰਸਿੱਖ। ਸਬੰਧ ਜੁੜਦੈ ਗੁਰੂ ਦੇ ਨਾਲ ਸਿੱਖ ਦਾ, ਐਵੇਂ ਨਹੀਂ ਹੈ ਕਿ ਇਹ ਬੁੱਤ ਪ੍ਰਸਤੀ ਹੈ। ਜਿਹੜੀ ਸਾਡੀ ਹੈ ਸਿੱਖੀ, ਇਹਦੇ ਵਿਚ ਭਗਤੀ ਸਹਿਤ ਗਿਆਨ ਹੈ, ਇਕੱਲਾ ਗਿਆਨ ਨਹੀਂ ਹੈ। ਗਿਆਨੀਆਂ ਦਾ ਧਰਮ ਨਹੀਂ ਹੈ ਬਿਲਕੁਲ, ਜੇ ਕੋਈ ਕੋਈ ਕਹੇ। ਗਿਆਨੀਆਂ ਨੂੰ ਤਾਂ ਇਥੇ ਲੱਭਦਾ ਹੀ ਨਹੀਂ ਹੈ ਕੁਛ। ਇਹ ਪਿਆਰ ਦਾ ਹੈ ਮਾਰਗ –

*ਜਿਨ੍ਹਾਂ ਉਚਯਾਈਆਂ ਉਤੇ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਿਆਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*
*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*

*ਡਾ. ਭਾਈ ਵੀਰ ਸਿੰਘ ਜੀ*

ਭਾਈ ਵੀਰ ਸਿੰਘ ਜੀ ਲਿਖਦੇ ਨੇ ਕਿ ਓਸ ਥਾਂ ਦੇ ਉਤੇ ਐਸਾ ਪਿਆਰ ਦਾ ਪਿਆਲਾ ਹੈ ਕਿ ਮੱਲੋ-ਮੱਲੀ ਪਿਆਰੀਆਂ ਝੂੰਮਾਂ ਆਉਂਦੀਆਂ ਨੇ। ਪਰ ਜਦੋਂ ਗਿਆਨੀਆਂ ਨੂੰ ਪਤਾ ਲੱਗਿਆ, ਉਹ ਕਹਿਣ ਲੱਗੇ ਭਾਈ ਸਾਹਿਬ ਤੁਸੀਂ ਤਾਂ ਗਲਤ ਚਲੇ ਗਏ। ਇਹ ਤਾਂ ਗਿਆਨ ਦਾ ਮਾਰਗ ਹੈ। ਉਹ ਕਹਿੰਦੇ –

*ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।'*

*'ਡਾ. ਭਾਈ ਵੀਰ ਸਿੰਘ ਜੀ*

ਅਸੀਂ ਤਾਂ ਪਿਆਰ ਮੰਡਲਾਂ ਵਿਚ ਪਹੁੰਚ ਗਏ, ਤੂੰ ਹੈਂ ਗਿਆਨੀ। ਗਿਆਨੀ ਨਹੀਂ ਪਹੁੰਚਦਾ, ਗਿਆਨੀ ਨੂੰ ਮਹਾਰਾਜ ਨੇ ਕਿਹੈ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*

*ਅੰਗ- ੨੫੩*

ਬ੍ਰਹਮਗਿਆਨੀ ਨੂੰ ਨਹੀਂ ਕਿਹਾ। ਮੂੰਹ ਦੇ ਗਿਆਨੀ ਨੇ।

*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥* *ਅੰਗ- ੨੫੩*

ਜੇ ਅੰਦਰ ਪਿਆਰ ਪੈਦਾ ਨਹੀਂ ਹੋਇਆ ਤਾਂ ਕਹਿੰਦੇ ਉਹ ਤਾਂ ਮੁਰਦਾ ਹੈ। ਸੋ ਗੁਰੂ ਜੋ ਹੋਇਆ ਕਰਦੈ, ਉਹ ਪ੍ਰਮੇਸ਼ਰ ਦਾ ਰੂਪ ਹੋਇਆ ਕਰਦੈ। ਕਹਿੰਦੇ, ਗੁਰੂ ਨੂੰ ਮਨੁੱਖ ਦਾ ਰੂਪ ਕਰਕੇ ਨਾ ਜਾਣੋ। ਉਹ ਤਾਂ ਆਪ ਪ੍ਰਮੇਸ਼ਰ ਹੁੰਦੈ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ- ੪੪੨*

ਸੋ ਗੁਰੂ ਰੂਪ ਪ੍ਰਮੇਸ਼ਰ ਨੂੰ ਜੇ ਕੋਈ ਭੁੱਖ ਹੈ ਦੁਨੀਆਂ ਦੇ ਅੰਦਰ ਤਾਂ ਇੱਕੋ ਹੀ ਪੜ੍ਹੋ ਪਿਆਰ ਨਾਲ-

*ਧਾਰਨਾ - ਭਾਉ ਭਗਤੁ ਦਾ ਭੁੱਖਾ ਗੋਬਿੰਦ,*
*ਭਾਉ ਭਗਤੁ ਦਾ ਭੁੱਖਾ।*

ਪਿਆਰ ਦਾ ਭੁੱਖਾ ਹੈ ਪ੍ਰਭੂ। ਇਤਿਹਾਸ ਦੇ ਅੰਦਰ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਦੇ ਜੀਵਨ ਕਾਲ ਵਿਚ ਸਾਖੀ ਆਉਂਦੀ ਹੈ ਕਿ ਜਦੋਂ ਆਪ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਕੇ ਗੱਦੀ 'ਤੇ ਬੈਠੇ, ਉਸ ਵੇਲੇ ਆਪ ਦੇ ਪਿਆਰ ਦੀਆਂ ਬਹੁਤ ਹੀ ਕਹਾਣੀਆਂ, ਦੂਰ ਤੱਕ ਪਹੁੰਚ ਗਈਆਂ ਕਿ ਕਿੰਨਾ ਨਰਮ ਦਿਲ ਹੈ। ਸ਼ਿਕਾਰ ਨੂੰ ਜਾਂਦੇ ਨੇ ਪਰ ਕਦੇ ਜਾਨਵਰ ਮਾਰਦੇ ਹੀ ਨਹੀਂ। ਦੌੜਦੇ ਨੇ ਦੌੜ ਕੇ ਹਰਨ ਦੇ ਬਰਾਬਰ ਘੋੜਾ ਲਾ ਲੈਂਦੇ ਨੇ। ਉਥੇ ਆਪ ਰੱਸਾ ਪਾ ਕੇ ਗਲ ਫੜ ਲੈਂਦੇ ਨੇ।

ਕਈਆਂ ਪ੍ਰੇਮੀਆਂ ਨੂੰ ਪਤਾ ਨਹੀਂ ਹੈ ਕਿ ਇਕ ਟੈਕਨੀਕ ਹੋਇਆ ਕਰਦੀ ਹੈ। ਰੱਸੇ ਦੇ ਵਿਚ ਇਸ ਤਰ੍ਹਾਂ ਵਲ ਹੋਇਆ ਕਰਦੈ, ਉਹ ਜਾਨਵਰ ਦੇ ਬਰਾਬਰ ਜਾ ਕੇ ਵਗਾਹ ਕੇ ਮਾਰਦੇ ਨੇ, ਐਸਾ ਨਿਸ਼ਾਨਾ ਲਾਉਂਦੇ ਨੇ ਕਿ ਉਹ ਮੂੰਹ ਥਾਈਂ ਹੋ ਕੇ ਗਰਦਨ 'ਚ ਚਲਿਆ ਜਾਂਦੈ। ਉਥੇ ਉਹਨੂੰ ਫੜ ਲੈਂਦੇ ਨੇ। ਗੁਰੂ ਮਹਾਰਾਜ ਮਾਰਿਆ ਨਹੀਂ ਸੀ ਕਰਦੇ। ਉਥੋਂ ਹੀ ਆਪ ਨੇ ਘੋੜੇ ਤੋਂ ਉਤਰ ਜਾਣਾ, ਉਹ ਜੋ ਹਰਨ ਵਗੈਰਾ ਫੜਿਆ ਹੋਇਐ ਕੋਈ ਜਾਨਵਰ, ਉਹਨੂੰ ਪਿਆਰ ਕਰਨਾ, ਉਹਦੇ ਸਰੀਰ 'ਤੇ ਹੱਥ ਫੇਰਨਾ, ਉਹਦਾ ਡਰ ਦੂਰ ਕਰਨਾ। ਉਸ ਤੋਂ ਬਾਅਦ ਉਹਨੂੰ ਲੈ ਆਉਣਾ, ਲਿਆ ਕੇ ਕੀਰਤਪੁਰ ਦੇ ਉਰਲੇ ਪਾਸੇ ਇਕ ਥਾਂ ਹੈ, ਉਥੇ ਆਪ ਨੇ ਬੀੜ ਬਣਾਇਆ ਹੋਇਆ ਸੀ ਬਹੁਤ ਲੰਮਾ, ਚੌੜਾ ਉਹਦੇ ਵਿਚ ਛੱਡ ਦਿੰਦੇ ਸੀ। ਉਸ ਤੋਂ ਬਾਅਦ ਹਰ ਰੋਜ਼ ਉਹਨਾਂ ਨੂੰ ਦੇਖਣ ਆਉਂਦੇ ਸੀ। ਉਹਨਾਂ ਦੀ ਹਰ ਰੋਜ਼ ਖੁਰਾਕ ਦੇਖਦੇ ਸੀ ਕਿ ਇਹਨੂੰ ਕੀ ਦਿਤੈ ਤੇ ਉਹ ਵੀ ਡਰਨ ਤੋਂ ਹਟ ਜਾਂਦੇ ਸੀ। ਗੁਰੂ ਮਹਾਰਾਜ ਨਾਲ ਆ ਕੇ ਇਸ ਤਰ੍ਹਾਂ ਪਿਆਰ ਕਰਦੇ ਸੀ ਜਿਵੇਂ ਕੋਈ ਆਪਣਾ ਹੀ ਹੋਇਆ ਕਰਦੈ। ਮਹਾਰਾਜ ਵੀ ਬਹੁਤ ਪਿਆਰ ਕਰਦੇ ਸੀ ਜੰਗਲੀ ਜਾਨਵਰਾਂ ਨਾਲ ਵੀ, ਇਹ ਨਹੀਂ ਕਿ ਇਕੱਲੇ ਹਿਰਨਾਂ ਨਾਲ ਹੀ। ਜਿਹੜਾ ਵੀ ਜਾਨਵਰ ਆਉਂਦਾ ਸੀ ਫੜਦੇ ਸੀ ਉਹਨੂੰ। ਫੜ ਕੇ ਪਿਆਰ ਦੇ ਨਾਲ ਉਹਦੀ ਪਾਲਣਾ ਕਰਨੀ। ਉਹਦੇ ਵਿਚੋਂ ਵੀ ਜਿਹੜੇ ਮਾੜੇ ਭਾਵ ਹੁੰਦੇ ਉਹ ਖਤਮ ਹੋ ਜਾਂਦੇ, ਐਨਾ ਪਿਆਰ ਕਰਦੇ ਸੀ।

ਬਚਪਨ ਵਿਚ ਆਪ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨਾਲ ਟਹਿਲ ਰਹੇ ਸੀ। ਆਪ ਦੇ ਲੰਮਾ ਚੋਲਾ ਪਾਇਆ

*(ਬਾਕੀ ਪੰਨਾ 30 'ਤੇ)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-28)*

***ਫਲ ਕਾਰਨ ਫੂਲੀ ਬਨਰਾਇ॥***
***ਫਲੁ ਲਾਗਾ ਤਬ ਫੂਲੁ ਬਿਲਾਇ॥***
***ਗਿਆਨੈ ਕਾਰਨ ਕਰਮ ਅਭਿਆਸੁ॥***
***ਗਿਆਨ ਭਇਆ ਤਹ ਕਰਮਹ ਨਾਸੁ॥***

***ਅੰਗ - ੧੧੬੭***

ਇਸ ਦਾ ਇਹ ਮਤਲਬ ਨਹੀਂ ਕਿ ਪਰਮ ਪੁਰਸ਼ ਗਿਆਨ ਪ੍ਰਾਪਤੀ ਤੋਂ ਬਾਦ ਕ੍ਰਿਆ ਛੱਡ ਦਿੰਦੇ ਹਨ। ਉਹ ਜੋ ਵੀ ਰਹਿਤ ਮਰਿਆਦਾ ਅਨੁਸਾਰ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਨੂੰ ਕੋਈ ਭੀ ਕਰਮ, ਫਲ ਦੇਣਹਾਰਾ ਨਹੀਂ ਹੁੰਦਾ। ਉਹ ਇਕ ਅਜਿਹੇ ਪ੍ਰੋਫੈਸਰ ਦਾ ਕੰਮ ਕਰਦੇ ਹਨ ਜੋ ਆਪ ਸਭ ਕੁਝ ਜਾਣ ਕੇ ਦੂਸਰਿਆਂ ਨੂੰ Practically (ਅਮਲੀ ਰੂਪ ਵਿਚ) ਜੀਵਨ ਗੁਜ਼ਾਰਨ ਵਾਸਤੇ ਕਰਮ ਕਰਦਾ ਹੈ। ਜਿਵੇਂ ਪੀ.ਟੀ. ਕਰਾਉਣ ਵਾਲੇ ਮਾਸਟਰ ਵਿਦਿਆਰਥੀ ਦੇ ਨਾਲ ਹੀ (demonstration) ਆਪ ਪੀ. ਟੀ. ਕਰਦੇ ਹਨ, ਉਨ੍ਹਾਂ ਦਾ ਕਰਮ ਦੂਸਰਿਆਂ ਨੂੰ ਸਿਖਾਉਣ ਦਾ ਹੋਇਆ ਕਰਦਾ ਹੈ, ਉਹ ਆਪ ਤਾਂ ਕੋਰਸ ਪਾਸ ਕਰ ਚੁੱਕੇ ਹੁੰਦੇ ਹਨ। ਇਸ ਤਰ੍ਹਾਂ ਗਿਆਨਵਾਨ ਪੁਰਸ਼ ਦੀ ਸ਼ੁਭ ਕਰਨੀ, ਅੰਮ੍ਰਿਤ ਵੇਲੇ ਦੀ ਜਾਗ, ਬਾਣੀ ਵਿਚ ਲੀਨ ਹੋਣਾ, ਨਾਮ ਜਪਣਾ, ਸਮਾਧਿਸ਼ਟ ਹੋਣਾ, ਲੰਗਰ ਚਲਾਉਣਾ, ਵਿਦਿਆਲੇ ਚਲਾਉਣੇ, ਹਸਪਤਾਲ ਚਲਾਉਣੇ ਆਦਿ ਦੇ ਕਰਮ ਉਨ੍ਹਾਂ ਨੂੰ ਆਪ ਕੋਈ ਲਾਭ ਨਹੀਂ ਦਿਆ ਕਰਦੇ ਕਿਉਂਕਿ ਉਨ੍ਹਾਂ ਨੇ ਜੋ ਪ੍ਰਾਪਤ ਕਰਨਾ ਸੀ, ਉਹ ਕਰ ਚੁੱਕੇ ਹਨ। ਉਹ ਸੱਚ ਦਾ ਰੂਪ ਹੋ ਚੁੱਕੇ ਹਨ। ਇਸ ਲਈ ਉਨ੍ਹਾਂ ਦੀ ਕਰਨੀ ਸੱਚ ਦੀ ਹੋਇਆ ਕਰਦੀ ਹੈ, ਜੋ ਸੰਸਾਰ ਦੇ ਅਨੇਕ ਜੀਵਾਂ ਨੂੰ ਤਾਰਨ ਦੀ ਸਮਰੱਥਾ ਰਖਦੀ ਹੈ। ਸੋ ਇਹ ਕਰਮ ਧਰਮ ਦਾ ਬੰਧਨ ਗਿਆਨ ਤੋਂ ਬਗੈਰ ਨਹੀਂ ਕੱਟ ਹੋਇਆ ਕਰਦਾ। ਗਿਆਨ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਹੋਇਆ ਕਰਦਾ ਜਿਵੇਂ ਕਿ ਫੁਰਮਾਨ ਹੈ -

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥***

***ਅੰਗ - ੫੯***

ਜੀਵ ਦੀ ਕਲਿਆਣ ਲਈ ਗੁਰੂ ਦੀ ਅਵਸ਼ਕਤਾ ਹੈ। ਗੁਰੂ ਘਰ ਦੇ ਅੰਦਰ ਤੱਤ ਬੇਤੇ ਮਹਾਂਪੁਰਸ਼ਾਂ ਦੀ ਮਦਦ ਦੀ ਲੋੜ ਹੈ ਪਰ ਮਹਾਂਪੁਰਸ਼ ਭੇਖਧਾਰੀ, ਪਾਖੰਡੀ ਨਾ ਹੋਵੇ, ਨਾ ਹੀ ਕੋਈ ਅਡੰਬਰ ਰਚਣ ਵਾਲਾ ਹੋਵੇ ਅਤੇ ਨਾ ਹੀ ਮਾਨਤਾ ਪ੍ਰਾਪਤੀ ਲਈ ਇਛੁਕ ਹੋਵੇ। ਤੱਤ ਬੇਤੇ ਮਹਾਂਪੁਰਸ਼ ਉਹਨਾਂ ਨੂੰ ਆਖਦੇ ਹਨ ਜਿਨਾਂ ਨੇ ਸੰਸਾਰ ਵਿਚ ਸਤਿ ਨੂੰ ਆਪਣੇ ਅੰਦਰ ਪ੍ਰਗਟ ਕਰ ਲਿਆ ਹੋਵੇ ਅਤੇ ਕਣ-ਕਣ ਦੇ ਵਿਚ ਉਸ ਦੀ ਹਾਜ਼ਰੀ ਅਨੁਭਵ ਕਰਕੇ ਉਸ ਵਿਚ ਲੀਨ ਰਹਿੰਦੇ ਹੋਣ, ਉਹਨਾਂ ਦੀ ਦ੍ਰਿਸ਼ਟੀ ਹਰ ਥਾਂ ਉਪਰ ਪ੍ਰਭੂ ਦੇ ਦਰਸ਼ਨ ਕਰਨ ਵਾਲੀ ਹੋਵੇ, ਅਜਿਹੇ ਮਹਾਤਮਾ ਗੁਰਬਾਣੀ ਦੇ ਗੋਹਝ ਭਾਵਾਂ ਨੂੰ ਆਪਣੇ ਜੀਵਨ ਅੰਦਰ ਪਰਤੱਖ ਰੂਪ ਵਿਚ ਪ੍ਰਗਟ ਕਰਨ ਵਾਲੇ ਹੋਇਆ ਕਰਦੇ ਹਨ। ਸੋ ਐਸੇ ਅਦ੍ਵੈਤਵਾਦੀ ਪੰਜ ਭਰਮਾਂ ਤੋਂ ਰਹਿਤ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਮਹਾਤਮਾ ਜਗਿਆਸੂ ਦੀ ਪੂਰਨ ਰੂਪ ਵਿਚ ਮਦਦ ਕਰਕੇ ਉਸਦੇ ਅਗਿਆਨ ਦੇ ਛੌੜ ਕੱਟਣ ਨੂੰ ਸਮਰੱਥ ਹੋਇਆ ਕਰਦੇ ਹਨ। ਇਸ ਦੇ ਵਿਪਰੀਤ ਕੱਚਾ ਗੁਰੂ, ਪੰਡਤ ਗੁਰੂ ਜੋ ਵੇਦ ਵਾਕਾਂ, ਗੁਰਬਾਣੀ ਦੇ ਪਰਮ ਸਿਧਾਂਤਾਂ, ਜੀਵ ਬ੍ਰਹਮ ਦੀ ਏਕਤਾ ਤੇ ਸ਼ਰਧਾ ਰੱਖਣ ਵਾਲਾ ਨਾ ਹੋਵੇ, ਉਹ ਜੀਵ ਦੀ ਕਲਿਆਣ ਨਹੀਂ ਕਰ ਸਕਿਆ ਕਰਦਾ। ਇਸੇ ਤਰ੍ਹਾਂ ਨਾਲ ਅਵਦੂਤ ਗੁਰੂ ਜਿਸ ਨੇ ਆਪ ਤਾਂ ਤਤ੍ਵ ਨੂੰ ਸਮਝ ਲਿਆ ਹੋਵੇ ਪਰ ਉਸ ਵਿਚ ਉਹ ਵਾਕ ਸ਼ਕਤੀ ਨਾ ਹੋਵੇ ਜਿਸ ਨਾਲ ਜੀਵ ਦੇ ਭਰਮ ਕੱਟ ਸਕੇ, ਉਹ ਵੀ ਉਧਾਰ ਕਰਨ ਨੂੰ ਸਮਰੱਥ ਨਹੀਂ ਹੁੰਦਾ। ਅਗਿਆਨ ਦਾ ਨਾਸ਼ ਕਰਨ ਵਾਲਾ ਕੇਵਲ ਤੱਤ ਬੇਤਾ ਮਹਾਂਪੁਰਸ਼ ਹੀ ਹੋਇਆ ਕਰਦਾ ਹੈ। ਭਾਵੇਂ ਸਾਰਾ ਪਸਾਰਾ ਆਤਮਾ ਦਾ ਹੈ, ਆਤਮਾ ਵਿਚ ਨਾ ਕੋਈ ਜਾਤ ਹੁੰਦੀ ਹੈ, ਜੀਵ ਨੂੰ ਜਾਤ-ਪਾਤ ਦਾ ਗਿਆਨ ਕੇਵਲ ਅਧਿਆਸ ਕਰਕੇ ਹੈ। ਆਤਮਾ ਨੂੰ ਕੋਈ ਵੀ ਬੰਧਨ ਨਹੀਂ ਹੋਇਆ ਕਰਦਾ ਪਰ ਜਿਵੇਂ ਅਕਾਸ਼ ਵਿਚ ਕੋਈ ਰੰਗ ਨਹੀਂ ਹੁੰਦਾ ਅਤੇ ਜਦੋਂ ਅਕਾਸ਼ ਨੂੰ ਅਸੀਂ ਉਚੇ ਥਾਂ ਤੋਂ ਦੇਖਦੇ ਹਾਂ ਤਾਂ ਐਉਂ ਪ੍ਰਤੀਤ ਦਿੰਦਾ ਹੈ ਜਿਵੇਂ ਚਾਰੇ ਪਾਸਿਓ ਤੰਬੂ ਵਰਗੀ ਸ਼ਕਲ ਬਣਾ ਕੇ ਧਰਤੀ ਦੇ ਨਾਲ ਲੱਗਿਆ ਹੈ। ਵਾਸਤਵ ਵਿਚ ਉਸਦੀ ਦਸ਼ਾ ਇਹ ਨਹੀਂ ਹੁੰਦੀ ਪਰ ਦਿਸਦਾ ਜ਼ਰੂਰ ਹੈ, ਰੰਗ ਵੀ ਨੀਲਾ ਦਿਸਦਾ ਹੈ, ਅਕਾਸ਼ ਦਾ ਕੋਈ ਰੰਗ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਨਾਲ ਆਤਮਾ ਵਿਚ ਕਿਸੇ ਕਿਸਮ ਦਾ ਕੋਈ ਬੰਧਨ ਨਹੀਂ ਹੁੰਦਾ, ਕੇਵਲ ਅਧਿਆਸ ਕਰਕੇ ਪ੍ਰਤੀਤ ਹੁੰਦਾ ਹੈ, ਆਤਮਾ ਵਿਚ ਅਗਿਆਨ ਦਾ ਕੋਈ ਅੰਸ ਨਹੀਂ ਹੋਇਆ ਕਰਦਾ ਜਿਵੇਂ ਹਨ੍ਹੇਰੇ ਤੇ ਪ੍ਰਕਾਸ਼ ਦਾ ਆਪਸ ਵਿਚ ਵਿਰੋਧ ਹੈ, ਆਤਮਾ (ਨਾਮ) ਸਵੈ ਪ੍ਰਕਾਸ਼ ਹੈ,

ਅਗਿਆਨ ਹਨ੍ਹੇਰਾ ਹੈ ਪਰ ਇਹ ਦੋਵੇਂ ਤੱਤ ਬਿਨਾਂ ਕਿਸੇ ਵਿਧੀ ਦੇ ਇਕ ਦੂਜੇ ਦੀ ਵਿਰੋਧਤਾ ਨਹੀਂ ਕਰਦੇ, ਸਮਾਨ ਰੂਪ ਵਿਚ ਟਿਕੇ ਰਹਿੰਦੇ ਹਨ। ਹਉਮੈ ਆਪਣਾ ਕੰਮ ਜਾਰੀ ਰਖਦੀ ਹੈ, ਜੀਵ ਤੋਂ ਕਰਮ ਕਰਾਉਂਦੀ ਹੈ, ਨਰਕ ਸੁਰਗ ਦਿੰਦੀ ਹੈ, ਨਰਕ ਸੁਰਗ ਦੀ ਦਾਤੀ ਹੈ, ਜੰਮਣਾ ਮਰਨਾ ਹਰ ਵਕਤ ਗਲ ਪਿਆ ਰਹਿੰਦਾ ਹੈ। ਜਦੋਂ ਤਕ ਗੁਰੂ ਤੋਂ ਮੰਤ੍ਰ ਪ੍ਰਾਪਤ ਕਰਕੇ ਜੀਵ ਨਾਮ ਤੱਤ ਵਿਚ ਪ੍ਰਵੇਸ਼ ਨਹੀਂ ਕਰਦਾ, ਉਨੀਂ ਦੇਰ ਤਕ ਨਾਮ ਤੱਤ ਆਪਣੇ ਆਪ ਹੀ 'ਮੈਂ' ਦਾ ਨਾਸ਼ ਨਹੀਂ ਕਰਿਆ ਕਰਦਾ। ਹਉਮੈ ਦਾ ਨਾਸ਼ ਕਰਨ ਵਾਸਤੇ ਤੱਤ ਬੇਤੇ ਮਹਾਂਪੁਰਸ਼ ਦੇ ਮੁਖਾਰਬਿੰਦ ਤੋਂ ਉਨ੍ਹਾਂ ਤੱਤ ਬਚਨਾਂ ਦੇ ਸ੍ਰਵਣ ਕਰਨ ਦੀ ਲੋੜ ਹੈ ਜਿਨ੍ਹਾਂ ਨੂੰ ਸਰਵਣ ਕਰਕੇ ਜੀਵ ਦੇ ਅੰਦਰ ਪ੍ਰਗਟ ਹੋਇਆ ਨਾਮ ਤੱਤ ਹਉਮੈ ਦਾ ਪੂਰਨ ਰੂਪ ਵਿਚ ਵਿਨਾਸ਼ ਕਰ ਦਿੰਦਾ ਹੈ। ਇਹ ਕ੍ਰਿਆ ਕੇਵਲ ਉਸੇ ਸਰੀਰ ਵਿਚ ਹੋਵੇਗੀ ਜੋ ਸਾਧਨ ਸੰਪੰਨ ਹੋ ਕੇ ਇਸ ਅਵਸਥਾ ਨੂੰ ਪ੍ਰਾਪਤ ਕਰ ਗਿਆ ਹੋਵੇ, ਬਾਕੀ ਸਰੀਰਾਂ ਵਿਚ ਨਾਮ ਤੇ ਹਉਮੈ ਆਪਣੇ ਸਹਿਜ ਦੇ ਵਿਚ ਟਿਕੇ ਰਹਿੰਦੇ ਹਨ। ਆਤਮਾ ਸਵੈ ਪ੍ਰਕਾਸ਼ ਹੈ, ਅਗਿਆਨ ਬਿਲਕੁਲ ਘੁੱਪ ਹਨ੍ਹੇਰ ਹੈ, ਪਰ ਆਤਮਾ ਅਗਿਆਨ ਦਾ ਵਿਰੋਧੀ ਨਹੀਂ ਹੈ। ਇਸਦੇ ਵਿਪਰੀਤ ਵਿਸ਼ੇਸ਼ ਚੇਤਨ ਅਗਿਆਨ ਦਾ ਵਿਰੋਧੀ ਹੈ, ਸਖੋਪਤੀ ਅਗਿਆਨ ਅਵਸਥਾ ਹੈ, ਉਸ ਅਵਸਥਾ ਵਿਚ ਨਾ ਕੋਈ ਆਪਣੇ ਸਰੀਰ ਦੀ ਖਬਰ ਹੁੰਦੀ ਹੈ, ਨਾ ਹੀ ਕੋਈ ਪਤਾ ਹੁੰਦਾ ਹੈ ਕਿ ਸੰਸਾਰ ਹੈ। ਨਾ ਕੋਈ ਉਸ ਵਿਚ ਪੁਤਰ, ਧੀਆਂ, ਇਸਤ੍ਰੀ, ਮਿਤਰ, ਦੋਸਤ ਹੁੰਦੇ ਹਨ। ਇਕ ਤਰ੍ਹਾਂ ਨਾਲ ਗਾੜ੍ਹੀ ਨੀਂਦ ਬੇਹੋਸ਼ੀ ਦੀ ਹੀ ਹਾਲਤ ਹੁੰਦੀ ਹੈ, ਉਸ ਗਾੜ੍ਹੀ ਨੀਂਦ ਵਿਚ ਮਾਣੇ ਹੋਏ ਸੁਖ ਦਾ ਜੋ ਗਿਆਨ ਯਾਦਾਸ਼ਤ ਵਿਚ ਸਮਾਇਆ ਹੁੰਦਾ ਹੈ, ਉਸ ਦਾ ਪ੍ਰਕਾਸ਼ਕ ਵੀ ਆਤਮਾ ਹੀ ਹੁੰਦਾ ਹੈ, ਅੰਤਸ਼ਕਰਣ ਨਹੀਂ ਹੁੰਦਾ ਕਿਉਂਕਿ ਅੰਤਸ਼ਕਰਣ, ਮਨ, ਚਿਤ, ਬੁੱਧ, ਅਹੰਭਾਵ ਅਤੇ ਸਾਰੀਆਂ ਹੀ ਗਿਆਨ ਇੰਦ੍ਰੀਆਂ ਉਸ ਵੇਲੇ ਆਪਣੇ ਕਾਰਜ ਵਿਚ ਲੈਅ ਹੋ ਜਾਂਦੀਆਂ ਹਨ, ਉਨ੍ਹਾਂ ਦਾ ਕਾਰਜ ਗਿਆਨ ਹੋਇਆ ਕਰਦਾ ਹੈ। ਇਸ ਉਤੇ ਇਕ ਪ੍ਰਸ਼ਨ ਉਠਦਾ ਹੈ ਜਦੋਂ ਆਤਮਾ (ਨਾਮ) ਹਉਮੈ ਦਾ ਵਿਰੋਧੀ ਹੈ ਜਾਂ ਕਹੋ ਅਗਿਆਨ ਦਾ ਵਿਰੋਧੀ ਹੈ ਫੇਰ ਦੋਵੇਂ ਇਕ ਥਾਂ ਤੇ ਰਹਿ ਕੇ ਕਿਵੇਂ ਸਮਝੌਤਾ ਕਰ ਰਖਦੇ ਹਨ, ਦੋਹਾਂ ਦੀ ਹੋਂਦ ਕਿਵੇਂ ਕਾਇਮ ਰਹਿ ਸਕਦੀ ਹੈ, ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ -

***ਸਗਲ ਬਨਸਪਤਿ ਮਹਿ ਬੈਸੰਤਰੁ***
***ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ***
***ਘਟਿ ਘਟਿ ਮਾਧਉ ਜੀਆ॥***
***ਸੰਤਹੁ ਘਟਿ ਘਟਿ ਰਹਿਆ ਸਮਾਹਿਓ॥***
***ਪੂਰਨ ਪੂਰਿ ਰਹਿਓ ਸਰਬ ਮਹਿ***
***ਜਲਿ ਥਲਿ ਰਮਈਆ ਆਹਿਓ॥***
***ਗੁਣ ਨਿਧਾਨ ਨਾਨਕੁ ਜਸੁ ਗਾਵੈ***
***ਸਤਿਗੁਰਿ ਭਰਮੁ ਚੁਕਾਇਓ॥***
***ਸਰਬ ਨਿਵਾਸੀ ਸਦਾ ਅਲੇਪਾ***
***ਸਭ ਮਹਿ ਰਹਿਆ ਸਮਾਇਓ॥ ਅੰਗ- ੬੧੭***

ਬਨਸਪਤ ਵਿਚ ਜੋ ਅਗਨ ਹੈ ਉਹ ਕਾਠ ਦੀ ਵਿਰੋਧਨ ਹੈ ਪਰ ਕਾਠ ਵਿਚ ਪਈ ਅੱਗ ਉਸ ਨੂੰ ਨਹੀਂ ਜਲਾਉਂਦੀ ਪਰ ਜਦੋਂ ਪਰਚੰਡ ਹੋ ਜਾਵੇ, ਫਿਰ ਜਾਲ ਦਿੰਦੀ ਹੈ। ਇਸੇ ਤਰ੍ਹਾਂ ਨਾਲ ਵਿਆਪਕ ਚੇਤਨ ਅਗਿਆਨ ਨੂੰ ਆਪੇ ਦੂਰ ਨਹੀਂ ਕਰਦਾ ਪਰ ਜਦੋਂ ਅੰਤਸ਼ਕਰਣ ਵਿਚ ਬ੍ਰਹਮਾਕਾਰ ਬਿਰਤੀ ਉਦੈ ਹੋ ਜਾਵੇ, ਉਸ ਸਮੇਂ ਇਹ ਬ੍ਰਹਮ ਬਿਰਤੀਆਂ ਅਗਿਆਨ ਅੰਧੇਰੇ ਦਾ ਨਾਸ਼ ਕਰ ਦਿੰਦੀਆਂ ਹਨ। ਸੋ ਬਿਰਤੀ ਨਾਲ ਚੇਤਨ ਜੋ ਹੈ, ਉਹ ਅਗਿਆਨ ਦਾ ਵਿਰੋਧੀ ਹੈ। ਅਸੀਂ ਆਤਮਾ ਦੇ ਸਤਿ ਸਰੂਪ ਨੂੰ ਮੰਨਦੇ ਹਾਂ ਪਰ ਅਨੰਦ ਅਤੇ ਚੇਤਨ, ਵਿਆਪਕ, ਨਿਤ ਸ਼ੁਧ, ਨਿਤ ਮੁਕਤ ਰੂਪ ਆਤਮਾ ਨੂੰ ਜਾਣਿਆ ਨਹੀਂ। ਇਹ ਗੱਲ ਕੇਵਲ ਅਨੁਭਵ ਸਿੱਧ ਹੈ। ਇਸ ਸਰੂਪ ਦਾ ਅਨੁਭਵ ਕੇਵਲ ਆਤਮ ਗਿਆਨੀ ਨੂੰ ਹੀ ਹੁੰਦਾ ਹੈ। ਇਸ ਆਤਮਾ ਨੂੰ ਸਾਖਸ਼ਾਤ ਕਰਨ ਵਿਚ ਤੱਤ ਬੇਤੇ ਮਹਾਂਪੁਰਸ਼ ਦੀ ਅਤਿਅੰਤ ਲੋੜ ਹੈ। ਗੁਰੂ ਘਰ ਵਿਚ ਤੱਤ ਬੇਤੇ ਮਹਾਂਪੁਰਸ਼ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਆਪਣੇ ਆਪ ਨੂੰ ਕਿਸੇ ਤਰ੍ਹਾਂ ਨਾਲ ਵੀ ਗੁਰੂ ਤਾਂ ਕੀ ਕਹਾਉਣਾ ਹੋਇਆ, ਕੁਝ ਵੀ ਨਹੀਂ ਕਹਾਇਆ ਕਰਦੇ ਕਿਉਂਕਿ ਉਨ੍ਹਾਂ ਨੂੰ ਤਤ੍ਵ ਦਾ ਗਿਆਨ ਹੁੰਦਾ ਹੈ। ਪ੍ਰਮਾਤਮ ਤੱਤ ਘਟ-ਘਟ ਵਿਚ ਰਵਿਆ ਹੁੰਦਾ ਹੈ, ਉਹ ਉਸ ਵਿਚ ਅਭੇਦ ਹੋਇਆ ਹੋਇਆ ਹੁੰਦਾ ਹੈ, ਆਪਣੀ ਵੱਖਰੀ ਹੋਂਦ ਨਹੀਂ ਰੱਖਿਆ ਕਰਦਾ। ਇਹ ਦੋ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਇਸ ਵਿਚ ਕਰਮ ਪਹਿਲਾ ਬੰਧਨ ਰੂਪ ਹੋਇਆ ਕਰਦਾ ਹੈ। ਦੋ ਕਿਸਮ ਦੇ ਕਰਮ, ਸ਼ੁਭ ਕਰਮ ਕਿਉਂ ਬੰਧਨ ਰੂਪ ਹਨ ਕਿਉਂਕਿ ਸ਼ੁਭ ਕਰਮ ਕਰਕੇ ਉਨ੍ਹਾਂ ਦਾ ਕਰਤਾ ਭਾਵ ਆਪਣੇ ਅੰਦਰ ਵਸਾਉਣਾ ਸਵਰਗ ਦਾ ਵਾਸ ਦਿਆ ਕਰਦਾ ਹੈ, ਨਖਿੱਧ ਕਰਮਾਂ ਦਾ ਫਲ ਨਰਕ ਹੋਇਆ ਕਰਦਾ ਹੈ। ਸ਼ੁਭ ਕਰਮ ਸ਼ੁਭ ਵਾਸ਼ਨਾ ਕਰਕੇ ਕੀਤੇ ਜਾਇਆ ਕਰਦੇ ਹਨ। ਅਸ਼ੁਭ ਕਰਮ, ਅਸ਼ੁਭ ਵਾਸ਼ਨਾ ਕਰਕੇ ਕੀਤੇ ਜਾਂਦੇ ਹਨ। ਹਰ ਤਰ੍ਹਾਂ ਦੇ ਕਰਮਾਂ ਦਾ ਕਰਤਾਪਨ ਦਾ ਅਧਿਆਸ ਬੁਧੀ ਗਿਆਨ ਵਿਚ ਹੋਣਾ ਹਰ ਹਾਲਤ ਵਿਚ ਫਲ ਦੇਣ ਵਾਲਾ ਹੋਇਆ ਕਰਦਾ ਹੈ, ਇਹ ਗਲੋਂ ਨਹੀਂ ਲਹਿਆ ਕਰਦਾ। ਅਸ਼ੁਭ ਵਾਸ਼ਨਾ ਦਾ ਨਾਸ਼ ਕੇਵਲ ਸਤਿਸੰਗ ਵਿਚ ਹੁੰਦਾ ਹੈ ਅਤੇ ਜੀਵ ਸਤਿਸੰਗ ਵਿਚ ਗਿਆਨ ਪ੍ਰਾਪਤ ਕਰਕੇ ਅਸ਼ੁਭ ਕਰਮਾਂ ਤੋਂ ਹਟ ਜਾਇਆ ਕਰਦਾ ਹੈ ਅਤੇ ਅੱਗੇ ਲਈ ਬੁਰੇ ਕਰਮ

ਕਰਨ ਤੋਂ ਹਟ ਕੇ ਨਾਮ ਜਪ ਕੇ ਪਿਛਲੇ ਕਰਮਾਂ ਦਾ ਨਾਸ਼ ਕਰ ਲਿਆ ਕਰਦਾ ਹੈ। ਇਸ ਦੇ ਵਿਪਰੀਤ ਸ਼ੁਭ ਵਾਸ਼ਨਾਵਾਂ ਕੁਸੰਗ ਮਿਲਣ ਨਾਲ ਖਤਮ ਹੋਇਆ ਕਰਦੀਆਂ ਹਨ ਅਤੇ ਜੀਵ ਕੁਸੰਗਤ ਦੇ ਅਧੀਨ ਹੋਇਆ ਅਸ਼ੁਭ ਕਰਮ ਕਰਦਾ ਹੈ। ਕਰਮਾਂ ਦਾ ਇਹ ਨਿਯਮ ਹੈ ਕਿ ਚਾਹੇ ਸ਼ੁਭ ਚਾਹੇ ਅਸ਼ੁਭ ਕੀਤੇ ਜਾਣ, ਉਨ੍ਹਾਂ ਦਾ ਫਲ ਭੋਗਣਾ ਹੀ ਹੁੰਦਾ ਹੈ। ਇਹ ਦੋਹਾਂ ਕਿਸਮਾਂ ਦੇ ਉਪਜੇ ਕਰਮ ਭੋਗਾਂ ਦਾ ਨਾਸ਼ ਕੇਵਲ ਗਿਆਨ ਪ੍ਰਾਪਤੀ ਤੋਂ ਹੁੰਦਾ ਹੈ। ਜਦੋਂ ਗਿਆਨ ਹੋ ਜਾਂਦਾ ਹੈ ਤਾਂ ਕਰਮ ਭੋਗ ਸੁਪਨ ਅਵਸਥਾ (ਅਗਿਆਨ) ਵਿਚ ਹੀ ਰਹਿ ਜਾਂਦੇ ਹਨ। ਜਿਸ ਤਰ੍ਹਾਂ ਜਾਗਣ ਤੇ ਸੁਪਨੇ ਦੀ ਸਾਰੀ ਸਮਗੱਰੀ ਨਾਸ਼ ਹੋ ਜਾਇਆ ਕਰਦੀ ਹੈ ਅਤੇ ਸੁਪਨੇ ਵਿਚ ਕੀਤੇ ਹੋਏ ਪੁੰਨ-ਦਾਨ ਦਾ ਵੀ ਜਾਗ੍ਰਤ ਵਿਚ ਕੋਈ ਫਲ ਨਹੀਂ ਮਿਲਿਆ ਕਰਦਾ ਅਤੇ ਨਾ ਹੀ ਸੁਪਨੇ ਵਿਚ ਬਹੁਤ ਬੁਰੇ ਕਰਮ, ਕਤਲ, ਡਾਕੇ ਮਾਰਨੇ ਆਦਿ ਦਾ ਫਲ ਜਾਗ੍ਰਤ ਵਿਚ ਹੋਇਆ ਕਰਦੇ ਹਨ। ਸੁਪਨੇ ਦੀ ਆਪਣੀ ਦੁਨੀਆਂ ਹੈ, ਜਾਗ੍ਰਤ ਦੀ ਆਪਣੀ ਦੁਨੀਆਂ ਹੈ ਅਤੇ ਇਸੇ ਤਰ੍ਹਾਂ ਨਾਲ ਦੋਹਾਂ ਕਿਸਮ ਦੀਆਂ ਵਾਸ਼ਨਾਵਾਂ ਤੋਂ ਉਪਜੇ ਕਰਮ ਭੋਗਾਂ ਦਾ ਨਾਸ਼, ਗਿਆਨ ਹੋਣ ਤੇ ਅਵਸ਼ ਹੋ ਜਾਇਆ ਕਰਦਾ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ-

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥***

***ਅੰਗ - ੧੧੯੫***

ਪਰ ਇਸ ਦੇ ਵਿਪਰੀਤ ਜੇ ਅਗਿਆਨ ਦੀ ਅਵਸਥਾ ਵਿਚ ਜੀਵ ਕਹਿੰਦਾ ਹੈ ਕਿ ਮੈਂ ਕੋਈ ਕਰਮ ਨਹੀਂ ਕਰਦਾ, ਨਾ ਹੀ ਫਲ ਦੀ ਇਛਿਆ ਰਖਦਾ ਹਾਂ। ਕਹਿਣ ਦੇ ਨਾਲ ਇਸਨੇ ਉਨ੍ਹਾਂ ਕਰਮਾਂ ਦਾ ਫਲ ਭੋਗਣ ਤੋਂ ਬਚ ਨਹੀਂ ਜਾਣਾ। ਸੋ ਅਗਿਆਨ ਦੀ ਅਵਸਥਾ ਵਿਚ ਭਾਵੇਂ ਕਰਮ ਇੱਛਾ ਰਹਿਤ ਹੋ ਕੇ ਕੀਤੇ ਜਾਣ ਪਰ ਫਲ ਜ਼ਰੂਰ ਦਿੰਦੇ ਹਨ ਪਰ ਇਹ ਜ਼ਰੂਰ ਹੈ ਕਿ ਨਿਸ਼ਕਾਮ ਕਰਮ ਕਰਕੇ ਅੰਤਸ਼ਕਰਣ ਦੀ ਮੈਲ ਦੂਰ ਹੋ ਜਾਇਆ ਕਰਦੀ ਹੈ, ਨਿਰਮਲ ਅੰਤਸ਼ਕਰਣ ਗਿਆਨ ਪ੍ਰਾਪਤੀ ਦਾ ਸਹਾਇਕ ਹੈ। ਸੋ ਤੱਤ ਬੇਤਾ ਮਹਾਂਪੁਰਸ਼ ਹੀ ਗਿਆਨ ਪ੍ਰਾਪਤੀ ਵਿਚ ਸਹਾਇਤਾ ਕਰ ਸਕਦਾ ਹੈ। ਜਿਹੜੇ ਪੁਰਸ਼ ਅਗਿਆਨੀ ਹਨ ਜਿਨ੍ਹਾਂ ਦੇ ਅੰਦਰੋਂ ਪੰਜਾਂ ਭਰਮਾਂ ਦਾ ਨਾਸ਼ ਨਹੀਂ ਹੋਇਆ, ਜਿਨ੍ਹਾਂ ਦੇ ਅੰਦਰੋਂ ਭਰਮ ਦੀ ਕਾਈ ਨਹੀਂ ਮਿਟ ਸਕੀ, ਉਹ ਭਾਵੇਂ ਕਿੰਨੇ ਹੀ ਚਤੁਰ ਹੋਣ, ਉਸ ਦੀ ਵਾਕ ਸ਼ਕਤੀ ਕਿੰਨੀ ਹੀ ਸੁਲਝੀ ਹੋਈ ਹੋਵੇ, ਉਹ ਜੀਵ ਦੇ ਅਗਿਆਨ ਮੰਡਲ ਨੂੰ ਕਿਸੇ ਤਰ੍ਹਾਂ ਵੀ ਤੋੜ ਨਹੀਂ ਸਕਦੇ ਅਤੇ ਉਨ੍ਹਾਂ ਦਾ ਦਿਤਾ ਹੋਇਆ ਉਪਦੇਸ਼ ਫਲੀਭੂਤ ਨਹੀਂ ਹੋਇਆ ਕਰਦਾ।

ਸਮੁੰਦਰ ਦਾ ਪਾਣੀ ਖਾਰਾ ਹੈ, ਪੀਣ ਨਾਲ ਅਨੇਕ ਰੋਗ ਲਗ ਜਾਂਦੇ ਹਨ ਪਰ ਜੇ ਇਹੋ ਪਾਣੀ ਬੱਦਲ ਬਣ ਕੇ ਬਰਸੇ ਤਾਂ ਅੰਮ੍ਰਿਤ ਹੋ ਜਾਇਆ ਕਰਦਾ ਹੈ। ਵੇਦ ਵਾਕ ਅਤੇ ਗੁਰਬਾਣੀ ਦੇ ਸਿਧਾਂਤ ਜਦੋਂ ਅਗਿਆਨੀ ਪੁਰਸ਼ ਦੇ ਅੰਦਰ ਪ੍ਰਵੇਸ਼ ਕਰੇ ਹੋਏ ਹੁੰਦੇ ਹਨ ਤਾਂ ਉਨ੍ਹਾਂ ਦਾ ਅਸਰ ਖਾਰੇ ਪਾਣੀ ਵਰਗਾ ਹੀ ਹੁੰਦਾ ਹੈ ਪਰ ਜਦੋਂ ਇਹੀ ਉਪਦੇਸ਼ ਤੱਤ ਬੇਤੇ ਮਹਾਂਪੁਰਸ਼ ਨੇ ਘਾਲ ਕਮਾਈਆਂ ਕਰਕੇ ਕਮਾ ਲਏ ਤਾਂ ਇਸ ਤਰ੍ਹਾਂ ਅੰਮ੍ਰਿਤ ਬਣ ਜਾਂਦੇ ਹਨ ਜਿਵੇਂ ਖਾਰਾ ਪਾਣੀ ਭਾਫ ਬਣ ਕੇ ਬੱਦਲ ਦਾ ਰੂਪ ਧਾਰਨ ਕਰਦਾ ਹੈ ਅਤੇ ਜਦੋਂ ਉਚੀਆਂ ਥਾਵਾਂ ਤੇ ਮੀਂਹ ਦੇ ਰੂਪ ਵਿਚ ਵਰਸਦਾ ਹੈ ਤਾਂ ਇਹ ਅੰਮ੍ਰਿਤ ਜਲ ਫਸਲਾਂ ਵਿਚ ਹਰਿਆਵਲ ਲਿਆਉਂਦਾ ਹੈ ਅਤੇਅਨਾਜ ਪੈਦਾ ਕਰਦਾ ਹੈ। ਐਸੇ ਮਹਾਂਪੁਰਸ਼ਾਂ ਦੇ ਵਾਕ ਕਲਿਆਣਕਾਰੀ ਹੋਇਆ ਕਰਦੇ ਹਨ। ਭੇਦਵਾਦੀ ਤੋਂ ਨਾ ਹੀ ਤਾਂ ਆਪ ਦੀ ਕਲਿਆਣ ਹੁੰਦੀ ਹੈ ਨਾ ਹੀ ਕਿਸੇ ਹੋਰ ਦੀ ਕਲਿਆਣ ਕਰਨ ਨੂੰ ਸਮਰੱਥ ਹੁੰਦਾ ਹੈ। ਗੱਲਾਂ ਬਾਤਾਂ ਦਾ ਧਨੀ ਹੁੰਦਾ ਹੈ ਪਰ ਕਰਨੀ ਕਮਾਈ ਵਿਚ ਕੁਝ ਵੀ ਨਹੀਂ ਹੋਇਆ ਕਰਦਾ। ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਗਲੀ ਹਉ ਸੋਹਾਗਣਿ ਭੈਣੇ***
***ਕੰਤੁ ਨ ਕਬਹੂੰ ਮੈ ਮਿਲਿਆ॥ ਅੰਗ - ੪੩੩***

***ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥***
***ਰੀਸਾ ਕਰਿਹ ਤਿਨਾੜੀਆ***
***ਜੋ ਸੇਵਹਿ ਦਰੁ ਖੜੀਆਹ॥***
***ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥***
***ਹੋਦੈ ਤਾਣਿ ਨਿਤਾਣੀਆ***
***ਰਹਹਿ ਨਿਮਾਨਣੀਆਹ॥***
***ਨਾਨਕ ਜਨਮੁ ਸਕਾਰਥਾ***
***ਜੇ ਤਿਨ ਕੈ ਸੰਗਿ ਮਿਲਾਹ॥ ਅੰਗ- ੮੫***

ਸੋ ਇਸ ਕਰਕੇ ਅਗਿਆਨੀ ਪੁਰਸ਼ ਭਾਵੇਂ ਉਸ ਦਾ ਭੇਖ ਸਾਧੂਆਂ ਦਾ ਹੋਵੇ, ਭਾਵੇਂ ਕੋਈ ਹੋਰ ਹੋਵੇ ਉਹ, ਉਸ ਦੇ ਅੰਦਰੋਂ ਪ੍ਰਗਟ ਹੋਇਆ ਗਿਆਨ, ਨਾਸਤਕਤਾ ਪੈਦਾ ਕਰ ਦਿਆ ਕਰਦਾ ਹੈ। ਉਹ ਆਪ ਵੀ ਨਾਸਤਕ ਹੁੰਦਾ ਹੈ ਅਤੇ ਪਿਛੇ ਲੱਗਣ ਵਾਲਿਆਂ ਨੂੰ ਵੀ ਨਾਸਤਕ ਬਣਾ ਦਿੰਦਾ ਹੈ। ਜਿਵੇਂ ਘੜੇ ਵਿਚ ਸਮੁੰਦਰ ਦਾ ਪਾਣੀ ਖਾਰਾ ਸਵਾਦ ਬਦਲ ਨਹੀਂ ਸਕਦਾ ਇਸੇ ਤਰ੍ਹਾਂ ਅਗਿਆਨੀ ਦੀ ਬੁੱਧੀ ਰਾਹੀਂ ਦਿਤਾ ਉਪਦੇਸ਼ ਅਗਿਆਨਤਾ ਦਾ ਨਾਸ਼ ਨਹੀਂ ਕਰ ਸਕਦਾ, ਕੇਵਲ ਬ੍ਰਹਮ ਗਿਆਨੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਦੇ ਬਚਨ ਹੀ ਅੰਮ੍ਰਿਤ ਰੂਪ ਹੋਇਆ ਕਰਦੇ ਹਨ। ਬ੍ਰਹਮਗਿਆਨੀ ਦੇ ਬਚਨ ਹੀ ਵੇਦ ਬਾਣੀ ਅਤੇ ਤੱਤ ਬਚਨ ਹੋਇਆ ਕਰਦੇ ਹਨ ਜਿਸ ਤਰ੍ਹਾਂ ਕਿ -

***ਜਿਨਿ ਜਾਤਾ ਤਿਸ ਕੀ ਇਹ ਰਹਤ॥***
***ਸਤਿ ਬਚਨ ਸਾਧੂ ਸਭਿ ਕਹਤ॥***

***ਅੰਗ - ੨੯੪***

ਇਹ ਬਚਨ ਭਾਵੇਂ ਕਿਸੇ ਵੀ ਭਾਸ਼ਾ ਵਿਚ ਹੋਣ, ਜੀਵ ਦਾ ਅਗਿਆਨ ਦੂਰ ਕਰਨ ਵਾਸਤੇ ਸਹਾਇਕ ਹੁੰਦੇ ਹਨ।

ਕਰਮ ਧਰਮ ਦੇ ਬੰਧਨ ਨੂੰ ਜਣਾਉਂਦੇ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਦੂਸਰਾ ਬੰਧਨ ਜੋ ਜੀਵ ਦੀ ਸੁਰਤ ਨੂੰ ਗੁਆ ਰਿਹਾ ਹੈ, ਉਹ ਅਵਿਦਿਆ ਹੈ। ਜੀਵ ਨੂੰ ਜੀਵ ਭਾਵ ਵਿਚੋਂ ਰੋਕ ਕੇ ਰੱਖਣ ਵਾਸਤੇ ਅਵਿਦਿਆ ਦਾ ਬੰਧਨ ਬਹੁਤ ਹੀ ਪ੍ਰਬਲ ਹੈ। ਜਦੋਂ ਇਸ ਸੰਸਾਰ ਦੀ ਰਚਨਾ ਬਾਰੇ ਵਿਚਾਰਦੇ ਹਾਂ ਤਾਂ ਗੁਰਬਾਣੀ ਦੇ ਪ੍ਰਕਾਸ਼ ਵਿਚ ਪਤਾ ਚਲਦਾ ਹੈ ਕਿ ਇਥੇ ਕੇਵਲ ਇਕੋ ਚੇਤਨ ਤੱਤ ਹੈ। ਕੋਈ ਅੱਲਾਹ, ਰਾਮ, God ਜਾਂ ਹੋਰ ਅਨੇਕਾਂ ਨਾਮ ਦੇ ਕੇ ਸੰਬੋਧਨ ਕਰਦੇ ਹਨ। ਇਸ ਇਕ ਨੇ ਸਰਗੁਣ ਸਰੂਪ ਧਾਰਿਆ ਅਤੇ ਏਕੰਕਾਰ ਕਹਾਇਆ, ਏਕੰਕਾਰ ਤੋਂ ਸ਼ਬਦ ਧੁਨ ਹੋਈ ਜਿਸ ਤੋਂ ਸਾਰੇ ਆਕਾਰ ਪ੍ਰਗਟ ਹੋ ਗਏ ਅਤੇ ਇਕ ਅਨੇਕਤਾ ਵਿਚ ਵਰਤ ਗਿਆ। ਸਿਆਣਿਆਂ ਦਾ ਐਸਾ ਮਤ ਹੈ ਕਿ ਸੰਸਾਰ ਵਿਚ ਦੋ ਤਤੂ ਹਨ। ਇਕ ਨੂੰ ਚੇਤਨ ਤੱਤ ਆਖਿਆ ਜਾਂਦਾ ਹੈ, ਦੂਸਰਾ ਜੜ੍ਹ ਤਤੂ ਹੈ। ਜੜ੍ਹ ਤਤੂ ਦੇ ਪ੍ਰਥਮ ਦੋ ਭੇਦ ਹਨ- ਇਕ ਨੂੰ ਪ੍ਰਕ੍ਰਿਤੀ, ਇਕ ਨੂੰ ਵਿਕ੍ਰਤੀ ਆਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਅੱਠ ਪ੍ਰਕ੍ਰਿਤੀਆਂ ਹਨ, ਪ੍ਰਧਾਨ ਨੂੰ ਮੂਲ ਪ੍ਰਕ੍ਰਿਤੀ ਜਾਂ ਮਹਤਤੂ ਕਹਿੰਦੇ ਹਨ। ਮਹਤਤੂ ਚਿੱਤ ਨੂੰ ਆਖਿਆ ਜਾਂਦਾ ਹੈ। ਉਸ ਪਿਛੋਂ ਹਉਮੈ ਦੀ ਉਪਜ ਹੋਈ ਜਿਸ ਤੋਂ ਪੰਜ ਤਨ ਮਾਤਰਾ - ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਅੱਠ ਮੂਲ ਪ੍ਰਕ੍ਰਿਤੀਆਂ ਹਨ। ਇਨ੍ਹਾਂ ਤੋਂ ਪੰਜ ਸਥੂਲ ਭੂਤ - ਅਕਾਸ਼, ਅਗਨ, ਵਾਯੂ, ਜਲ, ਪ੍ਰਿਥਵੀ, ਗਿਆਰਾਂ ਇੰਦ੍ਰੀਆਂ (ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ) ਸ੍ਰੋਤ, ਤਵੱਚਾ, ਨੇਤਰ, ਰਸਨਾ, ਨੱਕ, ਜਿਹਭਾ, ਹੱਥ, ਪੈਰ, ਉਪਸਥ ਇੰਦਰਾ ਗੁਦਾ ਅਤੇ ਮਨ ਇਹ 16 ਵਿਕ੍ਰਤੀਆਂ ਕਹਾਉਂਦੀਆਂ ਹਨ। ਗੁਰਮਤਿ ਅਨੁਸਾਰ ਇਸ ਤਰ੍ਹਾਂ ਹੈ ਕਿ ਮਾਇਆ ਦੀ ਉਤਪਤੀ ਦਾ ਕਾਰਨ ਓਅੰਕਾਰ ਆਪ ਹੀ ਹੈ। ਏਕੰਕਾਰ ਜੀ ਨੇ ਆਪਣੀ ਮਾਇਆ ਆਪ ਹੀ ਪਸਾਰੀ ਹੈ, ਆਪ ਹੀ ਦੇਖਣਹਾਰਾ ਹੈ।

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ॥*** ***ਅੰਗ - ੫੩੭***

ਇਸ ਕਰਕੇ ਜੜ੍ਹ ਤਤ ਸੁਤੰਤਰ ਤੱਤ ਨਹੀਂ ਹੈ ਕੇਵਲ ਇਕੋ ਵਾਹਿਗੁਰੂ ਜੀ ਹੀ ਪ੍ਰਾਕ੍ਰਿਤੀ ਅਤੇ ਜੀਵ ਤਤੂ ਹੈ, ਪੂਰਨ ਅਦ੍ਵੈਤ ਹੈ। ਚੇਤਨ ਤੱਤ ਜਿਸ ਨੂੰ ਅਸੀਂ ਪ੍ਰਮੇਸ਼ਰ ਆਖਦੇ ਹਾਂ ਉਹ ਆਪ ਹੀ ਗਿਆਨ ਹੈ, ਸਰਬ ਕਲਾ ਸਮਰੱਥ ਹੈ, ਆਪ ਹੀ ਮੂਲ ਪ੍ਰਕ੍ਰਿਤੀ ਹੈ, ਆਪ ਹੀ ਪ੍ਰਧਾਨ ਹੈ। ਪ੍ਰਧਾਨ ਆਪ ਹੀ ਹੋਣ ਕਰਕੇ ਆਪ ਹੀ ਪ੍ਰਭੂ ਦਾ ਚਮਤਕਾਰਾ ਹੈ ਜਿਸ ਨੂੰ ਮੂਲ ਪ੍ਰਕ੍ਰਿਤੀ ਆਖਦੇ ਹਨ ਅਤੇ 8 ਪ੍ਰਕ੍ਰਿਤੀਆਂ, 16 ਵਿਕ੍ਰਤੀਆਂ, ਇਹ ਸਭ ਚੇਤਨ ਤੱਤ ਵਿਚੋਂ ਹੀ ਉਤਪਤ ਹੋਏ ਹਨ। ਪ੍ਰਕ੍ਰਿਤੀ ਕਿਸਨੂੰ ਆਖਿਆ ਜਾਂਦਾ ਹੈ ਇਹ ਸਮਝਣ ਵਾਲੀ ਗੱਲ ਹੈ। ਜਿਸ ਤੋਂ ਅੱਗੇ ਕੋਈ ਨਵਾਂ ਤੱਤ ਉਤਪਤ ਹੋਵੇ, ਉਸ ਨੂੰ ਪ੍ਰਕ੍ਰਿਤੀ ਕਹਿੰਦੇ ਹਨ ਅਰਥਾਤ ਜੋ ਕਿਸੇ ਨਵੇਂ ਤੱਤ ਦਾ ਉਪਾਦਾਨ, ਜਿਸ ਤੋਂ ਅੱਗੇ ਨਵਾਂ ਤੱਤ ਉਤਪੰਨ ਹੋਵੇ, ਉਸ ਨੂੰ ਪ੍ਰਕ੍ਰਿਤੀ ਆਖਦੇ ਹਨ। ਜੋ ਕਿਸੇ ਨਵੇਂ ਤੱਤ ਦਾ ਉਪਾਦਾਨ ਕਾਰਨ ਨਾ ਹੋਵੇ ਅਤੇ ਜਿਸ ਤੋਂ ਅੱਗੇ ਕੋਈ ਨਵਾਂ ਤੱਤ ਉਤਪੰਨ ਨਾ ਹੋਵੇ ਉਸ ਨੂੰ ਵਿਕ੍ਰਿਤੀ ਵਿਕਾਰ ਅਰਥਾਤ ਕਾਰਜ ਵੀ ਕਹਿੰਦੇ ਹਨ। ਜੜ੍ਹ ਤਤੂ ਦੇ 24 ਵਿਭਾਗਾਂ ਵਿਚੋਂ ਅੱਠ ਪ੍ਰਕ੍ਰਿਤੀਆਂ ਦੱਸੀਆਂ ਗਈਆਂ ਹਨ ਅਤੇ ਉਨ੍ਹਾਂ ਵਿਚੋਂ ਪ੍ਰਧਾਨ ਅਰਥਾਤ ਮੂਲ ਪ੍ਰਕ੍ਰਿਤੀ ਹੀ ਇਕ ਕੇਵਲ ਪ੍ਰਕ੍ਰਿਤੀ ਹੈ, ਬਾਕੀ ਸੱਤ ਤਾਂ ਪ੍ਰਕ੍ਰਿਤੀ ਅਤੇ ਵਿਕ੍ਰਤੀਆਂ ਦੋਨੋਂ ਹਨ। ਅਰਥਾਤ ਮਹਤਤ (ਚਿੱਤ) ਪ੍ਰਧਾਨ (ਮੂਲ ਪ੍ਰਕ੍ਰਿਤੀ) ਦੀ ਵਿਕ੍ਰਿਤੀ ਹੈ। ਹਉਮੈ ਮਹਤਤੂ ਦੀ ਵਿਕ੍ਰਿਤੀ ਅਤੇ ਪੰਚ ਤਨਮਾਤਰਾਵਾਂ ਅਤੇ ਗਿਆਰ੍ਹਾਂ ਇੰਦ੍ਰਿਆਂ ਦੀ ਪ੍ਰਕ੍ਰਿਤੀ ਹੈ। ਪੰਚ ਤਨ ਮਾਤਰਾਵਾਂ ਹਉਮੈ ਦੀ ਵਿਕ੍ਰਿਤੀ ਅਤੇ ਪੰਜ ਸਥੂਲ ਭੂਤਾਂ ਦੀ ਪ੍ਰਕ੍ਰਿਤੀ ਹੈ। ਗਿਆਰ੍ਹਾਂ ਇੰਦਰੇ ਹਉਮੈ ਦੀਆਂ ਵਿਕ੍ਰਤੀਆਂ ਹਨ। ਇਨ੍ਹਾਂ ਤੋਂ ਅੱਗੇ ਕੋਈ ਨਵਾਂ ਤਤੂ ਉਤਪੰਨ ਨਹੀਂ ਹੁੰਦਾ। ਇਸ ਲਈ ਇਹ ਆਪ ਕਿਸੀ ਦੀਆਂ ਪ੍ਰਕ੍ਰਿਤੀਆਂ ਨਹੀਂ। ਇਹ ਕੇਵਲ ਵਿਕ੍ਰਤੀਆਂ ਹਨ। ਇਸੀ ਪ੍ਰਕਾਰ ਪੰਜ ਸਥੂਲ ਭੂਤ ਤਨਮਾਤਰਾਵਾਂ ਦੀਆਂ ਵਿਕ੍ਰਤੀਆਂ ਹਨ। ਇਨ੍ਹਾਂ ਤੋਂ ਅੱਗੇ ਕੋਈ ਨਵਾਂ ਤਤੂ ਉਤਪੰਨ ਨਹੀਂ ਹੁੰਦਾ। ਇਸ ਲਈ ਇਹ ਆਪ ਕਿਸੀ ਦੀਆਂ ਪ੍ਰਕ੍ਰਿਤੀਆਂ ਨਹੀਂ ਹਨ। ਇਹ ਕੇਵਲ ਵਿਕ੍ਰਤੀਆਂ ਹਨ। ਇਹ 24 ਭੇਦ ਵਾਸਤਵ ਵਿਚ ਇਕ ਜੜ੍ਹ ਤਤੂ 'ਪ੍ਰਧਾਨ' ਅਰਥਾਤ ਮੂਲ ਪ੍ਰਕ੍ਰਿਤੀ ਹੀ ਦੇ ਹਨ ਜੋ ਸਕ੍ਰਿਅ ਅਤੇ ਚੇਤਨਾ ਰਹਿਤ ਹੈ।

ਗੁਰਮਤਿ ਅਨੁਸਾਰ ਇਹ ਸਾਰੀਆਂ ਪ੍ਰਕ੍ਰਿਤੀਆਂ ਅਤੇ ਵਿਕ੍ਰਤੀਆਂ ਹਉਮੈ ਤੱਤ ਵਿਚੋਂ ਹੀ ਉਤਪੰਨ ਹੁੰਦੀਆਂ ਹਨ। ਇਸ ਕਰਕੇ ਪ੍ਰਕ੍ਰਿਤੀ ਕੋਈ ਸੁਤੰਤਰ ਤੱਤ ਨਹੀਂ ਹੈ। ਇਹ ਸਭ ਹਉਮੈ ਦਾ ਪਰਿਵਾਰ ਹੈ। ਹਉਮੈ ਤੱਤ ੧ਓ ਵਿਚੋਂ ਹੀ ਹੁਕਮ ਅਨੁਸਾਰ ਖੇਲ੍ਹ ਰਚਣ ਲਈ ਪੈਦਾ ਕੀਤਾ ਗਿਆ ਹੈ। ਜਿਵੇਂ ਕਿ ਫੁਰਮਾਨ ਹੈ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ***
***ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ***
***ਓਹਾ ਆਵੈ ਜਾਈ॥*** ***ਅੰਗ - ੯੯੯***

ਹੋਰ ਮਤਾਂ ਦਾ ਖਿਆਲ ਹੈ ਕਿ 24 ਪ੍ਰਕ੍ਰਿਤੀਆਂ ਅਤੇ ਵਿਕ੍ਰਤੀਆਂ ਚੇਤਨ ਤੋਂ ਵੱਖਰੇ ਰੂਪ ਵਿਚ ਹਨ। ਚੇਤਨ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਹੈ ਕਿਉਂਕਿ ਇਹ ਚੇਤਨ ਵਿਚੋਂ ਪੈਦਾ ਨਹੀਂ ਹੋਈਆਂ ਪਰ ਗੁਰਮਤਿ ਅਨੁਸਾਰ ਸਭ ਕੁਝ 'ਨਾਮੇ

ਹੀ ਤੇ ਹੋਇਆ' ਹੈ। ੧ੴ ਨੇ ਆਪ ਹੀ ਆਪਣਾ ਪਸਾਰਾ ਕੀਤਾ ਹੈ, ਆਪੇ ਹੀ ਜੜ੍ਹ ਤਤ੍ਵ ਪ੍ਰਕ੍ਰਿਤੀ ਸਾਜੀ ਹੈ, ਆਪ ਹੀ ਉਸ ਨੇ ਅਵਿਦਿਆ ਤੱਤ ਉਤਪੰਨ ਕੀਤਾ ਹੈ ਜਿਸ ਕਰਕੇ ਆਪਣੇ ਆਪ ਨੂੰ ਪ੍ਰਭੂ ਤੋਂ ਵੱਖਰਾ ਜਾਣ ਕੇ ਜੀਵ, ਹਉਮੈ ਦਾ ਬੰਨ੍ਹਿਆ ਹੋਇਆ ਕ੍ਰਿਆ ਕਰਕੇ ਫਲ ਭੋਗਣ ਲਈ ਅਨੇਕਾਂ ਜਨਮਾਂ-ਜਨਮਾਤਰਾਂ ਵਿਚ ਘੁੰਮੇਟਣੀਆਂ ਖਾ ਰਿਹਾ ਹੈ। ਮੋਟੇ ਰੂਪ ਵਿਚ ਅਵਿਦਿਆ ਉਸ ਚੀਜ਼ ਨੂੰ ਆਖਿਆ ਜਾਂਦਾ ਹੈ ਕਿ ਦਰਅਸਲ ਚੀਜ਼ ਤਾਂ ਹੋਰ ਹੋਵੇ ਪਰ ਨਿਸ਼ਚੇਪੂਰਵਕ ਦ੍ਰਿਸ਼ਟੀ ਹੋਰ ਆਵੇ, ਜਿਵੇਂ ਗਰਮੀ ਦੇ ਮਹੀਨੇ ਰੜੇ ਮੈਦਾਨ ਵਿਚ ਕੁਝ ਬੰਦੇ ਪੈਦਲ ਸਫਰ ਕਰ ਰਹੇ ਹੋਣ, ਉਨ੍ਹਾਂ ਨੂੰ ਪਿਆਸ ਲੱਗੀ ਹੋਵੇ ਤਾਂ ਉਹ ਪਾਣੀ ਢੂੰਡਣ ਦਾ ਜਤਨ ਕਰਦੇ ਹਨ। ਸਾਮ੍ਹਣੇ ਦੋ ਚਾਰ ਦਰੱਖਤ ਨਜ਼ਰ ਆਉਂਦੇ ਹਨ ਉਨ੍ਹਾਂ ਦੇ ਨਾਲ ਲਗਦਾ ਹੀ ਪਾਣੀ ਦਾ ਕੋਈ ਸਰੋਤ ਵਗ ਰਿਹਾ ਹੈ, ਦਰਖਤਾਂ ਦੇ ਪਰਛਾਵੇਂ ਪਾਣੀ ਵਿਚ ਪਏ ਪ੍ਰਤੱਖ ਨਜ਼ਰੀ ਆਉਂਦੇ ਹਨ। ਆਦਮੀ ਭੁਲੇਖਾ ਖਾਂਦਾ ਹੈ ਜਦੋਂ ਉਸ ਥਾਂ ਪਹੁੰਚਦਾ ਹੈ, ਉਥੇ ਪਾਣੀ ਨਹੀਂ ਹੁੰਦਾ ਪਰ ਹੋਰ ਅੱਗੇ ਪਾਣੀ ਦਾ ਝਲਕਾਰਾ ਵਜਦਾ ਹੈ। ਜਦੋਂ ਉਥੇ ਜਾਂਦੇ ਹਨ ਉਥੇ ਵੀ ਪਾਣੀ ਨਹੀਂ ਹੁੰਦਾ। ਇਸ ਦਾ ਮਤਲਬ ਇਹ ਹੈ ਕਿ ਇਹ ਇਕ ਰੜਾ ਮੈਦਾਨ ਸੀ। ਪਾਣੀ ਦੀ ਇਕ ਵੀ ਬੂੰਦ ਉਥੇ ਨਹੀਂ ਸੀ ਪਰ ਪਾਣੀ ਦਾ ਭਰਿਆ ਦਰਿਆ ਨਜ਼ਰ ਆਉਂਦਾ ਹੈ। ਸੋ ਆਦਮੀ ਭੁਲੇਖਾ ਖਾਂਦਾ ਹੈ। ਇਸ ਤਰ੍ਹਾਂ ਜਦੋਂ ਹਰਨ ਨੂੰ ਭੁਲੇਖਾ ਪੈਂਦਾ ਹੈ ਤਾਂ ਉਹ ਪਾਣੀ ਸਾਮ੍ਹਣੇ ਦਿਸਦਾ ਰਹਿਣ ਕਰਕੇ ਉਹਨੂੰ ਪੀਣ ਲਈ ਦੌੜਦਾ ਹੈ ਪਰ ਪਾਣੀ ਦੀ ਪ੍ਰਾਪਤੀ ਨਾ ਹੋਣ ਕਰਕੇ ਬੇਹੋਸ਼ ਹੋ ਕੇ ਗਿਰ ਜਾਂਦਾ ਹੈ। ਇਸ ਨੂੰ ਮਿਰਗ ਤ੍ਰਿਸ਼ਨਾ ਦਾ ਜਾਲ ਵੀ ਆਖਿਆ ਜਾਂਦਾ ਹੈ ਇਸੇ ਤਰ੍ਹਾਂ ਨਾਲ ਇਹ ਸਾਰੀ ਰਚਨਾ ਵਿਚ ਨਿਰੰਕਾਰ ਆਪ ਹੀ ਹੈ ਪਰ ਭ੍ਰਾਂਤੀ ਪੈਣ ਕਰਕੇ ਇਹ ਸਾਨੂੰ ਸੰਸਾਰ ਦੇ ਰੂਪ ਵਿਚ ਨਜ਼ਰ ਆ ਰਿਹਾ ਹੈ ਅਤੇ ਵੱਖਰਾ-ਵੱਖਰਾ ਦਿਸਦਾ ਹੈ। ਕੋਈ ਚੰਗਾ ਦਿਸਦਾ ਹੈ, ਕੋਈ ਮਾੜਾ ਦਿਸਦਾ ਹੈ, ਕੋਈ ਅਮੀਰ, ਕੋਈ ਗਰੀਬ, ਕੋਈ ਵਿਦਵਾਨ ਪੁਰਸ਼ ਦਿਸਦਾ ਹੈ। ਕੋਈ ਬਿਲਕੁਲ ਅਨਪੜ੍ਹ ਨਜ਼ਰ ਆਉਂਦਾ ਹੈ, ਕੋਈ ਆਪਣਾ ਹੈ ਕੋਈ ਬੇਗਾਨਾ ਹੈ। ਇਹ ਜੋ ਭਰਮ ਮਨ ਵਿਚ ਪੈਦਾ ਹੋਇਆ, ਅਸਲ ਨੂੰ ਨਕਲ ਜਾਨਣ ਦੀ ਜੋ ਕ੍ਰਿਆ ਹੈ ਅਤੇ ਅਸਾਡੇ ਉਪਰ ਜੋ ਇਸ ਕ੍ਰਿਆ ਦਾ ਅਸਰ ਹੈ, ਉਸ ਨੂੰ ਅਵਿਦਿਆ ਆਖਿਆ ਜਾਂਦਾ ਹੈ। ਜਿਸ ਤਰ੍ਹਾਂ ਨਾਲ ਪਾਣੀ ਦੇ ਭਰੇ ਹੋਏ ਬੇਅੰਤ ਬਰਤਨਾਂ ਵਿਚ ਰਾਤ ਨੂੰ ਵੱਖਰਾ-ਵੱਖਰਾ ਚੰਦਰਮਾ ਹਰ ਬਰਤਨ ਵਿਚ ਨਜ਼ਰ ਆਉਂਦਾ ਹੈ ਅਤੇ ਐਉਂ ਪ੍ਰਤੀਤ ਦਿੰਦਾ ਹੈ ਕਿ ਬੇਅੰਤ ਚੰਦਰਮਾਂ ਹਨ ਅਤੇ ਜਦੋਂ ਨਿਰਣਾ ਕੀਤਾ ਜਾਂਦਾ ਹੈ ਤਾਂ ਨਿਸ਼ਚਾ ਆਉਂਦਾ ਹੈ ਕਿ ਇਹ ਤਾਂ ਇਕੋ ਚੰਦਰਮਾ ਦੇ ਪ੍ਰਤੀਬਿੰਬ ਦਾ ਬਿੰਬ ਸੀ। ਇਹ ਜੋ ਕ੍ਰਿਆ ਹੈ ਇਸ ਨੂੰ ਅਵਿਦਿਆ ਆਖਿਆ ਜਾਂਦਾ ਹੈ ਯਾਨਿ ਕਿ ਵਾਹਿਗੁਰੂ ਜੀ ਦੀ ਥਾਂ ਅਨੇਕ ਭਾਂਤ ਦੀ ਸ੍ਰਿਸ਼ਟੀ ਨਜ਼ਰ ਆਉਂਦੀ ਹੈ।ਅਗੰਮ ਅਗੋਚਰ ਦੇ ਮਾਰਗ ਤੇ ਅੱਜ ਤਕ ਜੋ ਵਿਚਾਰ ਹੋਈ ਹੈ ਉਹ ਇਹ ਹੈ ਕਿ ਇਸ ਮਾਰਗ ਤੇ ਚੱਲਣ ਵਿਚ ਜੋ ਰੁਕਾਵਟਾਂ ਹਨ, ਉਨ੍ਹਾਂ ਨਾਲ ਕਿਵੇਂ ਨਿਪਟਿਆ ਜਾਵੇ ? ਇਨ੍ਹਾਂ ਰੁਕਾਵਟਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ ਕਿ -

***ਦੂਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***

***ਅੰਗ - ੮੭੭***

ਦੂਖ ਦਰਵਾਜ਼ੇ ਅਤੇ ਰੋਹ ਰਖਵਾਲੇ ਦੀ ਬਹੁਤ ਹੀ ਵਿਸਥਾਰ ਪੂਰਵਕ ਵਿਚਾਰ ਕਰਕੇ ਸਾਰੇ ਪੱਖਾਂ ਨੂੰ ਵਿਚਾਰਿਆ ਗਿਆ ਹੈ ਅਤੇ ਜੋ ਬੰਧਨ ਆਉਂਦੇ ਹਨ ਜਿਵੇਂ ਕਿ ਅਗਿਆਨ, ਕਰਮ-ਧਰਮ, ਪੰਜ ਚੋਰ ਇਨ੍ਹਾਂ ਉਪਰ ਵਿਸਥਾਰਪੂਰਵਕ ਬਹੁਤ ਹੀ ਵਿਚਾਰ ਹੋ ਚੁਕੀ ਹੈ, ਸਾਰੇ ਗ੍ਰੰਥਾਂ ਵਿਚ ਆਉਂਦਾ ਹੈ ਕਿ ਜਦੋਂ ਅਸੀਂ 'ਆਤਮ ਮਾਰਗ' ਤੇ ਚਲਦੇ ਹਾਂ, ਇਸ ਸੂਖਸ਼ਮ ਮਾਰਗ ਤੇ ਇਕ ਐਸੀ ਥਾਂ ਆਉਂਦੀ ਹੈ ਜਿਥੇ ਅਤਿ ਕਰੜੇ ਦਰਵਾਜ਼ੇ ਬੰਦ ਕੀਤੇ ਗਏ ਹਨ, ਜੋ ਕਿਸੇ ਤਰੀਕੇ ਨਾਲ ਵੀ ਨਹੀਂ ਖੁਲ੍ਹਦੇ। ਜਦੋਂ ਤਕ ਤੁਸੀਂ ਸਮਰੱਥ ਗੁਰੂ ਤੋਂ ਚਾਬੀ ਲੈ ਕੇ ਇਹ ਤਾਲੇ ਨਾ ਖੋਲ੍ਹ ਲਵੋਂ ਉਨੀਂ ਦੇਰ ਤਕ ਇਹ ਬਜਰ ਕਪਾਟ ਨਹੀਂ ਖੁਲਿਆ ਕਰਦੇ। ਕਿਤਾਬਾਂ ਪੜ੍ਹ ਕੇ, ਸਤਿਪੁਰਸ਼ਾਂ ਦੇ ਬਚਨ ਪੜ੍ਹ ਕੇ ਅਸੀਂ ਸਮਝਦੇ ਹਾਂ ਕਿ ਅਸੀਂ ਆਪਣੀ ਮੰਜ਼ਲ ਤੇ ਪੁੱਜ ਚੁਕੇ ਹਾਂ ਪਰ ਇਹ ਇਕ ਖਿਆਲ ਹੀ ਹੋਇਆ ਕਰਦਾ ਹੈ ਕਿਉਂਕਿ ਆਦਮੀ ਦੇ ਵਿਚ ਕੋਈ ਵੀ ਪਰਿਵਰਤਨ ਨਹੀਂ ਆਉਂਦਾ, ਜੋ ਆਦਮੀ ਦਾ ਸੁਭਾਅ ਪਹਿਲਾਂ ਸੀ ਉਹ ਉਸੇ ਤਰ੍ਹਾਂ ਹੀ ਬਣਿਆ ਰਹਿੰਦਾ ਹੈ। ਮੌਤ ਤੋਂ ਉਸ ਨੂੰ ਡਰ ਲਗਦਾ ਹੈ, ਸਬੰਧੀਆਂ ਦੇ ਵਿਛੋੜੇ ਤੋਂ ਉਸ ਨੂੰ ਡਰ ਲਗਦਾ ਹੈ। ਤਿੰਨਾਂ ਕਿਸਮਾਂ ਦੇ ਦੁਖਾਂ ਦਾ ਅਸਰ ਉਸ ਦੇ ਮਨ ਉਪਰ ਛਾਇਆ ਰਹਿੰਦਾ ਹੈ -

1. ਆਧਿਆਤਮਿਕ ਦੁੱਖ - ਸਰੀਰ ਤੇ ਮਨ ਦਾ ਕਲੇਸ਼।

2. ਆਧਿਭੌਤਿਕ ਦੁੱਖ - ਜੋ ਵੈਰੀ ਅਤੇ ਪਸ਼ੂ ਪੰਛੀਆਂ ਤੋਂ ਹੋਵੇ।

3. ਆਧਿਦੈਵਿਕ - ਜੋ ਪ੍ਰਾਕ੍ਰਿਤਕ ਸ਼ਕਤੀਆਂ ਤੋਂ ਪਹੁੰਚਦਾ ਹੈ ਜਿਵੇਂ ਅੰਧੇਰੀ, ਬਿਜਲੀ ਦਾ ਡਿਗਣਾ, ਤਪਤ, ਸਰਦੀ, ਹੜ੍ਹ ਆਦਿ।

ਇਹ ਉਸ ਸਮੇਂ ਤਕ ਦੂਰ ਨਹੀਂ ਹੁੰਦੇ, ਜਦੋਂ ਤਕ ਅਸੀਂ ਪ੍ਰਤੱਖ ਗਿਆਨ ਅਨੁਭਵ ਕਰਕੇ ਤਤ੍ਵ ਨੂੰ ਪ੍ਰਾਪਤ ਨਹੀਂ ਕਰ ਲੈਂਦੇ। ਬੁੱਧੀ ਗਿਆਨ ਦੀਆਂ ਸਾਰੀਆਂ ਮੰਤਕਾਂ, ਸਾਰੀਆਂ ਦਲੀਲਾਂ, ਬਜਰ ਕਪਾਟਾਂ ਨੂੰ ਪਾਰ ਨਹੀਂ ਕਰ ਸਕਦੀਆਂ।

,

*ਚਲਦਾ..........।'*

# ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਤੂੰ ਮੇਰੇ ਪ੍ਰਾਣ ਆਧਾਰੈ, ਪ੍ਰਭ ਜੀ*
*ਤੂੰ ਮੇਰੇ ਪ੍ਰਾਣ ਆਧਾਰੈ।*

*ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥*
*ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥ ੧ ॥ ਰਹਾਉ ॥*
*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥*
*ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥੧ ॥*
*ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ*
*ਤੁਮਹਿ ਮੇਰੈ ਪਰਵਾਰੈ ॥*
*ਜੋ ਤੁਮ ਕਰਹੁ ਸੋਈ ਭਲ ਹਮਰੈ*
*ਪੇਖਿ ਨਾਨਕ ਸੁਖ ਚਰਨਾਰੈ ॥ ੨ ॥ ੨ ॥ ੮੨ ॥*
*ਅੰਗ- ੮੨੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ ਤੋਂ ਆ ਕੇ ਸਤਿਸੰਗ ਵਿਚ ਸਸ਼ੋਭਿਤ ਹੋਂ। ਮੌਸਮ ਭਾਵੇਂ ਹੋਰ ਤਰ੍ਹਾਂ ਦਾ ਹੋਇਆ-ਹੋਇਆ ਹੈ। ਜਿੰਨਾਂ ਕੁ ਆਪਾਂ ਨੂੰ ਸਮਾਂ ਮਿਲੇਗਾ, ਥੋੜ੍ਹੀ ਬਹੁਤੀ ਵਿਚਾਰ ਕਰਾਂਗੇ। ਮੇਰੇ ਤੋਂ ਪਹਿਲਾਂ ਆਪ ਨੇ ਜਿਹੜੇ ਪਹਿਲਾਂ ਆਏ ਹੋਏ ਪ੍ਰੇਮੀ ਸੀ, ਉਹਨਾਂ ਦੇ ਕਾਫੀ ਬਚਨ ਸਰਵਣ ਕਰੇ। ਬਚਨ ਤਾਂ ਥੋੜ੍ਹੇ ਜਿਹੇ ਵੀ ਜਿਹੜੇ ਹੁੰਦੇ, ਉਹ ਵੀ ਬਹੁਤ ਵੱਡੀ ਬਾਤ ਕਰ ਦਿਆ ਕਰਦੇ ਨੇ। ਬਹੁਤੇ ਸਮੇਂ ਦੀ ਲੋੜ ਨਹੀਂ ਹੁੰਦੀ। ਪਰ ਐਸਾ ਹੈ ਸਾਡਾ ਕਿ ਜਿਵੇਂ ਪ੍ਰਿੰਸੀਪਲ ਸਾਹਿਬ ਨੇ ਦੱਸਿਆ ਸੀ ਕਿ ਮਨ ਸਾਡਾ ਪ੍ਰਦੂਸ਼ਿਤ ਹੋ ਚੁੱਕਿਐ, ਗੱਲ ਜਾਂਦੀ ਨਹੀਂ ਅੰਦਰ। ਐਨੀਆਂ ਤੈਹਾਂ ਉਤੇ ਜੰਮ ਗਈਆਂ ਨੇ। ਥੱਲੇ ਨਹੀਂ ਉਹ ਜਾਣ ਦਿੰਦੀ। ਜਿਸ ਵਕਤ ਰਤਵਾੜਾ ਸਾਹਿਬ ਨੂੰ ਮੈਂ ਜਾਂਦਾ ਹਾਂ, ਮੈਂ ਇਕ ਅਜੀਬ ਬਾਤ ਦੇਖੀ ਕਿ ਜੋ ਮੁੱਲਾਂਪੁਰ ਵਾਲੀ ਨਦੀ ਹੈ, ਪੁਲ ਦੇ ਕੋਲ, ਉਹਨੇ ਚਿੱਕ ਵਾਲੀ ਮਿੱਟੀ ਲਿਆ ਕੇ ਛੱਡ ਦਿਤੀ। ਹੇਠਾਂ ਬਿਲਕੁਲ ਰੇਤਾ ਹੀ ਰੇਤਾ ਪਿਆ ਹੈ ਦੂਰ ਤੱਕ। ਉਹਦੇ ਉਤੇ ਪਾਣੀ ਖੜ੍ਹਾ ਹੋ ਗਿਆ ਨਦੀ ਦੇ ਵਿਚ। ਫੇਰ ਥੋੜ੍ਹਾ ਜਿਹਾ ਮੀਂਹ ਪਿਆ, ਫੇਰ ਛੱਡ ਦਿਤੀ ਕਿਉਂਕਿ ਪੁਲ ਥੋੜ੍ਹਾ ਜਿਹਾ ਉੱਚਾ ਸੀ। ਹੋਰ ਜੰਮ ਗਿਆ। ਨਤੀਜਾ ਕੀ ਹੋਇਆ? ਪਾਣੀ ਟੋਬੇ ਵਾਂਗਣ ਜੰਮਣ ਲਗ ਗਿਆ, ਨਦੀ ਦੇ ਵਿਚਾਲੇ। ਥੱਲੇ ਕੱਕਾ ਰੇਤਾ ਹੈ। ਇਸੇ ਤਰ੍ਹਾਂ ਦੇ ਨਾਲ ਸਾਡਾ ਜੋ ਮਨ ਹੈ, ਸਾਡਾ ਜੋ ਹਿਰਦਾ ਹੈ, ਜਿੱਥੇ ਬਾਤ ਪਹੁੰਚਣੀ ਹੈ, ਉਹਦੇ ਉਤੇ ਪੜਦੇ ਜਮ ਗਏ ਬਹੁਤ ਕਿਸਮ ਦੇ। ਉਹ ਗੱਲ ਅੰਦਰ ਨਹੀਂ ਜਾਣ ਦਿੰਦੇ। ਇਹਨੂੰ ਮਹਾਂਪੁਰਸ਼ ਸੂਤਕ ਕਹਿੰਦੇ ਨੇ, ਕਿ ਕੰਨਾਂ ਦੇ ਵਿਚ ਸੂਤਕ ਪੈ ਗਿਆ। ਸੂਤਕ ਪੈਣ ਦੇ ਨਾਲ ਗੱਲ ਅੰਦਰ ਨਹੀਂ ਜਾਂਦੀ। ਉਥੇ ਤਕ ਰਹਿੰਦੀ ਹੈ, ਉਸ ਤੋਂ ਅਗਾਂਹਾਂ ਨਹੀਂ ਜਾਂਦੀ। ਸੋ ਇਸ ਕਰਕੇ ਬਹੁਤ ਲੰਮੀਆਂ ਗੱਲਾਂ ਕਰਨੀਆਂ ਪੈਂਦੀਆਂ ਨੇ, ਬਹੁਤ ਤਰੀਕਿਆਂ ਨਾਲ ਗੱਲਾਂ ਕਰਨੀਆਂ ਪੈਂਦੀਆਂ ਨੇ। ਹੋ ਸਕਦੈ ਫੇਰ ਕਿਸੇ ਦੇ ਹਿਰਦੇ 'ਚ ਸਮਾਅ ਜਾਵੇ। ਪਰ ਆਹ ਜਿਹੜੀ ਸੰਗਤ ਬੈਠੀ ਹੈ, ਇਹਨਾਂ ਨੂੰ ਜੇ ਪਹਿਲਾਂ ਕਿਸੇ ਬੰਦਿਆਂ ਨੇ ਦੇਖਿਆ ਹੋਇਐ, ਹੁਣ ਆ ਕੇ ਦੇਖਣਗੇ ਪੰਜ-ਚਾਰ ਸਾਲ ਬਾਅਦ, ਕਹਿਣਗੇ ਕੀ ਹੋ ਗਿਆ, ਇਹ ਤਾਂ ਇਹੋ ਜਿਹਾ ਹੈ ਹੀ ਨਹੀਂ ਸੀ। ਇਹ ਤਾਂ ਇਕ ਵੀ ਬਾਤ ਨਹੀਂ ਸੀ ਜਾਣਦਾ। ਹੁਣ ਤਾਂ ਇਹ ਬਹੁਤ ਗੱਲਾਂ ਜਾਣ ਗਿਆ। ਇਹ ਸਤਿਸੰਗ ਜੋ ਹੁੰਦੀ ਹੈ ਇਹ ਚਾਟਸਾਲ ਹੈ। ਇਹਦੇ 'ਚ ਦਰਜਾ-ਬ-ਦਰਜਾ ਹੌਲੀ-ਹੌਲੀ ਅਸੀਂ ਉਪਰ ਨੂੰ ਚੜ੍ਹਦੇ ਜਾਂਦੇ ਹਾਂ। ਬਚਨ ਸੁਣਦੇ ਹਾਂ, ਅਸਰ ਹੁੰਦੈ ਪਰ ਸਾਨੂੰ ਨਹੀਂ ਪਤਾ ਲਗਦਾ।

ਇਕ ਪ੍ਰੇਮੀ ਸੀ ਸੁਖਜਿੰਦਰ ਸਿੰਘ ਨਾਮ ਦਾ ਅਮਰੀਕਾ 'ਚ, ਇਕ ਤਾਂ ਉਹ ਕਾਮਰੇਡ ਸੀ, ਦੂਜਾ ਉਹ ਇਕੱਲਾ ਨਾਸਤਕ ਨਹੀਂ ਸੀ, ਦੂਸਰਿਆਂ ਨੂੰ ਵੀ ਨਾਸਤਕ ਬਣਾਉਂਦਾ ਸੀ। ਰੱਬ ਨਾਉਂ ਦੀ ਕੋਈ ਬਾਤ ਨਹੀਂ ਸੀ ਜਾਣਦਾ। ਜੀਵਨ ਸਾਰੇ ਦਾ ਸਾਰਾ ਹੋਰ ਤਰ੍ਹਾਂ ਦਾ ਸੀ, ਉਸ ਨੇ ਵਿਆਹ ਕਰਾਇਆ ਹੋਇਆ ਸੀ ਇਕ ਗੋਰੀ ਦੇ ਨਾਲ। ਕੁਰੱਖਤ ਸੁਭਾਅ ਸੀ, ਇਥੋਂ ਤਕ ਵੀ ਸੀ ਕਿ ਅਮਰੀਕਾ ਦੇ ਵਿਚ ਕੋਈ ਮਾਰ ਨਹੀਂ ਸਕਦਾ, ਉਸ ਵਿਚਾਰੀ ਦੇ ਥੱਪੜ ਵਗੈਰਾ ਵੀ ਮਾਰ ਦਿੰਦਾ ਸੀ। ਦੋ ਬੱਚੇ ਸੀ। ਅਖੀਰ ਇਹ ਹੋਇਆ ਕਿ ਉਹ ਬੱਚਿਆਂ ਨੂੰ ਲੈ ਕੇ ਚਲੀ ਗਈ। ਜਿਸ ਵਕਤ ਬੱਚੇ ਚਲੇ ਗਏ, ਘਰ ਵਿਚ ਕੋਈ ਵੀ ਨਾ ਰਿਹਾ। ਪਿਆਰ ਵੀ ਜਾਂਦਾ ਰਿਹਾ

ਓਸ ਕੋਲੋਂ, ਖੋਹ ਲਿਆ ਉਹਦੇ ਕੋਲੋਂ। ਉਸ ਵੇਲੇ ਮੈਨੂੰ ਫੋਨ ਕਰਦੈ ਕਿ ਸਹੀ ਗੱਲ ਉਸ ਨੇ ਕਰ ਦਿਤੀ। ਕਹਿੰਦਾ ਬਾਬਾ ਜੀ! ਮੈਂ ਤਾਂ ਨਾਸਤਕ ਹਾਂ, ਰੱਬ ਵਿਚ ਮੇਰਾ ਕੋਈ ਵਿਸ਼ਵਾਸ਼ ਨਹੀਂ ਹੈ। ਮੇਰੀ ਜੋ ਥਿਊਰੀ ਹੈ, ਉਹ ਇਹੀ ਹੈ ਕਿ ਖਾਓ, ਪੀਓ, ਐਸ਼ ਕਰੋ ਕਿਉਂਕਿ ਮਰ ਜਾਣੈ। ਉਸ ਤੋਂ ਪਹਿਲਾਂ-ਪਹਿਲਾਂ ਆਪਣੇ ਮਨ ਵਿਚ ਕੋਈ ਵਾਸ਼ਨਾ ਨਾ ਰਹਿ ਜਾਏ। ਸਾਰੀਆਂ ਪੂਰੀਆਂ ਕਰ ਲਓ। ਪਰ ਇਹ ਜਿਹੜੀ ਸੱਟ ਮੈਨੂੰ ਲੱਗੀ ਹੈ ਬੱਚਿਆਂ ਦੇ ਵਿਛੋੜੇ ਦੀ, ਇਹ ਬਹੁਤ ਬੁਰੀ ਲੱਗੀ ਹੈ, ਮੈਂ ਮੋਹ ਦੇ ਵਸ ਵਿਚ ਪਿਆ ਦੁਖੀ ਹੋ ਰਿਹਾ ਹਾਂ। ਮੈਂ ਕਿਹਾ, ਦੇਖ ਪ੍ਰੇਮੀਆਂ ਮਹਾਰਾਜ ਕਹਿੰਦੇ ਨੇ ਕਿ -

*ਜੇ ਕੋ ਡੂਬੈ ਫਿਰਿ ਹੋਵੈ ਸਾਰ ॥* *ਅੰਗ- ੬੬੨*

ਜੇ ਕੋਈ ਡੁੱਬਿਆ ਹੋਇਆ ਵੀ ਆ ਜਾਵੇ ਕਿਸੇ ਤਰੀਕੇ ਦੇ ਨਾਲ, ਵਾਹਿਗੁਰੂ ਤਾਂ ਦਾਤਾਰ ਹੈ, ਉਹ ਬਖਸ਼ ਦਿੰਦੈ। ਸੋ ਮੇਰੇ ਕਹਿਣ 'ਤੇ ਮੰਨ ਲੈ ਕਿ ਵਾਹਿਗੁਰੂ ਜੀ ਹੈਗੇ। ਕਹਿੰਦਾ, ਜੀ ਹੁਣ ਤਾਂ ਮੈਂ ਸੱਚਮੁੱਚ ਹੀ ਮੰਨਦਾ ਹਾਂ ਕਿ ਕੋਈ ਤਾਕਤ ਹੈ ਜਿਹਨੇ ਸੰਸਾਰ ਨੂੰ ਬਣਾਇਆ ਹੈ। ਮੈਂ ਕਿਹਾ, ਉਹ ਤੇਰੇ ਨਾਲ ਰਹਿੰਦੈ, ਤੇਰੀ ਗੱਲ ਸੁਣ ਰਿਹੈ। ਹੁਣ ਵੀ ਜੋ ਤੂੰ ਮੇਰੇ ਨਾਲ ਗੱਲ ਕਰ ਰਿਹਾ ਹੈਂ ਨਾ, ਉਹਦੇ ਬਲ ਨਾਲ ਹੀ ਕਰ ਰਿਹੈਂ। ਮੰਨ ਲੈ ਕਿ ਤੇਰੇ ਕੋਲ ਹੈ। ਕਹਿੰਦਾ ਠੀਕ ਹੈ ਜੀ। ਮੈਂ ਕਿਹਾ, ਤੂੰ ਜਪੁਜੀ ਸਾਹਿਬ ਦੇ ਪਾਠ ਕਰ, ਜਪੁਜੀ ਸਾਹਿਬ ਦੇ ਵਿਚ ਬਹੁਤ ਸ਼ਕਤੀ ਹੈ। ਇਕ ਟੇਪ ਹੈ, ਉਹਦੇ ਵਿਚ ਜਪੁਜੀ ਸਾਹਿਬ ਦਾ ਹੀ ਮਹਾਤਮ ਦੱਸਿਆ ਹੋਇਆ ਹੈ। ਉਹ ਟੇਪ ਦੁਨੀਆਂ ਭਰ 'ਚ ਬੜੀ ਘੁੰਮਦੀ ਫਿਰਦੀ ਹੈ। ਮੈਂ ਕਿਹਾ, ਤੂੰ ਇਸ ਤਰ੍ਹਾਂ ਕਰ ਜਪੁਜੀ ਸਾਹਿਬ ਦਾ ਪਾਠ ਕਰਕੇ, ਨਿਸ਼ਚੇ 'ਚ ਰੱਖਿਆ ਕਰ ਕਿ ਮੇਰੇ ਨਾਲ ਵਾਹਿਗੁਰੂ ਜੀ ਨੇ ਅਤੇ ਮੇਰੇ ਦਿਲ ਦੀ ਗੱਲ ਸੁਣ ਰਹੇ ਨੇ ਅਤੇ ਰੋਜ਼ 15 ਪਾਠ ਕਰ। 50 ਦਿਨ ਤੂੰ ਪਾਠ ਕਰ। ਉਹ ਕਰਦਾ ਰਿਹਾ, ਹਰ ਚੌਥੇ ਕੁ ਦਿਨ ਮੈਨੂੰ ਫੋਨ ਕਰ ਦਿਆ ਕਰੇ।

ਘਰਵਾਲੀ ਉਹਦੀ ਬੜੀ ਚੰਗੀ ਸੀ, ਇਕ ਵਾਰੀ ਟੈਲੀਫੋਨ 'ਤੇ ਮੇਰੇ ਨਾਲ ਗੱਲ ਕਰਕੇ ਕਿਹਾ ਕਿ ਬਾਬਾ ਜੀ! ਮੈਨੂੰ ਭਜਨ ਕਰਨ ਦਾ ਕੋਈ ਤਰੀਕਾ ਦੱਸੋ? ਉਸ ਬੀਬੀ ਦੇ ਖਿਆਲ ਅੱਛੇ ਸੀ। ਇਥੇ ਬੈਠਿਆਂ ਮੇਰੇ ਮਨ ਦੇ ਵਿਚ ਆਇਆ, ਨਾ ਮੈਂ ਦੇਖੀ, ਨਾ ਭਾਲੀ, ਮੈਨੂੰ ਬੀਬੀ ਨਾਲ ਹਮਦਰਦੀ ਹੋ ਗਈ। ਇਹਦੇ ਨਾਲ ਕੋਈ ਗੱਲ ਨਹੀਂ ਹੋਈ, ਉਹਦੇ ਨਾਲ ਹੋ ਗਈ। ਮੈਂ ਕਿਹਾ, ਵਿਚਾਰੀ ਦਾ ਜੀਵਨ ਖਰਾਬ ਹੋ ਗਿਆ, ਬੱਚੇ ਚਲੇ ਗਏ। ਗੁਰਦੁਆਰੇ ਜਾਂਦੇ ਸੀ ਬੱਚੇ। ਹੁਣ ਉਹ ਗਿਰਜਾ ਘਰ ਲੈ ਕੇ ਜਾ ਰਹੀ ਹੈ, ਬੱਚੇ ਜਾਂਦੇ ਨਹੀਂ, ਬੜਾ ਮੁਸ਼ਕਲ ਹੋ ਗਿਆ ਇਹ। ਪਰ ਉਹ ਪਾਠ ਨਿਸ਼ਚੇ ਨਾਲ ਕਰਦਾ ਰਿਹਾ। ਜਿਸ ਦਿਨ 38 ਦਿਨ ਹੋ ਗਏ ਪਾਠ ਕਰਦੇ ਨੂੰ, ਅਜੇ 12 ਦਿਨ ਹੋਰ ਰਹਿੰਦੇ ਸੀ। ਟੈਲੀਫੋਨ ਆ ਗਿਆ। ਕਹਿੰਦਾ, ਬਾਬਾ ਜੀ! ਮੈਂ ਤਾਂ ਤੁਹਾਡੇ ਕੋਲ ਆ ਰਿਹਾ ਹਾਂ। ਮੈਂ ਕਿਹਾ, ਕੀ ਹੋਇਆ? ਕਹਿੰਦਾ, ਉਹ ਆ ਗਈ ਮੇਰੇ ਕੋਲ। ਮੈਂ ਕਿਹਾ ਦੇਖ, ਹੁਣ ਤੂੰ ਬਚਨ ਲੈ ਕੇ ਗੱਲ ਕਰੀਂ, ਆਪਣੇ ਆਪ ਨਾ ਧੱਕਾ ਕਰੀਂ ਕੋਈ ਵੀ। ਸ਼ਰਾਬ ਪੀਣੀ ਛੱਡ ਦਿਤੀ, ਪਹਿਲੇ ਜਿਹੜੇ ਗੁਨਾਹ ਸੀ ਉਹਨਾਂ ਤੋਂ ਤੋਬਾ ਕਰ ਲਈ। ਉਹ ਜਿਸ ਵਕਤ ਆਈ ਤਾਂ ਉਹਨੂੰ ਵੀ ਲੱਗਿਆ ਕਿ ਇਹ ਤਾਂ ਬੰਦਾ ਬਿਲਕੁਲ ਬਦਲ ਗਿਆ। ਜਿਹੜੀ ਇਹਦੀ ਸ਼ੈਤਾਨ ਦੀ ਰੂਹ ਸੀ, ਉਹ ਪਤਾ ਨਹੀਂ ਕਿੱਥੇ ਚਲੀ ਗਈ। ਇਹ ਤਾਂ ਫਰਿਸ਼ਤਾ ਬਣ ਗਿਆ। ਇਕ ਦਮ ਉਸ ਨੇ ਸਾਰੇ ਰੰਞ ਭੁਲਾ ਕੇ, ਉਹਦੇ ਨਾਲ ਸੱਚੇ ਦਿਲ ਨਾਲ ਪ੍ਰੀਤ ਕਰਨੀ ਸ਼ੁਰੂ ਕਰ ਦਿਤੀ। ਕਹਿਣ ਲੱਗੀ, ਤੂੰ ਜਾਹ, ਬਾਬਾ ਜੀ ਕੋਲ, ਧੰਨਵਾਦ ਕਰਕੇ ਆ। ਤੂੰ ਤਾਂ ਬਦਲ ਗਿਆ ਬਿਲਕੁਲ ਹੀ। ਇਥੇ ਆਇਆ, ਇਥੇ ਆ ਕੇ ਸਿੰਘਾਂ ਕੋਲ ਰਿਹਾ ਆਸ਼ਰਮ ਦੇ ਵਿਚ। ਉਥੇ ਸਿੰਘਾਂ ਦਾ ਉਹਨੇ ਦੇਖਿਆ ਕਿ ਇਹ ਤਾਂ ਅੰਮ੍ਰਿਤ ਵੇਲੇ ਜਾਗਦੇ ਨੇ। ਨਾਮ ਜਪਦੇ ਨੇ, ਇਥੇ ਕੋਈ ਚਲਾਕੀ ਨਹੀਂ ਹੈ, ਕੋਈ ਸ਼ੈਤਾਨੀ, ਕੋਈ ਛਲ ਨਹੀਂ ਹੈ। ਇਹ ਤਾਂ ਸਾਰੇ ਹੀ ਸਿੱਧੇ ਬੰਦੇ ਨੇ। ਉਹਦੇ ਉਤੇ ਅਸਰ ਪਿਆ। ਅਸਰ ਪਿਆ, ਜਿਸ ਵਕਤ, ਉਹ ਫੇਰ ਗਿਆ, ਉਸ ਦੀ ਪਤਨੀ ਨੇ ਦੇਖਿਆ ਕਿ ਇਹ ਤਾਂ ਬੰਦਾ ਬਿਲਕੁਲ ਬਦਲ ਗਿਆ। ਕਾਫੀ ਸਮੇਂ ਤੋਂ ਬਾਅਦ ਉਹਨੇ ਚਿੱਠੀ ਲਿਖੀ। ਚਿੱਠੀ ਬਾਰੇ ਵੀ ਮੈਗਜ਼ੀਨ 'ਚ ਦਿਤਾ ਹੈ।

ਮੇਰਾ ਬੇਨਤੀ ਕਰਨ ਤੋਂ ਭਾਵ ਇਹ ਹੈ ਕਿ ਆਮ ਹਾਲਤਾਂ ਦੇ ਅੰਦਰ ਸਾਨੂੰ ਗੁਰੂ ਦਾ ਉਪਦੇਸ਼ ਜਿਹੜਾ ਹੈ, ਉਹ ਸਾਨੂੰ ਮੁਆਫਕ ਨਹੀਂ ਬੈਠਦਾ ਕਿਉਂਕਿ ਅਸੀਂ ਆਪਣੇ ਮਨ ਦੀ ਮੱਤ ਰਖਦੇ ਹਾਂ। ਜੇ ਸਾਡਾ ਮਨ ਢਲ ਜਾਵੇ, ਫੇਰ ਗੱਲ ਬਣ ਜਾਂਦੀ ਹੈ। ਢਲਦਾ ਹੁੰਦੈ ਵੈਰਾਗ ਦੇ ਨਾਲ। ਜੇ ਵੈਰਾਗ ਨਾ ਹੋਵੇ ਫੇਰ ਮਨ ਨਹੀਂ ਢਲਿਆ ਕਰਦਾ। ਸੋ ਇਸ ਤਰ੍ਹਾਂ ਦੀ ਮੈਂ ਜੀਵਨ ਦੀ ਤੁਹਾਡੇ ਨਾਲ ਸਾਂਝ ਪਾਉਣੀ ਹੈ। ਉਹ ਇਹ ਹੈ ਕਿ ਇਕ 1573 ਈ. ਦਾ ਜ਼ਿਕਰ ਹੈ, ਇਹ ਜੋ ਪ੍ਰਾਣਾਂ ਦਾ ਆਧਾਰ ਆਪਾਂ ਪੜ੍ਹਿਆ ਹੈ। ਵਾਹਿਗੁਰੂ ਜੀ ਜੇ ਪ੍ਰਾਣਾਂ ਦਾ ਆਧਾਰ ਬਣ ਜਾਣ, ਫੇਰ ਬਾਹਰਲੀ ਹਾਲਤ ਕੀ ਹੁੰਦੀ ਹੈ -

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ- ੯*

ਚਿੱਤ ਨਹੀਂ ਲਗਦਾ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦ ॥*
*ਅੰਗ- ੧੩੭੯*

ਸੱਚਮੁੱਚ ਜੀਅ ਨਹੀਂ ਲਗਦਾ ਜਿਸ ਦਿਨ ਬਿਰਤੀ

ਨਾ ਚੜ੍ਹੇ। ਬੰਦਗੀ ਕਰਨ ਵਾਲਿਆਂ ਨੂੰ ਆਧਾਰ ਪੈਸੇ ਦਾ ਨਹੀਂ ਹੁੰਦਾ, ਪੂਜਾ ਦਾ ਨਹੀਂ ਹੁੰਦਾ, ਬਹੁਤੀ ਮਾਨਤਾ ਦਾ ਨਹੀਂ ਹੁੰਦਾ, ਕਿਸੇ ਚੀਜ਼ ਦਾ ਨਹੀਂ ਹੁੰਦਾ, ਨਾਮ ਦੇ ਆਧਾਰ 'ਤੇ ਜਿਉਂਦੇ ਨੇ। ਨਾਮ ਦੇ ਅਧਾਰ ਵਾਲੇ ਦੀ ਹਾਲਤ ਇਸ ਸ਼ਬਦ ਦੇ ਵਿਚ ਮਹਾਰਾਜ ਨੇ ਫੁਰਮਾਨ ਕੀਤੀ ਹੈ। ਉਠਦੇ-ਬੈਠਦੇ ਸੌਂਦੇ ਜਾਗਦੇ, ਹਰ ਵਕਤ ਧਿਆਨ ਵਾਹਿਗੁਰੂ ਜੀ ਵਿਚ ਰਹਿੰਦਾ ਹੈ। ਸੁੱਖ ਵੀ ਉਹਦੇ ਕੋਲ ਦੱਸਣੈ ਅਰਦਾਸ ਕਰਕੇ, ਦੁੱਖ ਤੋਂ ਵੀ ਛੁਟਕਾਰਾ ਉਸ ਨੂੰ ਅਰਦਾਸ ਕਰਕੇ ਲੈਣੈ। ਓਟ ਵੀ ਸਾਡੀ ਓਹੀ ਹੈ, ਬਲ ਵੀ ਓਹੀ ਹੈ, ਬੁੱਧ ਵੀ ਓਹੀ ਹੈ, ਜਿਸ ਹਾਲਤ ਵਿਚ ਚਾਹੇ ਸੁੱਖ ਦਿੰਦੈ। ਚਾਹੇ ਦੁੱਖ ਦਿੰਦੈ। ਉਹ ਸਾਨੂੰ ਚੰਗਾ ਹੀ ਲਗਦੈ -

*ਜੋ ਤੁਮ ਕਰਹੁ ਸੋਈ ਭਲ ਹਮਰੈ*
*ਪੇਖਿ ਨਾਨਕ ਸੁਖ ਚਰਨਾਰੈ ॥* *ਅੰਗ- ੮੨੦*

ਕਿਉਂਕਿ ਉਹ ਪ੍ਰਾਣਾਂ ਦਾ ਆਧਾਰ ਹੈ। ਇਹ ਇਕ ਅਵਸਥਾ ਹੈ ਜਿਥੇ ਅਸੀਂ ਪਹੁੰਚਣਾ ਹੈ। ਵਾਹਿਗੁਰੂ ਦੇ ਨਾਮ ਨੂੰ ਪ੍ਰਾਣਾਂ ਦਾ ਆਧਾਰ ਬਣਾਉਣੈ। ਲੇਕਿਨ ਪਹਿਲਾਂ ਨਹੀਂ ਹੁੰਦਾ। ਇਸ ਵਾਸਤੇ ਪਹਿਲਾਂ ਆਮ ਸਾਧਾਰਣ ਬੰਦੇ ਨੂੰ ਵੈਰਾਗ ਹੋਣਾ ਚਾਹੀਦੈ -

*ਬਿਨੁ ਬੈਰਾਗ ਨ ਛੂਟਸਿ ਮਾਇਆ ॥* *ਅੰਗ- ੩੨੯*

ਵੈਰਾਗ ਦੀ ਸਾਡੇ ਅੰਦਰ ਘਾਟ ਹੈ। ਪਹਿਲਾਂ ਜਿਹੜੀ ਪਉੜੀ ਹੈ ਰੂਹਾਨੀਅਤ ਦੀ, ਪਹਿਲਾਂ ਹੀ ਜਿਹੜਾ ਕਦਮ ਚੁੱਕਣੈ, ਉਹ ਵੈਰਾਗ ਹੋਇਆ ਕਰਦੈ। ਦੂਸਰਾ ਜਿਹੜਾ ਦਰਵਾਜ਼ਾ ਹੋਇਆ ਕਰਦੈ, ਉਹ ਸਤਿਸੰਗ ਹੋਇਆ ਕਰਦੈ। ਤੀਸਰਾ ਜਿਹੜਾ ਦਰਵਾਜ਼ਾ ਆਉਂਦੈ, ਪਉੜੀ ਆਉਂਦੀ ਹੈ, ਉਹ ਵਿਵੇਕ ਦੀ ਹੋਇਆ ਕਰਦੀ ਹੈ, ਸਤਿ ਤੇ ਅਸਤਿ ਦਾ ਨਿਰਣਾ। ਚੌਥਾ ਜਿਹੜਾ ਹੁੰਦੈ ਉਹ ਵਿਚਾਰ ਦਾ ਹੋਇਆ ਕਰਦੈ। ਇਸ ਤਰ੍ਹਾਂ ਪਉੜੀ ਦਰ ਪਉੜੀ ਅਸੀਂ ਰੂਹਾਨੀਅਤ ਵਲ ਨੂੰ ਵਧਦੇ ਹਾਂ। ਹੌਲੀ-ਹੌਲੀ ਇਹਦੇ ਵਿਚ ਤਤਕਿਸ਼ਾ ਆ ਜਾਂਦੀ ਹੈ। ਖਟ ਕਰਮ ਆ ਜਾਂਦੇ ਨੇ ਤੇ ਫੇਰ ਸੁਣਨਾ, ਜਿਵੇਂ ਤੁਸੀਂ ਸੁਣ ਰਹੇ ਹੋਂ। ਫੇਰ ਇਹਨੂੰ ਮੰਨਣਾ, ਫੇਰ ਪ੍ਰੈਕਟਿਸ ਕਰਨੀ, ਫੇਰ ਇਹਦੀ ਪ੍ਰਾਪਤੀ ਕਰਨੀ। ਇਹ ਰੂਹਾਨੀਅਤ ਦੇ ਡੰਡੇ ਨੇ ਜਿਹਦੇ ਉਤੇ ਅਸੀਂ ਚੜ੍ਹਦੇ ਹਾਂ -

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥*
*ਅੰਗ- ੬੨੨*

ਸੋ ਵੈਰਾਗ ਹੋਏ ਤੋਂ ਬਿਨਾਂ ਨਹੀਂ ਹੁੰਦਾ। ਮਹਾਤਮਾ ਬੁੱਧ ਨੂੰ ਵੈਰਾਗ ਹੋਇਆ, ਉਸ ਨੇ ਬਾਹਰ ਮੁਰਦਾ ਦੇਖਿਆ। ਬਿਮਾਰ ਦੇਖਿਆ, ਬੁੱਢਾ ਦੇਖਿਆ ਤੇ ਐਨਾ ਵੈਰਾਗੀ ਹੋ ਗਿਆ ਕਿ ਉਸ ਨੇ ਕਿਹਾ ਕਿ ਬੜਾ ਮਾੜਾ ਕੰਮ ਹੈ, ਇਹ ਦੁਨੀਆਂ ਤਾਂ ਦੁੱਖਾਂ ਦਾ ਘਰ ਹੈ। ਉਸ ਵੇਲੇ ਇਹ ਰਾਜ ਕੁਮਾਰ ਸੀ। ਅੱਗੇ ਮਹਾਤਮਾ ਨੂੰ ਮਿਲਿਆ। ਇਹਨੇ ਦੇਖਿਆ ਇਹ ਤਾਂ ਪਰਮ ਸੁਖੀ ਹੈ, ਇਹਦੇ ਕੋਲ ਕੀ ਚੀਜ਼ ਹੈ। ਮਹਾਤਮਾ ਨੇ ਉਹਨੂੰ ਚੇਟਕ ਲਾ ਦਿਤੀ।

ਇਸੇ ਤਰ੍ਹਾਂ ਦੇ ਨਾਲ 1573 ਈ. ਦੇ ਵਿਚ ਇਕ ਐਸਾ ਵਿਅਕਤੀ ਆਪਣੇ ਦੇਸ਼ ਵਿਚ ਹੋਇਆ ਹੈ ਜਿਸ ਦਾ ਨਾਮ ਬੇਣੀ ਭਗਤ ਕਹਿੰਦੇ ਹਾਂ। ਜਿਸ ਨੂੰ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਮਿਲਿਆ ਹੋਇਐ। ਸਤਿਗੁਰੂ ਰੂਪ ਹੋ ਕੇ ਬੈਠਾ ਹੈ। ਇਹ ਜਿਹੜਾ ਪ੍ਰੇਮੀ ਸੀ, ਆਮ ਸਾਧਾਰਣ ਬੰਦਾ ਸੀ। ਲੇਕਿਨ ਪਿਛਲੇ ਜਨਮਾਂ ਦੇ ਸੰਸਕਾਰ ਇਹਨੂੰ ਸਤਿਸੰਗ ਵਲ ਨੂੰ ਪ੍ਰੇਰਦੇ ਰਹਿੰਦੇ ਸੀ। ਜੋ ਤੁਸੀਂ ਸਤਿਸੰਗ 'ਚ ਆਏ ਹੋਂ। ਇਹ ਐਵੇਂ ਨਹੀਂ ਆ ਹੁੰਦਾ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ - ੨੦੪*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਜਦੋਂ ਸ਼ੁੱਧ ਲੇਖ ਬਣ ਜਾਂਦੇ ਨੇ, ਉਸ ਵੇਲੇ ਫਲ ਕੀ ਹੁੰਦੈ? ਸਤਿਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਸਤਿਸੰਗ ਦੇ ਵਿਚ ਵਿਚਾਰ ਹੁੰਦੀ ਹੈ -

*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥*
*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥*
*ਅੰਗ- ੧੪੬*

ਸਤਿਸੰਗ 'ਚ ਆ ਕੇ, ਵਿਚਾਰ ਚਲਦੀ ਹੈ, ਰਸਤਾ ਲੱਭਦੈ, ਅਸੀਂ ਉਹਨੂੰ ਮੰਨਦੇ ਹਾਂ ਕਿਉਂਕਿ ਸਾਡੇ ਗੁਰੂ ਦੀ ਬਾਣੀ ਹੈ। ਸਾਨੂੰ ਫੇਰ ਰਾਹ ਲੱਭਦੈ।

ਇਸੇ ਤਰ੍ਹਾਂ ਦੇ ਨਾਲ ਬੇਣੀ ਨੂੰ, ਨੌਜਵਾਨ ਸੀ, ਵਿਆਹ ਹੋਇਆ ਹੋਇਆ ਸੀ। ਇਸ ਨੂੰ ਵੈਰਾਗ ਲੱਗਿਆ, ਇਸ ਨੇ ਸੰਗਤ ਕਰਨੀ ਸ਼ੁਰੂ ਕਰ ਦਿਤੀ। ਉਥੋਂ ਉਸ ਨੂੰ ਗਿਆਤ ਹੋ ਗਈ ਪੂਰੀ ਤਰ੍ਹਾਂ ਦੇ ਨਾਲ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- ੧੨*

ਅਸੀਂ ਵੀ ਰੋਜ਼ ਸੁਣਦੇ ਹਾਂ, ਪਰ ਸਾਡੇ ਅੰਦਰ ਇਹਦਾ ਅਸਰ ਥੋੜ੍ਹਾ ਹੁੰਦੈ। ਸਤਿਸੰਗ ਬੈਠੇ ਤਾਂ ਹੋ ਜਾਂਦੈ ਕਿ ਹਾਂ, ਆਏ ਤਾਂ ਵਾਹਿਗੁਰੂ ਨੂੰ ਮਿਲਣ ਵਾਸਤੇ ਸੀ। ਪਰ ਅਸੀਂ ਤਾਂ ਉਲਝ ਗਏ। ਉਹਨਾਂ ਕੰਮਾਂ 'ਚ ਉਲਝ ਗਏ ਜਿਹੜੇ ਅਸੀਂ ਛੱਡ ਜਾਣੇ ਨੇ, ਜਿਹੜਾ ਸਾਡੇ ਨਾਲ

ਜਾਣਾ ਹੈ, ਉਹ ਕੰਮ ਦਾ ਸਾਨੂੰ ਫਿਕਰ ਨਹੀਂ -

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ- ੨੫੧*

ਇਹਨਾਂ ਕੰਮਾਂ ਵਿਚ ਅਸੀਂ ਉਲਝ ਗਏ, ਉਲਝ ਕੇ ਸਾਡਾ ਸਮਾਂ ਲੰਘਦਾ ਜਾਂਦਾ ਹੈ। 24000 ਸਵਾਸ ਰੋਜ਼ ਲੰਘ ਜਾਂਦੈ। ਘਟ ਜਾਂਦੀ ਹੈ ਸਾਡੀ ਰਾਸ। ਸਵਾਸ ਬਹੁਤ ਮਿਲੇ ਨੇ। ਸੌ ਸਾਲ ਦੀ ਉਮਰ ਵਾਲੇ ਨੂੰ 88 ਕਰੋੜ 66 ਲੱਖ ਸਵਾਸ ਪ੍ਰਮੇਸ਼ਰ ਨੇ ਦਿਤਾ ਹੈ। 75 ਸਾਲ ਵਾਲੇ ਨੂੰ 66 ਕਰੋੜ 44 ਲੱਖ ਸਵਾਸ ਦਿਤੈ, ਫੇਰ ਰਿਆਇਤ ਇਹ ਰੱਖੀ ਹੈ ਕਿ ਪਿਆਰਿਆ, ਤੇਰੇ ਸਵਾਸ ਕਿੰਨੇ ਕੀਮਤੀ ਨੇ, ਜੇ ਕਿਤੇ ਇਕ ਚਿੱਤ, ਇਕ ਮਨ, ਤੂੰ ਇਕ ਸਵਾਸ ਦੇ ਵਿਚ ਪ੍ਰਮੇਸ਼ਰ ਵਲ ਧਿਆਨ ਦੇ ਦੇਵੇਂ। ਤੇਰੇ ਕੀਤੇ ਹੋਏ ਸਾਰੇ ਪਾਪ ਉਸੇ ਵੇਲੇ ਖਤਮ ਹੋ ਜਾਣਗੇ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨਾ ਆਇਓ॥*

ਮੈਂ ਤਾਂ ਸਵਾਸ ਕਹਿੰਦਾ ਹਾਂ, ਮਹਾਰਾਜ ਕਹਿੰਦੇ, ਅੱਖ ਦੇ ਝਮਕੇ ਜਿੰਨਾਂ ਚਿਰ। ਇਹ ਕੋਈ ਕਵਿਤਾ ਨਹੀਂ ਹੈ, ਕੋਈ ਰੌਚਕ ਬਾਤਾਂ ਨਹੀਂ ਹਨ ਯਥਾਰਥ ਨੇ ਸਾਰੀਆਂ। ਰੁਚੀ ਲਾਉਣ ਵਾਲੀਆਂ ਹਨ ਜ਼ਰੂਰ ਲੇਕਿਨ ਹੈ ਯਥਾਰਥ। ਐਵੇਂ ਕਲਪਨਾ ਨਹੀਂ ਹੈ। ਸੋ ਐਡਾ ਵੱਡਾ ਸਾਨੂੰ ਸਵਾਸਾਂ ਦਾ ਭੰਡਾਰਾ ਮਿਲਿਆ ਹੈ ਜੇ ਥੋੜ੍ਹੇ ਜਿਹੇ ਸਵਾਸ ਵੀ ਵਾਹਿਗੁਰੂ ਵਲ ਲਗ ਜਾਣ ਤਾਂ ਵੀ ਬਹੁਤ ਵੱਡੀ ਗੱਲ ਹੈ।

ਐਸੀ ਮਹਾਂਪੁਰਸ਼ ਇਕ ਕਥਾ ਸੁਣਾਇਆ ਕਰਦੇ ਨੇ ਕਿ ਕੋਈ ਪ੍ਰੇਮੀ ਕਿਸੇ ਸ਼ਹਿਰ 'ਚ ਰਹਿੰਦਾ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਗਏ ਉਹਦੇ ਕੋਲ। ਬਹੁਤ ਅਮੀਰ ਸੀ, ਉਹਨੇ ਸੇਵਾ ਕੀਤੀ। ਜਿਸ ਵਕਤ ਮਹਾਰਾਜ ਚੱਲਣ ਲੱਗੇ, ਕਹਿਣ ਲੱਗੇ, ਪ੍ਰੇਮੀਆਂ! ਤੇਰੀ ਸੇਵਾ ਤੋਂ ਅਸੀਂ ਬਹੁਤ ਪ੍ਰਸੰਨ ਹਾਂ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫੇਰ ਮੇਰਾ ਜਨਮ ਮਰਨ ਕੱਟ ਦਿਓ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਤੇਰੇ ਆਲੇ ਦੁਆਲੇ ਬਹੁਤ ਬੰਧਨ ਨੇ। ਜਦੋਂ ਤਕ ਤੂੰ ਤਕੜਾ ਹੋ ਕੇ ਇਹਨਾਂ ਬੰਧਨਾਂ ਨੂੰ ਨਹੀਂ ਕੱਟਦਾ, ਓਨੀਂ ਦੇਰ ਤਕ ਤੈਨੂੰ ਆਉਣਾ ਜਾਣਾ ਪੈਣੈ। ਤੂੰ ਵਿਆਜ ਦਾ ਕੰਮ ਕਰਦੈਂ, ਤੇਰੀ ਕਮਾਈ ਦੇ ਵਿਚ ਖੋਟ ਹੈ ਬੜੀ ਜ਼ਬਰਦਸਤ। ਪ੍ਰਸ਼ਾਦਾ ਤੈਨੂੰ ਪ੍ਰਮੇਸ਼ਰ ਦੇਵੇਗਾ। ਇਹ ਜਿੰਨੀ ਕਮਾਈ ਤੂੰ ਜ਼ਿੰਦਗੀ ਭਰ 'ਚ ਕੀਤੀ ਹੈ, ਇਹ ਗਰੀਬਾਂ ਦੇ ਅਰਥ ਦੇ-ਦੇ। ਇੱਕੋ ਬਚਨ ਕਰਿਆ ਮਹਾਰਾਜ ਜੀ ਨੇ। ਫਲ ਕੀ ਹੋਇਆ? ਉਹਨੇ ਆਪਣਾ ਸਾਰਾ ਘਰ-ਬਾਰ, ਪੈਸਾ ਟਕਾ ਹਰ ਚੀਜ਼ ਇਹ ਸਮਝ ਕੇ ਕਿ ਇਹ ਦੂਸ਼ਿਤ ਪੈਸਾ ਹੈ, ਮੈਨੂੰ ਜੰਮਣ ਮਰਨ ਦੇ ਚੱਕਰ ਵਿਚ ਪਾਉਂਦਾ ਹੈ। ਉਹਨੇ ਵੰਡ ਦਿਤਾ ਗਰੀਬਾਂ ਨੂੰ, ਲੋੜਵੰਦਾਂ ਨੂੰ ਦੇ ਦਿਤਾ। ਲੋੜਵੰਦਾਂ ਦੇ ਵਾਸਤੇ ਦਵਾਖਾਨੇ, ਕੋਈ ਹੋਰ ਚੀਜ਼ਾਂ ਵਿਦਿਆਲਿਆ ਆਦਿ ਉਤੇ ਖਰਚ ਕਰ ਦਿਤਾ। ਉਸ ਪਿੰਡ 'ਚੋਂ ਚਲਿਆ ਗਿਆ ਤੇ ਨਾਲ ਦੂਰ-ਨੇੜਿਓਂ ਜਾ ਕੇ ਇਕ ਘਰ ਲੈ ਲਿਆ। ਉਥੇ ਬੰਦਗੀ ਕਰਨੀ ਸ਼ੁਰੂ ਕਰੀ। ਅੰਮ੍ਰਿਤ ਵੇਲੇ ਦੋ ਵਜੇ ਜਾਗਦਾ ਸੀ। ਦਿਨ ਚੜ੍ਹੇ ਤਕ ਇਕ ਟਕ ਪ੍ਰਭੂ ਦਾ ਭਜਨ ਕਰਦਾ। ਫੇਰ ਦਿਨੇ ਜਾ ਕੇ ਮਜੂਰੀ ਕਰਦਾ। ਜਿਹੜਾ ਕੁਝ ਮਿਲਦਾ ਉਹਦਾ ਆਪ ਵੀ ਛਕਦਾ ਤੇ ਵੰਡ ਕੇ ਛਕਦਾ। ਉਸ ਨਗਰ ਦਾ ਜੋ ਮਾਲਕ ਸੀ ਉਹ ਸੇਠ ਸੀ। ਉਹ ਸੇਠ ਆਇਆ ਹੋਇਆ ਸੀ ਕਨਕੂਟ ਕਰਨ ਵਿਚ, ਫਸਲਾਂ ਦੇਖਣ ਵਾਸਤੇ ਕਿ ਕਿੰਨੀਆਂ ਕੁ ਹੋ ਜਾਣਗੀਆਂ। ਮੇਰੇ ਹਿੱਸੇ 'ਚ ਕਿੰਨੀ ਕੁ ਆ ਜਾਏਗੀ। ਘਰੋਂ ਸੁਨੇਹਾ ਆ ਗਿਆ ਕਿ ਸੇਠ ਜੀ! ਦਿਨ ਹੈ ਤਾਂ ਰਾਤ ਹੈ ਤਾਂ, ਜੇ ਪ੍ਰਸ਼ਾਦਾ ਛਕਦੈਂ ਤਾਂ, ਬੁਰਕੀ ਮੂੰਹ 'ਚ ਹੈ ਠੀਕ, ਪਰ ਤੂੰ ਉਸੇ ਵੇਲੇ ਤੁਰ। ਪਹਿਲੇ ਜ਼ਮਾਨਿਆਂ 'ਚ ਇਹੋ ਜਿਹੀਆਂ ਚਿੱਠੀਆਂ ਲਿਖਦੇ ਹੁੰਦੇ, ਜੇ ਕੋਈ ਜ਼ਰੂਰੀ ਮਾਮਲਾ ਹੁੰਦਾ। ਤੁਰਦੇ-ਤੁਰਦੇ ਜੁੱਤੀ ਪਾਈ, ਬੜਾ ਤਾਕੀਦੀ ਸੁਨੇਹਾ ਆ ਗਿਆ, ਰਾਤ ਦੇ 9 ਵਜ ਗਏ। ਹਨ੍ਹੇਰੀ ਰਾਤ ਹੈ। ਉਸ ਵੇਲੇ ਆਪਣੇ ਮੁਨੀਮ ਨੂੰ ਕਹਿਣ ਲੱਗਿਆ ਕਿ ਪਿੰਡ ਇਥੋਂ 7-8 ਕੋਹ 'ਤੇ ਹੈ, ਰਾਹ 'ਚ ਜੰਗਲ ਪੈਂਦਾ ਹੈ, ਬੜਾ ਖਤਰਾ ਹੈ। ਕੋਈ ਬੰਦਾ ਦੇਖ, ਕੋਈ ਜਾਂਦੈ ਆਪਣੇ ਨਾਲ। ਉਹ ਕਹਿਣ ਲੱਗਿਆ, ਸੇਠ ਜੀ! ਇਸ ਵੇਲੇ ਤਾਂ ਕਿਸੇ ਨੇ ਵੀ ਨਹੀਂ ਤੁਰਨਾ। ਹਾਂ, ਇਕ ਸ੍ਰੀ ਗੁਰੂ ਨਾਨਕ ਸਾਹਿਬ ਦਾ ਸਿੱਖ ਹੈ ਇਥੇ, ਉਹਨੂੰ ਪੁੱਛ ਕੇ ਦੇਖ ਲੈਂਦੇ ਹਾਂ।

ਕਿਉਂਕਿ ਗੁਰਸਿੱਖ ਜਿਹੜਾ ਹੈ ਉਹ ਕਿਰਤ ਕਰਦੈ। ਅੰਮ੍ਰਿਤ ਵੇਲੇ ਵੀ ਬੰਦਗੀ ਕਰਦੈ, ਰਾਤ ਨੂੰ ਵੀ ਬੰਦਗੀ ਕਰਦੈ। ਉਥੇ ਜਾ ਕੇ ਅਵਾਜ਼ ਦਿਤੀ।

ਉਹ ਕਹਿਣ ਲੱਗਿਆ, ਭਾਈ ਗੁਰਮੁਖੋ! ਅਸੀਂ ਦਿਨੇ-ਦਿਨੇ ਕੰਮ ਕਰਦੇ ਹਾਂ, ਬਾਕੀ ਸਮਾਂ ਅਸੀਂ ਪ੍ਰਭੂ ਦੀ ਯਾਦ ਵਿਚ ਲੰਘਾਉਂਦੇ ਹਾਂ। ਸੇਠ ਕੋਲ ਵਾਪਸ ਆ ਗਏ, ਕਹਿਣ ਲੱਗੇ ਆਹ ਗੱਲ ਕਹਿੰਦਾ ਹੈ ਉਹ। ਕਹਿੰਦਾ, ਤੂੰ ਜਾ ਕੇ ਉਸ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਵਾਸਤਾ ਪਾ। ਕਹਿਣ ਲੱਗਿਆ, ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਰਕੇ ਤੂੰ ਸੇਠ ਨੂੰ ਛੱਡ ਆ। ਉਹਨੇ ਕਿਹਾ ਮੇਰੇ ਸਤਿਗੁਰੂ ਜੀ ਦਾ ਨਾਉਂ ਲਿਆ ਇਹਨੇ। ਛੱਡ ਆਉਂਦਾ ਹਾਂ ਮੈਂ। ਜਿਸ ਵਕਤ ਉਸ ਦਾ ਥੈਲਾ ਚੁੱਕ ਲਿਆ, ਸੇਠ ਗੱਲਾਂ ਕਰਦਾ ਜਾਂਦਾ ਹੈ। ਸੇਠ ਨੇ ਦੁਨੀਆਂਦਾਰੀ ਤੋਂ ਅਗਾਂਹਾਂ ਗੱਲਾਂ ਹੀ ਨਹੀਂ ਸੀ ਕੀਤੀਆਂ। ਉਹ ਇਧਰਲੀਆਂ-ਉਧਰਲੀਆਂ ਮਾਰਦੈ। ਉਹਨੇ ਬੈਗ ਰਖ ਦਿਤਾ। ਕਹਿੰਦਾ, ਸੇਠ ਜੀ! ਮੇਰੇ ਤੋਂ ਨਹੀਂ ਲਿਜਾ ਹੁੰਦਾ। ਕਹਿੰਦਾ, ਦੇਖ ਭਾਈ ਗੁਰਸਿੱਖਾ! ਤੂੰ ਅੱਧ ਵਿਚਾਲੇ ਮੈਨੂੰ

ਜਵਾਬ ਦੇ ਦਿਤਾ। ਨਾ ਮੈਂ ਓਧਰ ਜੋਗਾ, ਨਾ ਇਧਰ ਜੋਗਾ। ਮੈਂ ਤੈਨੂੰ ਮਜ਼ੂਰੀ ਦੁਗਣੀ ਦੇ ਦੇਵਾਂਗਾ। ਚਾਰ ਗੁਣੀ ਦੇ ਦੇਵਾਂਗਾ। ਤੂੰ ਮੇਰਾ ਕੰਮ ਕਰ, ਹਨ੍ਹੇਰਾ ਹੈ। ਉਹ ਕਹਿੰਦਾ, ਸੇਠ ਜੀ! ਮਜ਼ੂਰੀ ਤਾਂ ਮੈਂ ਲਵਾਂਗਾ, ਓਨੀ ਹੀ। ਪਰ ਇਹ ਹੈ ਕਿ ਤੂੰ ਮੇਰਾ ਸਮਾਂ ਬਰਬਾਦ ਕਰ ਰਿਹੈਂ। ਮੇਰੀ ਸੁਰਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਹੋਈ ਹੈ, ਤੂੰ ਦੁਨੀਆਂਦਾਰੀ ਦੀਆਂ ਗੱਲਾਂ ਕਰੀ ਜਾਂਦੈ। ਜਾਂ ਤਾਂ ਤੂੰ ਮੇਰੇ ਤੋਂ ਪ੍ਰਮੇਸ਼ਰ ਦੀ ਬਾਤ ਸੁਣ ਜਾਂ ਤੂੰ ਸੁਣਾ। ਕਹਿੰਦਾ, ਗੁਰਸਿੱਖਾ! ਮੈਂ ਸਹੀ ਗੱਲ ਦਸ ਦਿੰਦਾਂ ਕਿ ਮੇਰਾ ਤਾਂ ਰੱਬ ਦੇ ਉਤੇ ਵਿਸ਼ਵਾਸ ਹੀ ਨਹੀਂ। ਮੈਂ ਤਾਂ ਇਹ ਸਮਝਦਾ ਹਾਂ ਕਿ ਚਲਾਕ ਬੰਦਿਆਂ ਨੇ ਆਪਣੀ ਰੋਟੀ ਪਾਣੀ ਚਲਾਉਣ ਵਾਸਤੇ ਆਪਣੀਆਂ ਕਹਾਣੀਆਂ ਬਣਾਈਆਂ ਹੋਈਆਂ ਨੇ। ਲੋਕਾਂ ਨੂੰ ਡਰਾ-ਡਰਾ ਕੇ ਪੈਸੇ ਲਈ ਜਾਂਦੇ ਨੇ। ਮੈਂ ਤਾਂ ਮੰਨਦਾ ਹੀ ਨਹੀਂ, ਰੱਬ ਕਿੱਥੇ ਹੈ? ਹੋਵੇ ਤਾਂ, ਤਾਂ ਜੇ ਕਿਸੇ ਨੂੰ ਮਿਲੇ। ਇਹੋ ਜਿਹੀਆਂ ਨਾਸਤਕ ਗੱਲਾਂ ਕੀਤੀਆਂ। ਕਹਿਣ ਲੱਗਿਆ, ਤੂੰ ਸੁਣਾ ਫੇਰ ਮੈਂ ਸੁਣ ਲਵਾਂਗਾ।

ਉਸ ਗੁਰਸਿੱਖ ਨੇ ਪ੍ਰਭੂ ਦੀਆਂ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿਤੀਆਂ। ਉਹ ਹਾਂ-ਹਾਂ ਕਰੀ ਗਿਆ। ਐਨੇ ਨੂੰ ਉਹਦਾ ਪਿੰਡ ਆ ਗਿਆ। ਸਮਾਨ ਰੱਖ ਦਿਤਾ। ਵਾਪਸ ਮੁੜਨ ਲੱਗਿਆ। ਸੇਠ ਨੇ ਉਹਦੀ ਮਜ਼ੂਰੀ ਦੇ ਦਿਤੀ ਤੇ ਕਹਿਣ ਲੱਗਿਆ, ਤੂੰ ਇਥੇ ਹੀ ਠਹਿਰ ਜਾ। ਸਵੇਰੇ ਇਸ਼ਨਾਨ ਦਾ ਬੰਦੋਬਸਤ ਮੈਂ ਕਰ ਦੇਵਾਂਗਾ। ਕਹਿੰਦਾ, ਨਹੀਂ ਸੇਠ ਜੀ ਮੈਂ ਜਾਣਾ ਹੈ। ਥੋੜ੍ਹਾ ਦੂਰ ਜਾ ਕੇ ਉਹ ਮੁੜ ਆਇਆ। ਸੇਠ ਕਹਿਣ ਲੱਗਿਆ ਕਿ ਗੁਰਸਿੱਖਾ! ਕੀ ਗੱਲ ਤੂੰ ਮੁੜ ਆਇਆ। ਤੈਨੂੰ ਮਜ਼ੂਰੀ ਥੋੜ੍ਹੀ ਦਿਤੀ ਹੈ? ਕਹਿੰਦਾ, ਨਹੀਂ ਮਜ਼ੂਰੀ ਦੀ ਗੱਲ ਨਹੀਂ ਸੇਠ ਜੀ, ਇਧਰ ਆ ਕੇ ਮੇਰੀ ਗੱਲ ਸੁਣ। ਮੈਂ ਚਲਿਆ ਜਾਣਾ ਸੀ, ਪਰ ਮੇਰੇ ਸਤਿਗੁਰੂ ਕਹਿੰਦੇ ਨੇ ਕਿ ਜਿਥੇ ਤਕ ਸੰਸਾਰ ਦਾ ਭਲਾ ਹੋਵੇ, ਭਲਾ ਕਰੋ। ਕਹਿਣ ਲੱਗਿਆ, ਮੇਰਾ ਕੀ ਭਲਾ ਹੋਏਗਾ? ਕਹਿੰਦਾ, ਤੂੰ ਅੱਜ ਤੋਂ ਸੱਤ ਦਿਨ ਨੂੰ ਮਰ ਜਾਣੈ। ਪ੍ਰਮੇਸ਼ਰ ਦਾ ਧਿਆਨ ਤੈਨੂੰ ਆ ਹੀ ਨਹੀਂ ਸਕਣਾ, ਜੇ ਮੈਂ ਤੈਨੂੰ ਕਹਾਂ ਕਿ ਵਾਹਿਗੁਰੂ-ਵਾਹਿਗੁਰੂ ਕਰ। ਕਰ ਤੇਰੇ ਤੋਂ ਹੋਣਾ ਨਹੀਂ ਕਿਉਂਕਿ ਪਾਪਾਂ ਦੀ ਮੈਲ ਐਨੀ ਚੜ੍ਹ ਗਈ, ਤੇਰੀ ਰੁਚੀ ਹੀ ਨਹੀਂ ਲੱਗਣੀ, ਕਿਉਂਕਿ ਸਭ ਤੋਂ ਔਖੀ ਚੀਜ਼ ਜਿਹੜੀ ਹੈ ਦੁਨੀਆਂ 'ਚ, ਉਹ ਨਾਮ ਜਪਣਾ ਹੀ ਹੈ। ਨਾਮ ਨਹੀਂ ਜਪ ਸਕਦਾ, ਆਦਮੀ ਗੱਲਾਂ ਬਾਤਾਂ ਕਰ ਸਕਦੈ ਤੇ ਮੈਂ ਤੈਨੂੰ ਦੱਸਣੈ ਕਿ ਉਸ ਤੋਂ ਬਾਅਦ ਤੈਨੂੰ ਜਮਦੂਤ ਲੈਣ ਆਉਣਗੇ, ਮਾਰਨਗੇ, ਕੁੱਟਣਗੇ, ਬਹੁਤ ਬੁਰਾ ਹਾਲ ਤੇਰਾ ਕਰਨਗੇ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*

*ਅੰਗ- ੫੨੦*

ਕੂਕਾ ਮਾਰਦਾ ਜਾਏਂਗਾ, ਧਰਮਰਾਜ ਨੇ ਉਸੇ ਵੇਲੇ ਤੈਨੂੰ ਨਰਕਾਂ 'ਚ ਸੁੱਟ ਦੇਣੈ। ਤੇਰਾ ਕੋਈ ਭਲਾ ਕਰਮ ਨਹੀਂ ਨਿਕਲਣਾ ਸੀ। ਦੇਖ ਲਿਆ ਉਹਨੇ ਅੰਦਰਲੀ ਸ਼ਕਤੀ ਨਾਲ। ਕਾਲੇ ਲੇਖ ਤੂੰ ਲਿਖੇ ਨੇ। ਜਿਹੜਾ ਆਦਮੀ ਕਾਲੇ ਲੇਖ ਲਿਖਦੈ, ਉਹਦੇ ਵਾਸਤੇ ਜਦੋਂ ਲੇਖਾ ਹੁੰਦੈ, ਦਰਗਾਹ ਦੇ ਵਿਚ। ਉਸ ਵੇਲੇ ਉਹਨੂੰ ਬਹੁਤ ਹੀ ਔਖਾ ਹੋ ਜਾਂਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕਾਲੇ ਲੇਖ ਨਾ ਲਿਖੀਂ ਓ ਮਨਾਂ ਮੇਰਿਆ,*
*ਲੇਖਾ ਦੇਣਾ ਔਖਾ ਹੋ ਜਾਏਗਾ।*

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥*

*ਅੰਗ- ੧੩੭੮*

ਜੇ ਤੂੰ ਸਿਆਣਾ ਹੈਂ, ਅਕਲ ਦਾ ਲਤੀਫ ਹੈਂ, ਮੋਟੀ ਅਕਲ ਵਾਲਾ ਨਹੀਂ, ਪਿਆਰਿਆ! ਫੇਰ ਸਾਡੀ ਗੱਲ ਮੰਨ। ਉਹ ਇਹ ਹੈ ਕਾਲੇ ਲੇਖ ਨਾ ਲਿਖ ਕਿਉਂਕਿ ਜਦੋਂ ਇਹਨਾਂ ਦਾ ਲੇਖਾ ਦੇਣਾ ਪੈਣਾ ਹੈ, ਉਸ ਵੇਲੇ ਬਹੁਤ ਔਖਾ ਹੋ ਜਾਣੈ ਤੂੰ। ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*

*ਅੰਗ - ੧੪੨੫*

ਆਹ ਦੇਖੋ ਸਿਵਰੇਜ ਦੀਆਂ, ਬਹੁਤ ਵੱਡੀਆਂ-ਵੱਡੀਆਂ ਮਧਾਣੀਆਂ ਲੱਗੀਆਂ ਹੋਈਆਂ ਨੇ। ਇਸ ਤਰ੍ਹਾਂ ਦੇ ਨਾਲ ਕਹਿੰਦੇ ਉਥੇ ਸੁੱਟ ਦਿੰਦੇ ਨੇ। ਜੀਵ ਆਤਮਾ ਜਿਹੜਾ ਹੈ ਇਹ ਮਰਦਾ ਨਹੀਂ, ਇਹ ਸਰੀਰ ਮਰ ਜਾਣੈ ਤੇਰਾ। ਸੂਖਸ਼ਮ ਸਰੀਰ ਨਹੀਂ ਮਰਦਾ। ਉਹਦੇ ਨਾਲ ਜੀਵ ਆਤਮਾ ਨੇ ਜਦੋਂ ਜਾਣਾ ਹੈ, ਉਥੇ ਲੇਖਾ ਹੁੰਦੈ।

ਇਕ ਵਾਰੀ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਦੇ ਦੀਵਾਨ ਲੱਗੇ ਹੋਏ ਸੀ, ਕਲਿਆਣ ਦੇ ਪੁਲ ਤੇ ਉਥੇ ਲੁਧਿਆਣੇ ਤੋਂ ਪ੍ਰਿੰਸੀਪਲ ਗੁਰਦਿਆਲ ਸਿੰਘ ਸੀ। ਮਹਾਰਾਜ ਦੀਵਾਨ ਤੋਂ ਬਾਅਦ ਕਹਿਣ ਲੱਗੇ, ਗੁਰਦਿਆਲ ਸਿੰਘ! ਆਹ ਪਿੰਡ ਦੇ ਵਿਚ ਕਰਤਾਰ ਸਿੰਘ ਹੈ, ਖੇਤਾਂ ਵਿਚ ਰਹਿੰਦਾ ਹੈ। ਤੂੰ ਉਹਦੇ ਕੋਲ ਰਾਤ ਵੀ ਰਹੀਂ ਤੇ ਉਸ ਤੋਂ ਹਾਲ ਚਾਲ ਵੀ ਪੁੱਛੀਂ। ਬਚਨ ਮੰਨ ਕੇ ਉਥੇ ਚਲਿਆ ਗਿਆ। ਉਹਨੇ ਬੜਾ ਆਦਰ ਸਤਿਕਾਰ ਕਰਿਆ। ਸ਼ਾਮ ਹੋ ਗਈ, ਰਹਿਰਾਸ ਸਾਹਿਬ ਦਾ ਪਾਠ ਕਰਿਆ, ਕੀਰਤਨ ਸੋਹਿਲੇ ਦਾ ਪਾਠ ਕਰਿਆ, ਉਸ ਤੋਂ ਬਾਅਦ ਫੇਰ ਬਿਰਾਜ ਗਏ। ਅੰਮ੍ਰਿਤ ਵੇਲੇ ਦੋਵੇਂ ਉਠੇ। ਉਹਨੇ ਵੀ ਉਠ ਕੇ ਅਭਿਆਸ ਕਰਿਆ, ਇਹਨੇ ਵੀ ਕਰਿਆ। ਬਾਣੀ ਪੜ੍ਹੀ ਤੇ ਜਦੋਂ ਹਾਜ਼ਰੀ ਛਕੀ। ਕਹਿਣ ਲੱਗਿਆ, ਮਹਾਰਾਜ ਜੀ ਨੇ ਮੈਨੂੰ ਭੇਜਿਆ ਸੀ ਤੁਹਾਡੇ ਕੋਲ। ਤੁਹਾਡੇ ਕੋਲ ਕੋਈ ਗੁੱਝਾ ਭੇਤ ਹੈ, ਉਹਦੇ ਵਾਸਤੇ

ਮੈਨੂੰ ਭੇਜਿਆ ਹੈ। ਉਹ ਕਹਿਣ ਲੱਗੇ ਕਿ ਉਹ ਤਾਂ ਜਾਣੀ ਜਾਣ ਨੇ। ਕਹਿਣ ਲੱਗੇ, ਕੀ ਭੇਤ ਹੈ, ਕ੍ਰਿਪਾ ਕਰਕੇ ਮੈਨੂੰ ਦੱਸੋ ਤਾਂ ਸਹੀ। ਕਹਿੰਦੇ, ਲੈ ਬੈਠ, ਧਿਆਨ ਨਾਲ ਮੈਂ ਦਸਦਾ ਹਾਂ। ਦਸ ਤਾਂ ਮੈਂ ਦਿੰਦਾ ਹਾਂ, ਹੋਰਾਂ ਨੂੰ ਵੀ ਦਸਦਾ ਹਾਂ, ਲੇਕਿਨ ਆਦਮੀ ਦੇ ਅੰਦਰ ਇਹੋ ਜਿਹੀ ਨਿਕਾਰਨ ਸ਼ਕਤੀ (rejection power) ਹੈ ਕਿ ਉਹ ਸੁਣਦੀ ਹੀ ਨਹੀਂ ਹੈ-

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਕਹਿੰਦਾ, ਮੈਂ ਫੌਜ ਵਿਚ ਨੌਕਰੀ ਕਰਦਾ ਸੀ। ਜਵਾਨ ਮੈਂ ਹੈਗਾ ਹੀ, ਤੇਰੇ ਸਾਮ੍ਹਣੇ ਹੀ ਹਾਂ। ਰੀਜ਼ਰਵ ਲਿਸਟ 'ਤੇ ਮੇਰਾ ਨਾਉਂ ਪੈ ਗਿਆ। ਘਰ ਆ ਗਿਆ, ਆ ਕੇ ਅਚਾਨਕ ਬਿਮਾਰ ਹੋ ਗਿਆ। ਚੜ੍ਹਾਈ ਕਰ ਗਿਆ। ਮੇਰਾ ਜਿਹੜਾ ਸਰੀਰ ਇਹ ਸਮਸ਼ਾਨ ਭੂਮੀ ਵਾਸਤੇ ਲਿਜਾਉਣ ਵਾਸਤੇ ਤਿਆਰੀਆਂ ਹੋਣ ਲੱਗੀਆਂ, ਰਿਸ਼ਤੇਦਾਰ ਬੁਲਾਉਣ ਲੱਗ ਗਏ ਤੇ ਮੈਨੂੰ ਕਿਸੇ ਨੇ ਮਾਰਿਆ, ਕੁੱਟਿਆ ਤਾਂ ਨਹੀਂ ਹੈ।

ਸਾਰਿਆਂ 'ਤੇ ਮਾਰ ਨਹੀਂ ਪੈਂਦੀ ਸਾਧਸੰਗਤ ਜੀ! ਮਾਰ ਉਹਨਾਂ 'ਤੇ ਪੈਂਦੀ ਹੈ ਜਿਹੜੇ ਇਥੇ ਆ ਕੇ ਗ਼ਫ਼ਲਤਾਂ ਕਰਦੇ ਨੇ, ਪਿਆਲੇ ਪੀਂਦੇ ਨੇ, ਕਬਾਬ ਖਾਂਦੇ ਨੇ, ਦੂਜਿਆਂ ਨੂੰ ਦੁਖ ਦਿੰਦੇ ਨੇ। ਉਹਨਾਂ ਨੂੰ ਮਾਰਦੇ ਕੁੱਟਦੇ ਲਿਜਾਂਦੇ ਨੇ, ਹਰੇਕ ਨੂੰ ਨਹੀਂ ਲਿਜਾਂਦੇ। ਉਹਨਾਂ ਵਾਸਤੇ ਰਾਹਗੀਰ (guide) ਆਉਂਦੇ ਨੇ, ਮੈਨੂੰ ਕਈਆਂ ਨੇ ਦੱਸਿਐ ਜਿਹੜੇ ਜਿਉਂਦੇ ਹੋਏ ਨੇ ਕਿ ਸਾਨੂੰ ਰਾਹਗੀਰ (guide) ਆਇਆ, ਜਮਦੂਤ ਨਹੀਂ ਸੀ ਆਏ। ਜਿਹੜਾ ਬਾਣੀ ਪੜ੍ਹਨ ਵਾਲਾ ਹੈ, ਸਤਿਸੰਗ 'ਚ ਜਾਣ ਵਾਲਾ, ਉਹਨੂੰ ਜਦੋਂ ਲੈ ਕੇ ਜਾਣਗੇ ਤਾਂ ਸਿੰਘ ਆਉਣਗੇ, ਲੈਣ ਵਾਸਤੇ। ਆ ਕੇ ਫਤਹਿ ਬੁਲਾਉਂਦੇ ਨੇ, ਪੰਜ ਆ ਜਾਣ, ਦੋ ਆ ਜਾਣ, ਇਕ ਆ ਜਾਵੇ। ਇਹ ਮੌਜ ਹੈ ਦਰਗਾਹ ਵਾਲਿਆਂ ਦੀ।

ਇਕ ਬੀਬੀ ਸੀ ਉਹਦਾ ਨਾਉਂ ਮੀਤੋ ਸੀ। ਇਥੋਂ ਨੇੜੇ ਹੀ ਹੈ, ਸਾਧੂਗੜ੍ਹ ਕੋਲ ਪਿੰਡ ਹੈ ਉਹਦਾ। ਉਥੇ ਧਨੌਰਾ ਫਾਰਮ ਵਿਚ ਉਹਦੀ ਭੈਣ ਵਿਆਹੀ ਹੋਈ ਸੀ। ਉਹ ਕਹਿੰਦੀ ਹੁੰਦੀ ਕਿ ਭਾਅ ਜੀ ਨੂੰ ਜੇ ਤੁਸੀਂ ਕਹਿ ਦਿਓ ਕਿ ਮੈਨੂੰ ਇਕ ਸ਼ਬਦ ਪੜ੍ਹ ਲੈਣ ਦਿਓ। ਉਹਨਾਂ ਨੇ ਕਹਿਣਾ ਕਿ ਮੀਤੋ ਤੈਨੂੰ ਤਾਂ ਵਾਜਾ ਨਹੀਂ ਆਉਂਦਾ। ਕਹਿਣਾ, ਜਾਣਦੀ ਹਾਂ। ਮੈਨੂੰ ਐਵੇਂ ਹੀ ਆਉਂਦੈ। ਉਹਦਾ ਜਦੋਂ ਮੰਗਣਾ ਕਰਨ ਲੱਗੇ, ਕਹਿੰਦੀ, ਮੰਗੋ ਨਾ ਮੈਨੂੰ। ਮੈਂ 24 ਸਾਲ ਦੀ ਨੇ ਆਹ ਸੰਸਾਰ ਛੱਡ ਕੇ ਚਲੇ ਜਾਣਾ ਹੈ। ਨਾ ਮੇਰਾ ਸੰਜੋਗ ਹੈ ਇਥੇ ਲਿਖਿਆ ਹੋਇਆ। ਕੁਦਰਤ ਨੇ ਤਾਕਤ ਐਸੀ ਦਿਤੀ ਕਿ ਇਥੇ ਬੈਠੀ ਨੇ ਕਹਿਣਾ, ਭਾਅ ਜੀ ਦਾ ਦੀਵਾਨ ਲੱਗਿਆ ਹੋਇਐ।

15 ਹਾੜ ਦਾ ਦਿਨ ਸੀ। ਉਸ ਤੋਂ ਪਹਿਲਾਂ 15 ਦਿਨ ਬਹੁਤ ਗਰਮੀ ਪੈਂਦੀ ਸੀ। ਯੂ.ਪੀ ਤੋਂ ਕੋਈ ਆਏ, ਉਹਨਾਂ ਦੇ ਰਿਸ਼ਤੇਦਾਰ, ਭੈਣ ਵੀ ਆਈ। ਭੂਆ, ਫੁਫੜ ਵੀ ਆਏ। ਉਹ ਕਹਿਣ ਲੱਗੀ, ਫੁਫੜ ਜੀ! ਹੁਣ ਜਾਓ ਨਾ, 15 ਦਿਨ ਹੀ ਰਹਿ ਗਏ। ਮੈਂ ਸਰੀਰ ਛੱਡਣੈ। ਕਹਿੰਦੇ, ਤੂੰ ਤਾਂ ਮੁੱਢ ਤੋਂ ਹੀ ਕਹੀ ਜਾਂਦੀ ਹੈਂ, ਝੱਲੀ ਤੂੰ ਹੈਗੀ? ਤੈਨੂੰ ਸਾਰੇ ਲੋਕ ਝੱਲੀ ਕਹਿੰਦੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਹੁਤ ਕਮਾਲ ਦਾ ਕਰਦੀ ਸੀ। ਜਿਸ ਦਿਨ ਉਹਨੇ ਜਾਣਾ ਸੀ। ਉਸ ਦਿਨ ਉਹਨੇ ਆਪਣੇ ਸਾਰੇ ਘਰ ਵਿਚ ਕੰਧਾਂ ਦੇ ਨਾਲ ਹੌਲੀ-ਹੌਲੀ ਤੁਰ-ਤੁਰ ਕੇ ਰਹਿਰਾਸ ਪੜ੍ਹੀ। ਮਾਂ ਕਹਿੰਦੀ, ਕੀ ਕਰਦੀ ਹੈ? ਕਹਿੰਦੀ, ਮੈਂ ਕੰਧਾਂ ਨੂੰ ਰਹਿਰਾਸ ਸੁਣਾਉਂਦੀ ਹਾਂ, ਇਹਦੇ ਨਾਲ ਫੇਰ ਆਪਣਾ ਘਰ ਪਵਿੱਤਰ ਹੋ ਜਾਏਗਾ। ਮੈਂ ਚਲੀ ਜਾਣੈ। ਆਹ ਚਾਬੀ ਲੈ-ਲੈ। ਆਹ ਮੈਂ ਤੈਨੂੰ ਤਾਲੇ ਖੋਲ੍ਹਣੇ ਸਿਖਾਵਾਂ। ਉਸ ਤੋਂ ਬਾਅਦ ਉਸ ਨੇ ਕੜਾਹੀ ਮਾਂਜ ਲਈ ਤਾਂ ਕਿ ਇਹਦੇ ਵਿਚ ਤੁਸੀਂ ਦੇਗ ਬਣਾਇਓ। ਸਾਰਾ ਕੁਛ ਕਰ ਦਿਤਾ। ਕਹਿੰਦੇ, ਤੂੰ ਬਿਮਾਰ ਤਾਂ ਹੈ ਨਹੀਂ। ਕਹਿੰਦੀ, ਮੈਨੂੰ ਇੱਕੋ ਉਲਟੀ ਆਉਣੀ ਹੈ, ਫੇਰ ਮੈਂ ਚਲੀ ਜਾਣੈ। ਸਵੇਰੇ ਆਪਣੇ ਪਿਤਾ ਨੂੰ ਕਹਿਣ ਲੱਗੀ, ਪਿਤਾ ਜੀ! ਅੱਜ ਜਾਇਓ ਨਾ ਬਾਹਰ, ਮੈਂ 12 ਵਜੇ ਚਲੀ ਜਾਣੈ ਤੇ ਉਸ ਤੋਂ ਪਹਿਲਾਂ ਸਾਧੂਗੜ੍ਹ ਮਹਾਂਪੁਰਸ਼ ਰਹਿੰਦੇ ਸੀ, ਉਹਨਾਂ ਨੂੰ ਕਹਿਣ ਲੱਗੀ, ਬਾਬਾ ਜੀ! ਮੈਂ ਹੁਣ ਚਲੀ ਜਾਣੈ। ਮੈਂ ਅੰਮ੍ਰਿਤ ਛਕ ਕੇ ਆਉਂਦੀ ਹਾਂ। ਫਤਹਿਗੜ੍ਹ ਸਾਹਿਬ ਜਾ ਕੇ ਉਹਨੇ ਅੰਮ੍ਰਿਤ ਛਕਿਆ। ਕਹਿੰਦੀ, ਤੁਸੀਂ ਮੇਰਾ ਕੀਰਤਨ ਸੋਹਿਲਾ ਪੜ੍ਹਨੈ। ਆਹ ਇਕ ਮੈਂ ਤੁਹਾਨੂੰ ਗੱਲ ਦਸ ਦਿੰਦੀ ਹਾਂ, ਤੁਹਾਡੇ ਤੋਂ ਦੋ ਵਾਰੀ ਗਲਤ ਹੋ ਜਾਣੈ, ਤੀਸਰੀ ਵਾਰੀ ਸਹੀ ਪੜ੍ਹੋਂਗੇ, ਸ਼ੁੱਧ ਪੜਿਓ।

ਉਹ ਕਹਿੰਦੇ, ਸੱਚਮੁੱਚ ਮੀਤੋ ਤੂੰ ਜਾਣੈ? ਕਹਿੰਦੀ, ਹਾਂ ਮੈਂ ਜਾਣੈ। ਉਹ ਕਹਿੰਦੇ, ਝੱਲੀ ਤੈਨੂੰ ਤਾਂਹੀ ਕਹਿੰਦੇ ਨੇ। ਆਹ ਗੱਲ ਕਰੀ ਜਾਂਦੀ ਹੁੰਦੀ ਹੈਂ ਤੂੰ। ਪਿਤਾ ਨੂੰ ਕਹਿਣ ਲੱਗੀ ਕਿ ਅੱਜ ਨਾ ਜਾਓ, ਰਾਜਪੁਰੇ। ਉਹ ਕਹਿੰਦਾ, ਮੈਂ ਤਾਂ ਕਣਕ ਵੇਚਣੀ ਹੈ, ਖਾਲ੍ਹ ਲੈ ਕੇ ਆਉਣੈ। ਤੇਰੀਆਂ ਗੱਲਾਂ ਸੁਣਦੇ ਨੂੰ ਮੈਨੂੰ ਐਨਾ ਚਿਰ ਹੋ ਗਿਆ। ਉਹ ਕਹਿੰਦੀ, ਤੁਹਾਡੀ ਮਰਜ਼ੀ ਹੈ, ਮੈਂ 12 ਵਜੇ ਚਲੀ ਜਾਣੈ। ਜਦੋਂ 12 ਵਜੇ ਉਸ ਵੇਲੇ ਆਪਣਾ ਸਾਰਾ ਕੁਝ ਚੁੱਕ ਲਿਆਈ। ਉਡੀਕੀ ਜਾਂਦੀ ਹੈ ਪਿਤਾ ਨੂੰ। 12 ਵਜੇ ਇਕ ਦਮ ਉੱਠ ਕੇ ਖੜ੍ਹੀ ਹੋ ਗਈ। ਇਕੱਠੇ ਹੋਏ-ਹੋਏ ਨੇ ਪਿੰਡ ਦੇ ਲੋਕ ਕਿ ਇਹ ਕਹਿੰਦੀ ਹੈ ਮੈਂ ਜਾਣੈ-ਜਾਣੈ। ਤਿਆਰੀ ਕਰੀ ਬੈਠੀ ਹੈ, ਪਲੰਘ ਵਿਛਾਇਆ ਹੋਇਐ। ਜੈਕਾਰੇ ਬੁਲਾਉਣ ਲਗ ਗਈ 'ਬੋਲੇ ਸੋ ਨਿਹਾਲ'। ਲੋਕ ਕਹਿਣ ਲੱਗੇ, ਇਹਦਾ ਝੱਲ ਉਠ ਖੜ੍ਹਿਆ। ਕਹਿੰਦੀ, ਝੱਲ ਨਹੀਂ ਹੈ। ਬਾਬਾ ਜੀ ਆਏ

ਨੇ। ਕਹਿੰਦੀ, ਬਾਬਾ ਜੀ! ਪਿਤਾ ਜੀ ਤਾਂ ਹੈ ਨਹੀਂ ਤੇ ਤੁਸੀਂ ਜੇ ਦੁਬਾਰਾ ਆ ਜਾਓ, ਤੁਹਾਨੂੰ ਖੇਚਲ ਹੋਏਗੀ। ਉਹ ਕਹਿੰਦੇ, ਅਸੀਂ ਫੇਰ ਰਾਤ ਨੂੰ 10 ਵਜੇ ਆਵਾਂਗੇ। ਫੇਰ ਤੂੰ ਤਿਆਰ ਰਹੀਂ।

ਇਹਦੇ ਵਿਚ ਦੋ ਗੱਲਾਂ ਆਉਂਦੀਆਂ ਨੇ ਸਾਧਸੰਗਤ ਜੀ! ਬਾਣੀ ਵਿਚ। ਪੜ੍ਹ ਤਾਂ ਅਸੀਂ ਲੈਂਦੇ ਹਾਂ -

*ਧਾਰਨਾ - ਕਾਲ ਨੂੰ ਟਾਲਦੈ, ਪ੍ਰਭ ਜੀ ਦਾ ਸਿਮਰਨ ਕਰਕੇ।*

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਅੰਗ- ੨੬੨*

ਬੇਅੰਤ ਮਿਸਾਲਾਂ ਆਉਂਦੀਆਂ ਨੇ ਮਹਾਂਪੁਰਸ਼ਾਂ ਦੀਆਂ।

ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ। ਜੋ ਮਹਾਰਾਜ ਜੀ ਤੋਂ ਪਹਿਲਾਂ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਉਹਨਾਂ ਦੇ ਗੁਰਦੇਵ ਸਨ। ਅਧਿਆਤਮਵਾਦ ਦੇ ਗੁਰੂ। ਆਪ ਜੀ ਦੇ ਮਨ ਵਿਚ ਬਹੁਤ ਦਇਆ ਸੀ। ਸੰਗਤਾਂ ਨਾਲ ਬਹੁਤ ਪਿਆਰ ਕਰਦੇ ਸੀ। ਸਰਹੱਦੀ ਸੂਬੇ 'ਚ ਰਹਿੰਦੇ ਸੀ, ਬੜਾ ਆਸਰਾ ਸੀ, ਪਠਾਣ ਲੋਕ ਵੀ ਉਹਨਾਂ ਦਾ ਸਤਿਕਾਰ ਕਰਦੇ ਸੀ। ਦੂਜੇ ਵੀ ਸਾਰੇ ਸਤਿਕਾਰ ਕਰਦੇ ਸੀ। ਫੌਜ ਵਾਲੇ ਵੀ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸੀ। ਆਪ ਪਹਿਲਾਂ ਫੌਜ ਵਿਚ ਹੋਇਆ ਕਰਦੇ ਸੀ। ਗਾਈਡ ਪਲਟਨ 'ਚ। ਉਸ ਤੋਂ ਬਾਅਦ ਆਪ ਦਾ ਐਸਾ ਕੌਤਕ ਵਰਤਿਆ ਕਿ ਆਪ ਅੰਮ੍ਰਿਤ ਵੇਲੇ ਉਠ ਕੇ ਨਦੀ ਦੇ ਕੰਢੇ ਜਾਂਦੇ, ਉਥੇ ਇਸ਼ਨਾਨ ਕਰਕੇ, ਚੌਂਕੜਾ ਮਾਰ ਕੇ ਸਮਾਧਿਸ਼ਠ ਹੋ ਜਾਇਆ ਕਰਦੇ ਸੀ। ਅੱਜ ਆਪ ਦਾ ਚਿੱਤ ਜਿਹੜਾ ਸੀ ਭਾਈ ਗੌਂਦੇ ਵਾਂਗੂੰ, ਸਮੇਂ ਨੂੰ ਭੁੱਲ ਗਿਆ। ਨਦੀ ਦੇ ਕਿਨਾਰੇ ਹੀ ਬੈਠੇ ਰਹੇ। 11 ਵਜ ਕੇ, 12 ਵਜ ਗਏ, 2 ਵਜ ਗਏ। ਇਧਰਲੇ ਪਾਸੇ ਉਹਨਾਂ ਦੀ ਡਿਊਟੀ ਸੀ। ਵੱਖਰੀ-ਵੱਖਰੀ ਦਸਦੇ ਨੇ। ਕਈ ਦਸਦੇ ਨੇ ਕਿ ਉਹਨਾਂ ਦੀ ਡਿਊਟੀ ਕੋਤਾਂ ਉਤੇ ਸੀ, ਕਈ ਕਹਿੰਦੇ ਨੇ ਕੁਆਰਟਰ ਗਾਰਡ ਦੇ ਅੰਦਰ ਸੀ। ਪਰ ਉਹਨਾਂ ਦੇ ਨਾਲ ਜਿਹੜਾ ਸੀ ਭਾਈ ਦਇਆ ਸਿੰਘ, ਉਹਨੇ ਮੈਨੂੰ ਦੱਸੀ ਸੀ ਗੱਲ। ਇਕ ਦੀਵਾਨ ਸਿੰਘ ਸੀ, ਉਹਨੇ ਵੀ ਮੈਨੂੰ ਦਸਿਆ ਸੀ ਕਿ ਕੋਤਾਂ ਵੀ ਉਹਨਾਂ ਦੀ ਡਿਊਟੀ ਸੀ, ਜਿਥੇ ਰਾਈਫਲਾਂ ਦਿੰਦੇ ਹੁੰਦੇ। ਖਬਰ ਆਈ ਪਲਟਨ ਦੇ ਅੰਦਰ ਕਿ ਪਠਾਣਾਂ ਨੇ ਜਿਹੜੀ ਆਪਣੀ ਐਡਵਾਂਸ ਚੌਂਕੀ ਹੈ ਉਹਦੇ ਉਤੇ ਹਮਲਾ ਕਰ ਦਿਤਾ। ਉਸੇ ਵੇਲੇ ਬਿਗਲ ਵਜ ਗਿਆ, ਸਾਰੀ ਫੌਜ ਫਾਲਇਨ ਹੋਣੀ ਸੀ, ਪਹਿਲਾਂ ਹਥਿਆਰ ਲੈਣੇ ਸੀ, ਬਾਬਾ ਜੀ ਦੇ ਕੋਲ ਚਾਬੀ ਸੀ ਤੇ ਬੈਠੇ ਨੇ ਨਦੀ ਦੇ ਕੰਢੇ। ਇਧਰਲੇ ਪਾਸੇ ਬਾਬਾ ਜੀ ਹੋਰ ਬਣ ਗਏ। ਐਨੀ ਫੁਰਤੀ ਦੇ ਨਾਲ ਰਾਈਫਲਾਂ ਦਿਤੀਆਂ। ਸਕਿੰਟਾਂ ਦੇ ਵਿਚ ਹੀ ਦੇ ਕੇ ਸਾਰੀ ਫੌਜ ਨੂੰ ਤੌਰ ਦਿਤਾ। ਸਭ ਹੈਰਾਨ ਹੋਈ ਜਾਂਦੇ ਨੇ। ਉਹ ਕਹਿੰਦੇ ਐਨੀ ਫੁਰਤੀ ਤਾਂ ਦੇਖੀ ਨਹੀਂ ਕਦੇ। ਅੱਖ ਦਾ ਝਮਕਾ ਲਗਦੇ ਵਿਚ ਲਿਖਿਆ ਵੀ ਗਿਆ ਤੇ ਰਾਈਫਲ ਵੀ ਦੇ ਦਿਤੀ। ਉਸ ਤੋਂ ਬਾਅਦ ਆਪ ਉਥੇ ਆ ਕੇ ਫਾਲਇਨ ਹੋ ਗਏ। ਉਹ ਕਹਿਣ ਲੱਗੇ ਕਿ ਕਰਮ ਸਿੰਘ ਆਪ ਐਡਵਾਂਸ ਗਾਰਦ ਵਿਚ ਜਾਓਗੇ। ਆਪ ਐਡਵਾਂਸ ਗਾਰਦ ਵਿਚ ਗਏ। ਜਿਹੜਾ ਦੁਸ਼ਮਣ ਸੀ ਨਾ ਉਸ ਤੋਂ ਗੋਲੀ ਚੱਲੀ ਨਾ, ਕੁਝ ਨਾ ਚੱਲਿਆ। ਉਹਨੇ ਆਪਣੀ ਪਿਕਟ ਦੇ ਉਤੇ ਜਾ ਕੇ ਸੰਭਾਲ ਕਰ ਲਈ, ਕਬਜ਼ਾ ਕਰ ਲਿਆ। ਛੱਡ ਕੇ ਨੱਠ ਗਏ। ਅੰਗਰੇਜ਼ ਬੜਾ ਖੁਸ਼ ਹੋਇਆ। ਉਹ ਕਹਿਣ ਲੱਗਿਆ, ਮੈਂ ਸਪੈਸ਼ਲ ਤਰੱਕੀ ਦੇਣੀ ਹੈ। ਜਿਹੜੀ ਸਵੇਰ ਵੇਲੇ ਪਲਟਣ ਗਈ ਉਹ 12 ਵਜਦੇ ਨੂੰ ਬੈਰਕਾਂ 'ਚ ਵਾਪਸ ਆਈ। ਧੰਨ-ਧੰਨ ਹੋ ਰਹੀ ਹੈ ਕਿ ਬਾਬਾ ਜੀ ਨੇ ਅੱਜ ਨਾ ਕੋਈ ਗੋਲੀ ਚਲਾਈ ਹੈ ਤੇ ਪਿਕਟ ਲੈ ਲਈ। ਅੱਜ ਤਰੱਕੀ ਹੋਣੀ ਹੈ ਉਹਨਾਂ ਦੀ। ਦੋ ਵਜੇ ਦੇ ਕਰੀਬ ਆਪ ਦੀ ਸਮਾਧੀ ਖੁੱਲ੍ਹੀ। ਜਦੋਂ ਆਪ ਦੁਬਾਰਾ ਆਏ ਫੌਜ ਦੇ ਅੰਦਰ। ਉਸ ਵੇਲੇ ਮੁਬਾਰਕਾਂ ਮਿਲਣੀਆਂ ਸ਼ੁਰੂ ਹੋ ਗਈਆਂ। ਬਾਬਾ ਜੀ ਮੁਬਾਰਕਾਂ। ਉਹਨਾਂ ਨੇ ਕਿਹਾ ਕਿ ਅੱਜ ਕੋਈ ਭਾਣਾ ਵਰਤਣੈ। ਐਸਾ ਨਾ ਹੋਵੇ ਕਿ ਇੰਨਕੁਆਰੀ ਹੋਵੇ ਕਿ ਤੂੰ ਆਇਆ ਨਹੀਂ ਹੈਂ। ਸੂਬੇਦਾਰ ਉਹਨਾਂ ਦਾ ਖਾਸ ਭੇਤੀ ਸੀ। ਉਸਨੂੰ ਕਹਿਣ ਲੱਗੇ, ਸੂਬੇਦਾਰ ਸਾਹਿਬ! ਇਹ ਕੀ ਰੌਲਾ ਰੱਪਾ ਪਿਆ ਹੋਇਆ ਹੈ ਪਲਟਨ 'ਚ? ਕਹਿੰਦੇ, ਤੁਹਾਨੂੰ ਨਹੀਂ ਪਤਾ?

ਕਹਿੰਦੇ, ਮੈਂ ਤਾਂ ਹੁਣ ਆਇਆ ਹਾਂ ਨਦੀ ਦੇ ਕੰਢਿਓਂ?

ਉਹ ਕਹਿੰਦੇ, ਫੇਰ ਸਾਰਾ ਕੁਝ ਕੀ ਹੋਇਆ? ਤੁਸੀਂ ਰਾਈਫਲਾਂ ਦਿਤੀਆਂ, ਤੁਸੀਂ ਐਡਵਾਂਸ ਗਾਰਦ ਵਿਚ ਗਏ, ਤੁਸੀਂ ਜਾ ਕੇ ਪਿਕਟ ਦੇ ਵਿਚੋਂ ਦੁਸ਼ਮਣਾਂ ਨੂੰ ਕੱਢ ਦਿਤਾ। ਗੋਲੀ ਵੀ ਨਹੀਂ ਚਲਾਈ। ਪਤਾ ਨਹੀਂ ਕੀ ਕੌਤਕ ਵਰਤਾਇਆ ਤੇ ਅੱਜ ਇਸੇ ਲਈ ਖਾਸ ਤਰੱਕੀ ਦਿਤੀ ਜਾ ਰਹੀ ਹੈ।

ਕਹਿੰਦੇ, ਮੈਂ ਤਾਂ ਹਾਂ ਨਹੀਂ ਸੀ। ਇਹ ਜਿਹੜਾ ਕੰਮ ਕਰਿਐ, ਪ੍ਰਮੇਸ਼ਰ ਨੇ ਆ ਕੇ ਕਰਿਆ ਹੈ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ- ੬੩੮*

ਆਪਣੇ ਭਗਤਾਂ ਦਾ ਕੰਮ ਕਰਨ ਵਾਸਤੇ ਵਾਹਿਗੁਰੂ ਜੀ ਰੂਪ ਧਾਰ ਲਿਆ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਕੱਠ ਹੋ ਗਿਆ। ਦਫਤਰ ਵਿਚ ਸਾਰੇ 4 ਵਜੇ ਹਾਜ਼ਰ ਹੋ ਗਏ। ਸਾਹਬ ਨੇ ਕਿਹਾ, ਵੈੱਲ ਕਰਮ ਸਿੰਘ! ਅੱਜ ਆਪ ਕੋ ਸਪੈਸ਼ਲ ਤਰੱਕੀ ਦੇ ਕੇ, ਉਨ੍ਹਾਂ ਦਿਨਾਂ 'ਚ ਨੈਬ ਸੂਬੇਦਾਰ ਬਣਦਾ ਸੀ ਤੇ ਉਸ ਤੋਂ ਬਾਅਦ ਸੂਬੇਦਾਰ ਇਹੀ ਵੱਡੀ ਤਰੱਕੀ ਹੋਇਆ ਕਰਦੀ ਸੀ। ਇਸ

ਤੋਂ ਅੱਗੇ ਰੈਂਕ ਨਹੀਂ ਸੀ ਦਿਆ ਕਰਦਾ ਅੰਗਰੇਜ਼। ਉਹ ਆਪਣੇ ਬੰਦੇ ਰਖਦਾ ਸੀ। ਕਿਸੇ ਨੂੰ ਆਉਂਦੇ ਹੀ ਕੈਪਟਨ ਬਣਾ ਦਿੰਦਾ ਸੀ, ਕਿਸੇ ਨੂੰ ਲੈਫਟੀਨੈਂਟ ਬਣਾ ਦਿੰਦਾ ਸੀ। ਬਾਬਾ ਜੀ ਨੂੰ ਕਹਿਣ ਲੱਗਿਆ, ਅੱਜ ਤੁਹਾਡੀ ਸਪੈਸ਼ਲ ਤਰੱਕੀ ਹੈ। ਬਾਬਾ ਜੀ ਕਹਿਣ ਲੱਗੇ, ਮੈਨੂੰ ਵੀ ਗੱਲ ਕਰ ਲੈਣ ਦਿਓ। ਸਾਰੀ ਫੌਜ ਖੜ੍ਹੀ ਹੈ ਉਹਨਾਂ ਨੇ ਕਿਹਾ ਕਿ ਪ੍ਰੇਮੀਓ! ਅੱਜ ਜੋ ਕੁਛ ਕੌਤਕ ਵਰਤਿਆ ਹੈ ਇਹ ਮੈਂ ਨਹੀਂ ਵਰਤਾਇਆ। ਮੈਂ ਤਾਂ ਨਦੀ ਦੇ ਕਿਨਾਰੇ ਤੋਂ 2 ਵਜੇ ਆਇਆ ਹਾਂ। ਇਹ ਜੋ ਕੁਛ ਵੀ ਕਰਿਆ ਹੈ ਉਸ ਵਾਹਿਗੁਰੂ ਜੀ ਨੇ ਕਰਿਆ ਹੈ। ਉਹਨੇ ਹੀ ਕੋਤਾਂ 'ਚੋਂ ਰਾਈਫਲਾਂ ਦਿਤੀਆਂ ਨੇ। ਉਹਨੇ ਹੀ ਦੁਸ਼ਮਣਾਂ ਨੂੰ ਬਿਨਾਂ ਗੋਲੀ ਚਲਾਏ ਨਠਾਇਆ ਹੈ। ਉਹਨਾਂ ਨੇ ਮੇਰੇ ਵਾਸਤੇ ਐਨਾ ਕੰਮ ਕਰਿਐ, ਮੈਂ ਹੁਣ ਸਾਰੀ ਜ਼ਿੰਦਗੀ ਇਕ-ਇਕ ਸਵਾਸ ਉਨ੍ਹਾਂ ਦੀ ਯਾਦ ਵਿਚ ਲਗਾਉਣੈ। ਮੇਰਾ ਨੌਕਰੀ ਤੋਂ ਜਵਾਬ ਹੈ। ਮੇਰਾ ਨਾਉਂ ਕੱਟ ਦਿਓ। ਸਾਹਬ ਕਹਿਣ ਲੱਗਿਆ, ਵੈੱਲ ਕਰਮ ਸਿੰਘ! ਐਸੇ ਜਵਾਨ ਕਾ ਨਾਮ ਹਮ ਨਹੀਂ ਕਾਟ ਸਕਤੇ। ਕਹਿਣ ਲੱਗੇ, ਸਾਹਬ! ਕੱਟੋ ਨਾ ਕੱਟੋ, ਮੇਰੇ ਖੁਦਾ ਨੇ ਨਾਉਂ ਕੱਟ ਦਿਤਾ। ਦੇਖ ਲਓ ਆਪਣੇ ਕਾਗਜ਼ ਮੰਗਵਾ ਕੇ। ਲੋਗ ਰੋਲ ਮੰਗਵਾਈ, ਨੰਬਰ ਕੱਢਿਆ, ਖਾਲੀ ਪਿਆ। ਪੇ ਰੋਲ ਮੰਗਵਾਈ, ਉਹ ਹਿਸਾਬ ਵੀ ਸਾਰਾ ਖਾਲੀ ਪਿਐ। ਕਹਿੰਦਾ, ਵੈੱਲ ਕਰਮ ਸਿੰਘ! ਆਪ ਕੇ ਖੁਦਾ ਨੇ ਆਪ ਕਾ ਨਾਮ ਕਾਟ ਦੀਆ। ਅਬ ਹਮ ਆਪ ਕੋ ਨਹੀਂ ਰਖ ਸਕਤੇ। ਪਰ ਏਕ ਬਾਤ ਹੈ ਕਿ ਆਪ ਫੌਜ ਸੇ ਦੂਰ ਨਾ ਜਾਨਾ। ਹਮ ਸਪੈਸ਼ਲ ਖਰਚ ਕਰਕੇ ਆਪ ਕੇ ਲੀਏ ਬਨਾ ਕੇ ਦੇਂਗੇ ਇਬਾਦਤ ਕਰਨੇ ਕੀ ਜਗ੍ਹਾ। ਬਾਬਿਆਂ ਨੂੰ ਭੌਰਾ ਬਣਾ ਦਿਤਾ। ਜਿਥੇ ਹੋਤੀ ਮਰਦਾਨ ਦਾ ਭੋਰਾ ਚੱਲਿਆ ਬਾਅਦ ਵਿਚ। ਸੋ ਆਪ ਜੀ ਦੀ ਕਰਨੀ ਕਮਾਈ ਐਨੀ ਉੱਚੀ ਸੀ ਕਿ 101 ਬ੍ਰਹਮਗਿਆਨੀ ਆਪ ਦੀ ਸੰਗਤ ਕਰਕੇ, ਮੁੜ ਕੇ ਸਿੱਖੀ ਵਿਚ ਆਇਆ। ਜਿਨ੍ਹਾਂ ਦੇ ਵਿਚੋਂ ਵੱਡੇ-ਵੱਡੇ ਮਹਾਤਮਾ ਹੋਏ। ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ। ਬਾਬਾ ਅਤਰ ਸਿੰਘ ਜੀ ਮਸਤੂਆਣਿਆਂ ਵਾਲਿਆਂ ਤੋਂ ਪਹਿਲਾਂ ਬਾਬਾ ਜੋਧ ਸਿੰਘ ਜੀ ਸੀਗੇ ਜਿਨ੍ਹਾਂ ਤੋਂ ਉਹਨਾਂ ਨੂੰ ਨਾਮ ਦੀ ਜੁਗਤੀ ਦਾ ਪਤਾ ਲੱਗਿਆ। ਭਾਈ ਜੋਧ ਸਿੰਘ ਜੀ ਨੂੰ ਨਾਮ ਦੀ ਜੁਗਤੀ ਦਾ ਪਤਾ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੋਂ ਲੱਗਿਆ। ਇਸ ਤਰ੍ਹਾਂ ਜਿੰਨੇ ਸੰਤ ਦਿਸਦੇ ਨੇ, ਮਾਲਵੇ 'ਚ ਜਾਂ ਦੂਸਰੇ, ਉਹ ਤਕਰੀਬਨ ਬਾਬਾ ਜੀ ਦੀ ਸੰਗਤ ਤੋਂ ਹੀ ਹੋਏ ਸੀ। ਜਿੰਨੇ ਵੀ ਉਨ੍ਹਾਂ ਦੀ ਸੰਗਤ ਵਿਚ ਆਏ, ਪੂਰੇ ਹੀ ਕਰ ਦਿਤੇ। ਅਧੂਰਾ ਕੋਈ ਰੱਖਿਆ ਹੀ ਨਹੀਂ।

ਸੋ ਅੱਜ ਆਪ ਨੇ ਚਿੱਠੀਆਂ ਲਿਖਾ ਦਿਤੀਆਂ ਕਿ ਅਸੀਂ ਚਲੇ ਜਾਣੈ, ਸਰੀਰ ਛੱਡ ਦੇਣੈ। ਜਿਹਨੇ ਕੁਛ ਪੁੱਛਣੈ ਉਹ ਆ ਜਾਣ, ਜਿਸ ਦੀ ਕੋਈ ਵਾਸ਼ਨਾ, ਕਾਮਨਾ ਹੈ ਉਹ ਆ ਜਾਓ, ਫੇਰ ਨਾ ਕਹਿਓ ਕਿ ਦੱਸਿਆ ਨਹੀਂ। ਜਗਿਆਸੂ ਆ ਜਾਓ, ਅਗਲਾ ਰਸਤਾ ਪੁੱਛ ਲਓ। ਬੜਾ ਭਾਰੀ ਇਕੱਠ ਹੋ ਗਿਆ। ਰੋਜ਼ ਸਤਿਸੰਗ ਹੁੰਦੈ। ਬਾਬਾ ਜੀ ਬਹਿ ਜਾਂਦੇ ਨੇ। ਬਹੁਤ ਜਗਿਆਸੂ ਉਹਨਾਂ ਕੋਲ ਬੇਨਤੀਆਂ ਕਰਦੇ ਨੇ। ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰੀ ਜਾਂਦੇ ਨੇ ਕਿਉਂਕਿ ਸਮਰੱਥ ਪੁਰਸ਼ ਸੀਗੇ। ਜਿਸ ਵਕਤ ਅੱਜ ਸੱਤਵਾਂ ਦਿਨ ਆਇਆ। ਉਸ ਵੇਲੇ ਸਾਰੀ ਸੰਗਤ ਦੇ ਨੇਤਰਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ। ਹੁਣ ਕੀ ਹੋਏਗਾ ਕਿ ਬਾਬਾ ਜੀ ਨੇ 4.30 'ਤੇ ਚਲੇ ਜਾਣੈ। ਬਹੁਤ ਵੈਰਾਗ ਹੋ ਗਿਆ। ਵੈਰਾਗ ਦਾ ਕੀਰਤਨ ਸ਼ੁਰੂ ਹੋ ਗਿਆ। ਉਸ ਵੇਲੇ ਜਿਹੜੇ ਚੰਗੇ ਮੁਖੀ ਬੰਦੇ ਸੀ ਉਠ ਕੇ, ਬਾਬਾ ਲਾਲ ਸਿੰਘ ਜੀ, ਜੋ ਸ੍ਰੀ ਮਾਨ ਸੀ, ਲੰਗਰ ਦੇ ਇੰਚਾਰਜ ਸੀ ਉਹਨਾਂ ਨੂੰ ਕਹਿਣ ਲੱਗੇ ਕਿ ਬਾਬਾ ਜੀ! ਤੁਸੀਂ ਹੀ ਕਹਿ ਕੇ ਦੇਖ ਲਓ। ਸਾਰੀ ਸੰਗਤ ਨੂੰ ਲੈ ਕੇ ਆਪ ਬਾਬਾ ਜੀ ਕੋਲ ਚਲੇ ਗਏ। ਕੋਈ ਇਕ ਵੱਜਿਆ ਹੋਇਆ ਸੀ ਉਸ ਵੇਲੇ, ਜਾ ਕੇ ਬਾਬਾ ਜੀ ਕੋਲ ਜਾ ਕੇ ਬੇਨਤੀ ਕਰੀ ਕਿ ਮਹਾਂਪੁਰਸ਼ੋ! ਸੰਗਤ ਦੇ ਵਿਚ ਬਹੁਤ ਵੈਰਾਗ ਹੈ। ਤੁਸੀਂ ਸਮਰੱਥ ਪੁਰਸ਼ ਹੋਂ। ਜਾਓ ਨਾ। ਉਹ ਕਹਿਣ ਲੱਗੇ, ਲਾਲ ਸਿੰਘ! ਇਹ ਗੱਲ ਠੀਕ ਹੈ, ਜੇ ਨਾ ਜਾਂਦੇ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਵੀ ਨਾ ਜਾਂਦੇ, ਸ੍ਰੀ ਗੁਰੂ ਅੰਗਦ ਸਾਹਿਬ ਵੀ ਨਾ ਜਾਂਦੇ, ਦੱਸੇ ਗੁਰੂ ਨਾ ਜਾਂਦੇ। ਭਾਈ ਦਇਆ ਸਿੰਘ ਜੀ ਆਪਣੀ ਸੰਪਰਦਾ ਦੇ ਮੁਖੀ ਨਾ ਜਾਂਦੇ, ਬਾਬਾ ਸਾਹਿਬ ਸਿੰਘ ਜੀ ਨਾ ਜਾਂਦੇ, ਪਰ ਇਹ ਤਾਂ ਰੀਤ ਹੈ ਬਣੀ ਹੋਈ ਅਕਾਲ ਪੁਰਖ ਦੀ। ਹੁਕਮ ਦੇ ਨਾਲ ਆਪਾਂ ਆ ਜਾਂਦੇ ਹਾਂ, ਜਦੋਂ ਸੱਦਾ ਆਉਂਦੈ ਅਸੀਂ ਚਲੇ ਜਾਂਦੇ ਹਾਂ। ਹੁਣ ਸੱਦਾ ਆ ਗਿਆ। ਕਹਿਣ ਲੱਗੇ, ਮਹਾਰਾਜ! ਤੁਸੀਂ ਤਾਂ ਸਮਰੱਥ ਪੁਰਸ਼ ਹੋਂ। ਤੁਸੀਂ ਤਾਂ ਪ੍ਰਮੇਸ਼ਰ ਦੀ ਬੰਨ੍ਹੀ ਹੋਈ ਤੋੜਨ ਦੀ ਸ਼ਕਤੀ ਰਖਦੇ ਹੋਂ –

*ਧਾਰਨਾ – ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁਟਦੀ।*

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*

*ਅੰਗ- ੧੨੫੩*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥* *ਅੰਗ- ੭੪੮*

ਮਹਾਰਾਜ! ਜੋ ਕੁਛ ਤੁਸੀਂ ਕਰੋਂਗੇ ਉਹ ਤਾਂ ਮੰਨਣਾ

ਪਏਗਾ ਵਾਹਿਗੁਰੂ ਨੂੰ। ਸੰਗਤ ਕਿੰਨੀ ਉਦਾਸ ਹੈ। ਕਹਿਣ ਲੱਗੇ, ਲਾਲ ਸਿੰਘ! ਆਪਾਂ ਇਸ ਤਰ੍ਹਾਂ ਕਰ ਲੈਂਦੇ ਹਾਂ, ਤੂੰ ਸਾਡੇ ਥਾਂ ਚਲਿਆ ਜਾਹ। ਦੋ ਸਾਲ, ਦੋ ਮਹੀਨੇ, ਦੋ ਦਿਨ ਨੂੰ ਤੂੰ ਜਾਣੈ, ਅਸੀਂ ਤੇਰੇ ਥਾਂ ਆ ਜਾਵਾਂਗੇ। ਕਹਿਣ ਲੱਗੇ, ਮਹਾਰਾਜ! ਸੰਗਤਾਂ ਬਹੁਤ ਵੈਰਾਗੀਆਂ ਹੋਈਆਂ ਨੇ। ਮੈਂ ਆਪ ਦੀ ਥਾਂ ਚਲਿਆ ਜਾਵਾਂਗਾ। ਪਹਿਲਾਂ ਲੰਗਰ ਵਰਤਾਉਂਦੇ ਰਹੇ। ਬਾਬਾ ਜੀ ਨੇ ਕਿਹਾ, ਭਾਈ ਲਾਲ ਸਿੰਘ ਜੀ ਨੂੰ ਕਹੋ ਤਿਆਰ ਹੋ ਜਾਣ ਜਾਣ ਲਈ। ਬੜੀ ਸੰਗਤ ਬੈਠੀ ਹੈ, ਬਕਸਾ ਲਿਆ ਕੇ ਰੱਖਿਆ ਹੋਇਐ ਉਸ ਵੇਲੇ ਆਪ ਨੇ 4 ਵਜੇ ਬਾਬਾ ਜੀ ਦੇ ਕੋਲ ਆ ਕੇ ਨਮਸ਼ਕਾਰ ਕਰੀ। ਬਹੁਤ ਹੀ ਪਿਆਰ ਦੇ ਨਾਲ 20 ਮਿੰਟ ਦੇ ਅੰਦਰ ਆਪ ਨੇ ਜਪੁਜੀ ਸਾਹਿਬ ਦਾ ਪਾਠ ਕਰਿਆ। ਉਸ ਤੋਂ ਬਾਅਦ ਪੰਜ ਮਿੰਟ ਅਰਦਾਸ ਕਰਦੇ ਰਹੇ ਕਿ ਮੇਰੇ ਤੋਂ ਜ਼ਿੰਦਗੀ 'ਚ ਬਹੁਤ ਭੁੱਲਾਂ ਹੋ ਗਈਆਂ ਹੋਣਗੀਆਂ, ਕ੍ਰਿਪਾ ਕਰੋ। ਬੇਨਤੀ ਦੇ ਸ਼ਬਦ ਪੜ੍ਹਦੇ ਰਹੇ। 4 ਵਜ ਕੇ 25 ਮਿੰਟ 'ਤੇ ਬਕਸੇ 'ਚ ਪੈ ਗਏ। ਉਸ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ, ਭਾਈ ਜਾਣ ਦਾ ਸਮਾਂ ਹੋ ਗਿਆ। ਦੇਖੋ, ਲਾਲ ਸਿੰਘ ਦੀ ਚੇਤਨ ਕਲਾ ਚਲੀ ਗਈ ਨਿਕਲ ਕੇ? ਸਿਆਣੇ ਬੰਦੇ ਸੀ, ਡਾਕਟਰ ਵੀ ਸੀਗੇ, ਜਰਨੈਲ ਵੀ ਬੈਠੇ ਸੀ। ਜਿਸ ਵਕਤ ਨਬਜ਼ ਦੇਖੀ, ਦਿਲ ਦੇਖਿਆ ਕਹਿੰਦੇ ਜੀ, ਉਹ ਤਾਂ ਚਲੇ ਗਏ। ਸੋ ਇਸ ਤਰ੍ਹਾਂ ਦੇ ਨਾਲ ਆਉਣਾ ਜਾਣਾ ਗੁਰੂ ਘਰ ਦੇ ਅੰਦਰ ਕੋਈ ਐਸੀ ਬਾਤ ਨਹੀਂ, ਉਹਦੇ ਬਾਰੇ ਐਸਾ ਫੁਰਮਾਨ ਹੈ –

*ਧਾਰਨਾ – ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ–ਗੁਰਮੁਖ ਪਿਆਰਾ।*

ਮਰਜ਼ੀ ਨਾਲ ਆਉਣਾ, ਮਰਜ਼ੀ ਨਾਲ ਚਲੇ ਜਾਣਾ। ਕਾਲ ਨੂੰ ਰੋਕ ਦੇਣਾ।

ਸੋ ਮੈਂ ਬੇਨਤੀ ਕਰਦਾ ਸੀ ਕਿ ਭਾਈ ਕਰਤਾਰ ਸਿੰਘ ਜੀ ਨੇ ਸਵੇਰ ਵੇਲੇ ਦੱਸਿਆ ਕਿ ਸਿੰਘਾ! ਮੈਂ ਚੜ੍ਹਾਈ ਕਰ ਗਿਆ ਸੀ। ਮੈਨੂੰ ਲੈਣ ਵਾਸਤੇ ਜਮ ਨਹੀਂ ਆਏ, ਗਾਈਡ ਆਏ। ਕਿਉਂਕਿ ਮੈਂ ਨਿਤਨੇਮ ਕਰਦਾ ਸੀ, ਜਪੁਜੀ ਸਾਹਿਬ ਪੜ੍ਹਦਾ ਸੀ। ਮਾਰਿਆ ਕੁੱਟਿਆ ਨਹੀਂ ਮੈਨੂੰ। ਉਥੇ ਜਾ ਕੇ ਮੈਨੂੰ ਕਹਿਣ ਲੱਗੇ, ਇਹ ਤੁਸੀਂ ਜੱਟ ਲਿਆਂਦਾ, ਉਹ ਮਿਸਤਰੀ ਸੀ। ਵਾਪਸ ਮੋੜ ਦਿਤਾ ਮੈਨੂੰ। ਮੈਂ ਕਿਹਾ, ਮੈਨੂੰ ਨਰਕ ਦਿਖਾ ਦਿਓ। ਉਤੇ ਦੀ ਲੰਘਾ ਦਿਤਾ ਗਿਆ। ਜੋ ਗੁਰੂ ਮਹਾਰਾਜ ਨੇ ਕਿਹੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ– ੧੪੨੫*

ਕਹਿੰਦਾ, ਹਾਹਾਕਾਰ ਮਚਿਆ ਪਿਐ ਨਰਕ ਦੇ ਅੰਦਰ। ਸਵਰਗ ਮੈਂ ਕਿਹਾ, ਉਹਨਾਂ ਨੇ ਉਹਦੇ ਉਤੋਂ ਦੀ ਲੰਘਾ ਦਿਤਾ। ਇਥੇ ਜਦੋਂ ਮੈਂ ਆਇਆ, ਮੇਰਾ ਸਰੀਰ ਅਗਨ ਭੇਟ ਹੋ ਚੁੱਕਿਆ ਸੀ। ਇਕ ਦਮ ਮੇਰੀ ਰੂਹ ਪਾ ਦਿਤੀ ਤੇ ਮੈਂ ਹੋਸ਼ 'ਚ ਆਉਂਦੇ ਨੇ, ਜਿਹੜੇ ਰੱਸੇ ਬੰਨ੍ਹੇ ਸੀ ਕਫਨ ਨੂੰ ਅੱਗ ਲੱਗੀ ਨਹੀਂ ਸੀ, ਮੈਂ ਤੋੜ ਦਿਤੇ। ਮੈਂ ਬਾਹਰ ਨਿਕਲ ਆਇਆ। ਸਾਰੇ ਹੈਰਾਨ ਹੋ ਗਏ। ਮੈਂ ਕਿਹਾ ਹੈਰਾਨ ਨਾ ਹੋਵੋ, ਮੈਨੂੰ ਤਾਂ ਐਵੇਂ ਲੈ ਗਏ ਸੀ ਤੇ ਮੇਰਾ ਸਰਨਾਮੀਆਂ ਜਿਹੜਾ ਮਿਸਤਰੀ ਹੈ, ਉਹਨੂੰ ਲੈ ਕੇ ਜਾਣਾ ਹੈ। ਕਹਿੰਦੇ, ਉਹ ਤਾਂ ਕਿੱਕਰ ਦੇ ਉਤੇ ਟਾਹਣੇ ਵੱਢ ਰਿਹਾ ਸੀ। ਕੁਹਾੜਾ ਮਾਰਨ ਲੱਗਿਆ, ਕੁਹਾੜਾ ਲੱਗਿਆ ਨਾ, ਉਹ ਗਰਦਨ ਭਰਨੇ ਥੱਲੇ ਡਿੱਗ ਕੇ ਮਰ ਗਿਆ।

ਸੋ ਮੈਂ ਜੋ ਬੇਨਤੀ ਕਰੀ ਹੈ ਕਿ ਸਾਰਿਆਂ ਨੂੰ ਨਹੀਂ ਜਮਦੂਤ ਮਾਰਦੇ ਕੁੱਟਦੇ। ਜਿਹੜੇ ਨਾਮ ਜਪਦੇ ਨੇ, ਬੰਦਗੀ ਕਰਦੇ ਨੇ, ਲੇਕਿਨ ਅਜੇ ਕੋਈ ਕਿਨਾਰਾ ਨਹੀਂ ਹੈ, ਉਹਨਾਂ ਨੂੰ ਲੈ ਜਾਂਦੇ ਨੇ ਉਥੇ। ਜਿਨ੍ਹਾਂ ਨੇ ਗੁਰੂ ਧਾਰਨ ਕਰਿਆ ਹੋਇਐ, ਉਹ ਜਾਂਦੇ ਨੇ ਆਪਣੇ ਗੁਰੂ ਦੀ ਦਰਗਾਹ ਵਿਚ–

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥*
*ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥*
*ਅੰਗ– ੩੮*

ਜੇ ਕਿਤੇ ਨਾਮ ਜਪਣ ਵਾਲਾ ਚਲਿਆ ਜਾਵੇ, ਉਹਦੀ ਤਾਂ ਸੇਵਾ ਕਰਦੇ ਨੇ।

ਸੋ ਬੀਬੀ ਜਿਹੜੀ ਸੀ ਮੀਤੋ। ਕਹਿਣ ਲੱਗੀ, ਬਾਬਾ ਜੀ! ਮੇਰੇ ਪਿਤਾ ਜੀ ਤਾਂ ਹਾਲੇ ਗਏ ਹੋਏ ਨੇ ਤੇ ਤੁਸੀਂ ਫੇਰ ਆ ਜਾਇਓ। ਕਾਲ ਨੂੰ ਟਾਲ ਦਿਤਾ। 9 ਕੁ ਵਜੇ ਉਹਦਾ ਪਿਤਾ ਆ ਜਾਂਦੈ। ਕਹਿੰਦੀ, ਪਿਤਾ ਜੀ! ਦੇਖ ਲਓ ਬਾਬਾ ਜੀ ਆਏ ਸੀ, ਉਹਨਾਂ ਨੂੰ ਮੁੜਨਾ ਪਿਆ। ਮੈਂ ਤਾਂ ਹੁਣ ਜਾਣਾ ਹੈ। ਘਰਵਾਲੇ ਕਹਿਣ ਲੱਗੇ, ਇਹ ਤਾਂ ਸੱਚੀ ਤਿਆਰੀ ਕਰੀ ਬੈਠੀ ਹੈ। ਕਹਿੰਦੀ, ਬਹਿ ਜਾਓ ਹੁਣ ਆਉਣ ਵਾਲੇ ਨੇ। ਸੁਆਹ ਦਾ ਤਸੱਲਾ ਭਰ ਲਿਆਈ। ਕਹਿੰਦੀ, ਮੈਨੂੰ ਉਲਟੀ ਆਉਣੀ ਹੈ, ਫੇਰ ਮੈਂ ਚਲੇ ਜਾਣੈ। ਸਾਰੇ ਬੈਠੇ ਨੇ, ਦੇਖਦੇ ਨੇ ਚੰਗੀ ਭਲੀ ਹੈ। ਉਹਨੂੰ ਉਲਟੀ ਆ ਗਈ। ਚੁੱਕ ਕੇ ਆਪੇ ਹੀ ਸੁੱਟ ਆਈ, ਆ ਕੇ ਲੰਮੀ ਪੈ ਗਈ। ਚੇਤਨ ਕਲਾ ਵਿਚੋਂ ਨਿਕਲ ਗਈ।

ਸੋ ਇਹ ਗੁਰਮੁਖਾਂ ਦਾ ਰਸਤਾ ਹੋਰ ਹੈ। ਮਨਮੁਖਾਂ ਦਾ ਹੋਰ ਹੈ। ਉਹ ਜਿਹੜਾ ਸੇਠ ਸੀ ਉਹਦੀ ਬਹੁਤ ਮਾਰ ਕੁਟਾਈ ਹੁੰਦੀ ਜਾਂਦੀ ਹੈ। ਧਰਮਰਾਜ ਦੇ ਪਹੁੰਚ ਗਿਆ। ਕਹਿਣ ਲੱਗੇ, ਨਰਕਾਂ 'ਚ ਸੁੱਟ ਦਿਓ। ਕਹਿਣ

ਲੱਗਿਆ, ਮੇਰਾ ਕੋਈ ਚੰਗਾ ਕੰਮ ਵੀ ਹੈ? ਚਿਤ੍ਰ ਗੁਪਤ ਜਿਹੜੇ ਗੁਪਤ ਫੋਟੋਗ੍ਰਾਫਰ ਹੁੰਦੇ ਨੇ। ਕਹਿਣ ਲੱਗੇ, ਇਹਨੇ ਇਕ ਗੁਰਸਿੱਖ ਦੀ ਸੰਗਤ ਕੀਤੀ ਹੈ। ਦੋ-ਢਾਈ ਘੰਟੇ ਉਹ ਵੀ ਚਿੱਤ ਨਾਲ ਨਹੀਂ ਕਰੀ। ਕਹਿਣ ਲੱਗੇ, ਸੰਗਤ ਤਾਂ ਕੀਤੀ ਹੈ ਨਾ ਫੇਰ। ਬਚਨ ਸੁਣੇ ਨੇ, ਉਹਦਾ ਫਲ ਦੇ ਦਿਓ ਇਹਨੂੰ। ਕਹਿੰਦੇ, ਪਹਿਲਾਂ ਚਾਹੁੰਦੈ ਕਿ ਪਿੱਛੋਂ ਚਾਹੁੰਦੈਂ? ਕਹਿੰਦਾ, ਮੈਨੂੰ ਪਹਿਲਾਂ ਦੇ ਦਿਓ। ਕਿਹੜਾ ਫਲ ਚਾਹੁੰਦੈਂ? ਇਹ ਵੀ ਦਸ ਦੇ? ਕਹਿੰਦਾ, ਜਿਹੜਾ ਸਤਿਸੰਗ ਮੰਡਲ ਹੈ ਜਿਥੇ ਹਰੀ ਦੇ ਲੋਕ ਵਸਦੇ ਨੇ, ਮੈਨੂੰ ਉਹਦੇ ਦਰਸ਼ਨ ਕਰਾ ਦਿਓ। ਸਾਰੇ ਹੈਰਾਨ ਹੋ ਗਏ। ਅਖੀਰ ਉਥੇ ਹਿਸਾਬ ਤਾਂ ਚਲਦਾ ਹੀ ਹੈ, ਜਮਦੂਤਾਂ ਨੂੰ ਕਿਹਾ ਕਿ ਇਹਨੂੰ ਕਹਿ ਦਿਓ ਢਾਈ ਘੜੀਆਂ ਤੋਂ ਬਾਅਦ ਆ ਜਾਇਓ। ਉਥੇ ਦੀ ਢਾਈ ਘੜੀ ਬਹੁਤ ਵੱਡੀ ਹੁੰਦੀ ਹੈ। ਉਥੇ ਚਲਿਆ ਗਿਆ। ਉਹ ਕਹਿਣ ਲੱਗੇ ਕਿ ਦੇਖ ਅੱਗੇ ਤੇਰੇ 'ਤੇ ਕਿੰਨੀ ਮਾਰ ਪਈ ਹੈ। ਢਾਈ ਘੜੀਆਂ ਬਾਅਦ ਤੂੰ ਵਾਪਸ ਆ ਜਾਣੈ, ਅਸੀਂ ਇਸ਼ਾਰਾ ਕਰਾਂਗੇ। ਉਥੇ ਚਲਿਆ ਜਾਂਦੈ ਤੇ ਜਾ ਕੇ ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੈ ਕਿ ਉਹ ਗੁਰਸਿੱਖ ਵੀ ਉਥੇ ਪਹੁੰਚਿਆ ਹੁੰਦੈ। ਕਹਿੰਦਾ, ਤੁਸੀਂ? ਕਹਿੰਦਾ, ਮੈਂ ਵੀ ਸਰੀਰ ਛੱਡ ਦਿਤਾ ਸੀ, ਮੈਂ ਵੀ ਆ ਗਿਆ ਤੇ ਘਬਰਾ ਨਾ, ਇਥੇ ਨਹੀਂ ਉਹ ਆਉਂਦੇ।

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥*
*ਅੰਗ - ੨੫੬*

ਐਸਾ ਸਖਤ ਹੁਕਮ ਹੈ, ਸ੍ਰੀ ਗੁਰੂ ਨਾਨਕ ਸਾਹਿਬ ਨੇ ਜੋ ਪ੍ਰਗਟ ਕਰਿਆ ਹੈ, ਧਰਮਰਾਜ ਦੀ ਤਾਕਤ ਨਹੀਂ ਕਿ ਜਿਥੇ ਸਤਿਸੰਗ ਹੈ ਉਥੇ ਪਹੁੰਚ ਜਾਵੇ। ਸੋ ਇਸ ਕਰਕੇ ਤੂੰ ਬੇਫਿਕਰ ਰਹਿ। ਹੁਣ ਇਥੇ ਹੀ ਰਹਿਣਾ ਹੈ ਤੂੰ, ਕਿਤੇ ਨਹੀਂ ਜਾਣਾ। ਸੋ ਥੋੜ੍ਹੀ ਜਿਹੀ ਕੀਤੀ ਹੋਈ ਸੰਗਤ ਦਾ ਕਿੱਡਾ ਵੱਡਾ ਫਲ ਹੈ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਸੋ ਮੈਂ ਬੇਨਤੀ ਕਰਦਾ ਸੀ ਕਿ ਸੰਗਤ ਭਾਗ ਤੋਂ ਬਗੈਰ ਨਹੀਂ ਮਿਲਦੀ। ਸੰਗਤ ਕੀਤੀ ਦਾ ਫਲ ਜਿਹੜਾ ਹੈ ਉਹ ਬਿਰਥਾ ਨਹੀਂ ਜਾਇਆ ਕਰਦਾ। ਉਹਦਾ ਫਲ ਹੀ ਫਲ ਹੁੰਦੈ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ, ਦੀਵਾਨ ਨੰ: 708)***

*(ਪੰਨਾ 15 ਦੀ ਬਾਕੀ)*

ਹੋਇਆ ਸੀਗਾ, ਬਹੁਤੀਆਂ ਕਲੀਆਂ ਵਾਲਾ। ਗੁਲਾਬ ਦਾ ਇਕ ਬਹੁਤ ਹੀ ਪਿਆਰਾ ਫੁੱਲ ਸੀ, ਜਦੋਂ ਆਪ ਤੁਰੇ ਤਾਂ ਆਪ ਦਾ ਜਾਮਾ ਉਹਦੇ ਵਿਚ ਫਸ ਗਿਆ, ਗੁਲਾਬ ਦੇ ਬੂਟੇ ਦੇ ਵਿਚ। ਉਹਦੇ ਨਾਲ ਕੀ ਹੋਇਆ? ਫੁੱਲ ਟੁੱਟ ਗਿਆ। ਆਪ ਨੇ ਫੁੱਲ ਚੁੱਕ ਲਿਆ, ਉਥੇ ਹੀ ਬੈਠ ਗਏ। ਬੈਠ ਕੇ ਐਸੇ ਭਾਵ ਦੇ ਵਿਚ ਗਏ ਕਿ ਆਪ ਦੇ ਨੇਤਰਾਂ 'ਚੋਂ ਜਲ ਜਾਣ ਲਗ ਗਿਆ।

ਇਹ ਇਕ ਕ੍ਰਿਆ ਹੁੰਦੀ ਹੈ। ਬਹੁਤ ਗਹਿਰੀ ਹੈ। ਪੂਰਨ ਗਿਆਨਵਾਨ ਜਿਹੜਾ ਹੁੰਦੈ ਉਹਨੂੰ ਹੋਇਆ ਕਰਦੀ ਹੈ। ਦੂਜਿਆਂ ਨੂੰ ਨਹੀਂ ਹੋਇਆ ਕਰਦੀ। ਦੂਜੇ ਤਾਂ ਕਹਿ ਦਿੰਦੇ ਨੇ ਕਿ ਕੀ ਹੋ ਗਿਆ ਜੇ ਫੁੱਲ ਟੁੱਟ ਗਿਆ? ਇਹਦੇ 'ਚ ਵਿਗੜਿਆ ਕੀ, ਟੁੱਟਣਾ ਹੀ ਸੀ ਉਹਨੇ। ਗੁਰੂ ਮਹਾਰਾਜ ਉਹਦੇ ਵਿਚ ਇਕ ਸੁੰਦਰਤਾ ਦੇਖ ਰਹੇ ਸੀ। ਇਕ ਜ਼ਿੰਦਗੀ ਦੇਖ ਰਹੇ ਸੀ, ਇਕ ਅਵਾਜ਼ ਦੇਖ ਰਹੇ ਸੀ। ਇਹ ਗੂੰਗੀ ਬੋਲੀ ਉਹਦੀ ਸੁਣ ਰਹੇ ਸੀ। ਸੁਣ ਰਹੇ ਕਿ ਮੈਂ ਖਿੜਨਾ ਸੀ, ਜੋਬਨ ਮੇਰਾ ਅਜੇ ਹੋਰ ਰਹਿਣਾ ਸੀ। ਮੈਂ ਦੁਨੀਆਂ ਨੂੰ, ਦਰਸ਼ਕਾਂ ਨੂੰ ਅਨੰਦ ਦੇਣਾ ਸੀ ਆਪਣਾ ਜੋਬਨ ਦਿਖਾ-ਦਿਖਾ ਕੇ। ਸੁਗੰਧੀ ਦੇਣੀ ਸੀ। ਮੈਂ ਤਾਂ ਕੋਈ ਕਸੂਰ ਨਹੀਂ ਸੀ ਕਰਿਆ। ਤੁਸੀਂ ਮੈਨੂੰ ਟਾਹਣੀ ਦੇ ਨਾਲੋਂ ਤੋੜ ਦਿਤਾ।

ਮਹਾਰਾਜ ਉਥੇ ਬੈਠੇ ਨੇ ਨੇਤਰਾਂ 'ਚੋਂ ਜਲ ਜਾਂਦੈ। ਛੋਟੀ ਜਿਹੀ ਆਯੂ ਹੈ। ਗੁਰੂ ਛੇਵੇਂ ਪਾਤਸ਼ਾਹ ਜਦੋਂ ਗੇੜਾ ਦੇ ਕੇ ਉਸ ਥਾਂ 'ਤੇ ਪਹੁੰਚਦੇ ਨੇ। ਆਪ ਨੂੰ ਪੁੱਛਿਆ ਕਿ ਕੀ ਗੱਲ ਤੁਸੀਂ ਰੋ ਰਹੇ ਹੋ? ਕਹਿੰਦੇ, ਮੇਰੇ ਤੋਂ ਫੁੱਲ ਟੁੱਟ ਗਿਆ। ਮਹਾਰਾਜ ਕਹਿੰਦੇ, ਕਾਹਦੇ ਨਾਲ? ਕਹਿੰਦੇ ਜੀ, ਚੋਲੇ ਨਾਲ ਟੁੱਟ ਗਿਆ। ਕਹਿੰਦੇ, ਹਰਿ ਰਾਇ! ਜੇ ਵੱਡੇ ਚੋਲੇ ਪਾਉਣੇ ਨੇ ਤਾਂ ਸੰਭਾਲ ਕੇ ਤੁਰੀਦੈ। ਉਥੇ ਹੀ ਆਪ ਨੇ ਸਿੱਖਿਆ ਗ੍ਰਹਿਣ ਕਰ ਲਈ। ਸਾਰੀ ਜ਼ਿੰਦਗੀ ਆਪਣਾ ਚੋਲਾ ਬਾਂਹ 'ਤੇ ਇਕੱਠਾ ਕਰਕੇ ਰੱਖ ਲੈਣਾ, ਪਾਉਂਦੇ ਵੱਡਾ ਸੀ। ਯਾਨਿ ਇਸ ਤਰ੍ਹਾਂ ਦੇ ਨਾਲ ਸੀ। ਦਵਾਖਾਨਾ ਚਲਦਾ ਸੀ। ਬਹੁਤ ਨਾਯਾਬ ਚੀਜ਼ਾਂ ਆਪ ਦੇ ਦਵਾਖਾਨੇ 'ਚ ਸੀਗੀਆਂ। ਇਥੇ ਤਕ ਕਿ ਸ਼ਾਹਜਹਾਨ ਦਾ ਜੋ ਲੜਕਾ ਜੋ ਦਾਰਾ ਸੀ, ਉਸ ਨੇ ਵੀ ਗੁਰੂ ਮਹਾਰਾਜ ਤੋਂ ਹਰੜ ਲਈ ਤੇ ਲੌਂਗ ਲਿਆ। ਵੱਡਾ ਲੌਂਗ ਤੇ ਹਰੜ, ਸਾਰੇ ਭਾਰਤ ਵਰਸ਼ ਵਿਚ ਕਿਸੇ ਕੋਲ ਨਹੀਂ ਸੀ। ਮਹਾਰਾਜ ਨੇ ਭੇਜੀ ਉਹ, ਰਾਜ਼ੀ ਹੋ ਗਿਆ। ਯਾਨਿ ਦਰਦ ਰੱਖਦੇ ਸੀ ਸਾਰੀ ਦੁਨੀਆਂ ਦਾ। ਪਿਆਰ ਦੇ ਭਰੇ ਹੋਏ ਸੀ। ਐਸੀਆਂ ਕਥਾਵਾਂ ਆਮ ਹੋਇਆ ਕਰਦੀਆਂ ਸੀ। ਪ੍ਰਚਾਰ ਕਰਨ ਵਾਸਤੇ ਧਰਮਸਾਲਾ ਹੋਇਆ ਕਰਦੀਆਂ ਸੀ। ਪਿੰਡਾਂ ਦੇ ਲੋਕ ਇਕੱਠੇ ਹੋ ਜਾਂਦੇ ਸੀ। ਉਥੇ ਫੇਰ ਗੁਰੂ ਮਹਾਰਾਜ ਦੇ ਬਚਨ ਚਲਦੇ ਰਹਿੰਦੇ ਸੀ।

*'ਚਲਦਾ.........।'*

***(ਵੀਡੀਓ ਫਿਲਮ, ਦੀਵਾਨ ਨੰ: 707)***

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ।

ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਏ ਹਨ।

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥* *ਅੰਗ- ੨੬੨*

ਸੁਖਮਨੀ ਸੁੱਖਾਂ ਦੀ ਮਨੀ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥* *ਅੰਗ- ੯੮੨*

ਜਿਥੋਂ ਵੀ ਬਾਣੀ ਪੜ੍ਹੋ, ਵਿਚਾਰੋ ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ। ਜਦੋਂ ਸੁਖਮਨੀ ਸਾਹਿਬ ਆਰੰਭਤਾ ਹੋਈ, ਆਰੰਭਤਾ ਵਾਲੀ ਅਸਟਪਦੀ ਦੇ ਵਿਚ 8 ਪਉੜੀਆਂ ਹਨ। ਇਕ-ਇਕ ਅਸਟਪਦੀਆਂ ਦੇ ਵਿਚ 8 ਪਉੜੀਆਂ ਹੁੰਦੀਆਂ ਹਨ। ਅਸਟਪਦੇ ਹਨ। ਪਹਿਲੀ ਹੀ ਪਉੜੀ ਦੇ ਵਿਚ, ਪਹਿਲੀ ਹੀ ਅਸਟਪਦੀ ਦੇ ਅੰਦਰ ਸ਼ੁਰੂ ਵਿਚ ਸਤਿਗੁਰੂ ਜੀ ਦੀ ਬਾਣੀ ਐਸਾ ਫੁਰਮਾਨ ਕਰਦੀ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ- ੨੬੨*

ਤਿੰਨ ਵਾਰ ਕਿਹਾ ਹੈ ਕਿ ਤੁਸੀਂ ਉਸ ਪਰਮੇਸ਼ਰ ਨੂੰ ਯਾਦ ਕਰੋ-ਯਾਦ ਕਰੋ-ਯਾਦ ਕਰੋ। ਤੁਸੀਂ ਇਸੇ ਕੰਮ ਵਾਸਤੇ ਹੀ ਆਏ ਹੋ -

*ਸਿਮਰਉ ਜਾਸੁ ਬਿਸੁੰਭਰ ਏਕੈ ॥* *ਅੰਗ- ੨੬੨*

ਬਿਸੰਭਰ, ਸਭਨਾ ਜੀਆਂ ਕਾ ਉਹ ਦਾਤਾ ਹੈ। ਰਿਜ਼ਕ ਦੇਣ ਵਾਲਾ ਹੈ, ਉਸ ਦਾ ਨਾਮ ਨਾ ਨਾਸ ਹੋਣ ਵਾਲਾ ਹੈ। ਅਬਿਨਾਸੀ ਹੈ। ਅਕਾਲ ਹੈ। ਉਸ ਨੂੰ ਯਾਦ ਕਰੋ। ਬਾਕੀ ਤਾਂ ਬਿਨਸਨਹਾਰ ਹਨ -

*ਜੋ ਉਪਜਿਓ ਸੋ ਬਿਨਸਿ ਹੈ......॥* *ਅੰਗ- ੧੪੨੯*

ਜਿਹਨੂੰ ਅਸੀਂ ਯਾਦ ਕਰਦੇ ਹਾਂ ਉਹ ਅਕਾਲ ਹੈ। ਨਿਰਭਉ ਹੈ, ਨਿਰਵੈਰ ਹੈ -

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਅੰਗ- ੬੧੭*

ਉਹਨੂੰ ਯਾਦ ਕਰਨ ਦੇ ਨਾਲ ਸਾਰੀ ਮੈਲ ਦੂਰ ਹੋ ਜਾਂਦੀ ਹੈ। ਮੈਲ ਤਾਂ ਕਿੰਨੇ ਹੀ ਜਨਮਾਂ ਦੀ ਲੱਗੀ ਪਈ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਜਨਮਾਂ-ਜਨਮਾਂ ਦੀ ਅੰਤਸ਼ਕਰਣ 'ਤੇ ਮੈਲ ਲੱਗੀ ਹੋਈ ਹੈ। ਉਹ ਪਰਮ ਆਪੇ ਦੇ ਦਰਸ਼ਨ ਨਹੀਂ ਹੋਣ ਦਿੰਦੀ। ਉਸਨੂੰ ਯਾਦ ਨਹੀਂ ਆਉਣ ਦਿੰਦੀ। ਭੁੱਲ ਪੈ ਗਈ-

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

ਇਸ ਕਰਕੇ ਮੈਲ ਜਿਹੜੀ ਕੱਪੜਿਆਂ ਨੂੰ ਲੱਗੀ ਹੁੰਦੀ ਹੈ, ਉਹ ਮੈਲ-

*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥* *ਅੰਗ- ੪*

ਧੋਤੀ ਜਾਂਦੀ ਹੈ ਸਾਬਣ ਨਾਲ। ਸਾਬਣ ਨੂੰ ਧਿਆਨ ਨਾਲ ਲਾ ਲਓ, ਜਾਂ ਬੇਧਿਆਨੇ ਲਾ ਲਓ। ਮੈਲ ਤਾਂ ਉਸ ਨੇ ਕੱਟਣੀ ਹੀ ਹੈ।

ਇਕ ਵਾਰੀ ਅਸੀਂ ਪਟਿਆਲੇ ਚਲੇ ਗਏ। ਉਥੇ ਪ੍ਰਿੰਸੀਪਲ ਸੀ ਡਬਲ.ਐਮ.ਏ। ਕਹਿਣ ਲੱਗੀ, ਮੈਗਜ਼ੀਨ ਨੂੰ ਕੀ ਪੜ੍ਹਨੈ, ਇਹ ਤਾਂ ਓਹੀ ਗੱਲਾਂ ਦੁਹਰਾਈਆਂ ਜਾਂਦੀਆਂ ਨੇ। ਸਾਡੇ ਨਾਲ ਇਕ ਬੜਾ ਸਿੱਧਾ ਜਿਹਾ ਪ੍ਰੇਮੀ ਸੀ ਫੌਜੀ। ਉਹ ਕਹਿਣ ਲੱਗਿਆ, ਦੇਖ ਬੀਬਾ, ਕਿਹੜੀ ਗੱਲ ਨਹੀਂ ਦੁਹਰਾਅ (repeat ) ਹੁੰਦੀ, ਇਹ ਤਾਂ ਬਾਣੀ ਹੈ ਇਹਨੂੰ ਤਾਂ ਬਾਰ-ਬਾਰ ਪੜ੍ਹਨਾ ਹੈ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* *ਅੰਗ- ੨੮੬*

ਬਾਕੀ ਕੰਮ ਵੀ ਤਾਂ ਬਾਰ-ਬਾਰ ਹੁੰਦੇ ਨੇ। ਪਾਣੀ ਬਾਰ-ਬਾਰ ਪੀਣਾ ਪੈਂਦਾ ਹੈ, ਸਾਹ ਬਾਰ-ਬਾਰ ਆਉਂਦਾ

ਹੈ। ਹੋਰ ਕਈ ਕੁਛ ਦੁਹਰਾਅ ਹੁੰਦਾ ਹੈ। ਜੇ ਅਸੀਂ ਇਸ ਦਾ ਦੁਹਰਾਅ ਨਹੀਂ ਕਰਾਂਗੇ ਫੇਰ ਅਸੀਂ ਵੀ ਜਨਮ-ਮਰਨ ਦੇ ਚੱਕਰ ਨੂੰ ਬਾਰ-ਬਾਰ ਕਰਾਂਗੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥* *ਅੰਗ - ੧੭੬*

ਇਸ ਕਰਕੇ ਜੇ ਗੱਡੀ ਦੇ ਸ਼ੀਸ਼ੇ 'ਤੇ ਮੈਲ ਪਈ ਹੋਵੇ, ਉਹ ਕੁਝ ਨਹੀਂ ਅੱਗੇ ਦਿਸਣ ਦਿੰਦੀ। ਇਸ ਕਰਕੇ ਉਸ ਨੂੰ ਸਾਫ ਕਰਨਾ ਪੈਂਦਾ ਹੈ। ਮਨ, ਬੁੱਧ, ਚਿੱਤ, ਅਹੰਭਾਵ, ਇਹ ਚਾਰ ਜੁੜ ਕੇ ਅੰਤਸ਼ਕਰਣ ਬਣਦਾ ਹੈ। ਸੋ ਬਾਹਰਲੀ ਮੈਲ ਸਾਬਣ ਨੂੰ ਧਿਆਨ ਨਾਲ ਲਾ ਲਓ, ਬੇਧਿਆਨੇ ਲਾ ਲਓ। ਮੈਲ ਕੱਟਦਾ ਹੀ ਕੱਟਦਾ ਹੈ। ਮਹਾਂਪੁਰਸ਼ਾਂ ਕੋਲ ਆ ਕੇ ਜੇ ਕਿਸੇ ਨੇ ਕਹਿਣਾ ਕਿ ਮੇਰਾ ਮਨ ਨਹੀਂ ਟਿਕਦਾ। ਉਹਨਾਂ ਨੇ ਕਹਿਣਾ, ਬੜੀ ਵੱਡੀ ਅਵਸਥਾ ਪ੍ਰਾਪਤ ਕਰ ਲਈ, ਕਿ ਤੈਨੂੰ ਮਨ ਦਾ ਪਤਾ ਲਗ ਗਿਆ। ਮਹਾਂਪੁਰਸ਼ ਅਗਲੇ ਦਾ ਹੌਂਸਲਾ ਵਧਾਉਂਦੇ। ਕਹਿੰਦੇ, ਬਾਣੀ ਨਾ ਛੱਡੋ, ਪੜ੍ਹੀ ਚੱਲੋ। ਬੇ-ਧਿਆਨ, ਧਿਆਨੇ ਇਹਨੇ ਤਾਂ ਮੈਲ ਕੱਟਣੀ ਹੀ ਕੱਟਣੀ ਹੈ।

ਇਹ ਬਾਣੀ ਅੰਦਰ ਕਿੰਨੀ ਬਖਸ਼ਿਸ਼ ਕਰਦੀ ਹੈ। ਨਾਮ ਨਾਲ ਜੋੜਦੀ ਹੈ। ਹੁਣ ਜੇ ਸੁਖਮਨੀ ਸਾਹਿਬ ਹੀ ਧਿਆਨ ਨਾਲ ਪੜ੍ਹੀਏ ਤਾਂ ਪਹਿਲੀ ਹੀ ਅਸਟਪਦੀ ਦਸ ਰਹੀ ਹੈ - ਇਹਦੇ ਨਾਲ ਸਾਰੇ ਕਲਾ ਕਲੇਸ਼ ਮੁੱਕ ਜਾਣਗੇ। ਇਹਨੂੰ ਯਾਦ ਕਰੀਏ -

*ਸਿਮਰਉ ਜਾਸੁ ਬਿਸੁੰਭਰ ਏਕੈ ॥* *ਅੰਗ - ੨੬੨*

ਉਸ ਇਕ ਨੂੰ ਯਾਦ ਕਰੋ। ਉਹਦੇ ਨਾਲ -

*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥* *ਅੰਗ - ੨੬੨*

ਨਦਰੋ ਨਦਰ ਨਿਹਾਲ ਕਰ ਦਿੰਦਾ ਹੈ। ਕਿੱਡੀ ਤਾਕਤ ਹੈ ਇਸ 'ਚ। ਗੁਰੂ ਨਾਨਕ ਦਾ ਘਰ ਬਾਣੀ ਦਿਖਾ ਦਿੰਦੀ ਹੈ। ਬਾਣੀ ਦੀ ਕੁੰਜੀ ਸੰਤਾਂ ਕੋਲ ਹੈ। ਉਹ ਜੁਗਤ ਦਸ ਦਿੰਦੇ ਹਨ। ਉਹ ਐਸੀ ਕ੍ਰਿਪਾ ਕਰ ਦਿੰਦੇ ਹਨ -

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ੩ ॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥* *ਅੰਗ - ੬੧੪*

ਜਿਸ ਜਗ੍ਹਾ ਸੁਖਮਨੀ ਸਾਹਿਬ ਜੀ ਦਾ ਪਾਠ ਹੋਇਆ। ਉਹ ਘਰ ਹੀ ਪਵਿੱਤਰ ਨਹੀਂ ਹੁੰਦਾ, ਇਹਦੇ ਨਾਲ ਸਾਰਾ ਨਗਰ ਹੀ ਪਵਿੱਤਰ ਹੋ ਜਾਂਦਾ ਹੈ। ਇਕ ਵਾਰੀ ਬੋਲਿਆ ਹੋਇਆ ਵਾਹਿਗੁਰੂ ਮੰਤ੍ਰ, ਬਾਰ-ਬਾਰ ਜਦੋਂ ਬੋਲਦੇ ਹਾਂ, ਦੁਹਰਾਅ ਨਾਲ ਸ਼ਕਤੀ ਆਉਂਦੀ ਹੈ। ਉਹ ਸਾਰੇ ਨਗਰ ਨੂੰ ਪਵਿੱਤਰ ਕਰ ਦਿੰਦੀ ਹੈ, ਇਸ 'ਚ ਐਸੀ ਸ਼ਕਤੀ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਕਲਜੁਗ ਦਾ ਸਮਾਂ, ਉਮਰਾਂ ਛੋਟੀਆਂ ਹਨ, ਸਮਾਂ ਬਹੁਤ ਘੱਟ ਹੈ। ਐਸੇ ਸਮੇਂ ਦੇ ਵਿਚ ਦਿਲ, ਦਿਮਾਗ, ਸਰੀਰ ਤਾਕਤਵਰ ਨਹੀਂ ਹਨ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਇਹ 36 ਯੁੱਗ ਦੀ ਕਮਾਈ ਕਰਕੇ ਮੰਤ੍ਰ ਲੈ ਕੇ ਆਏ। ਇਹ ਐਨਾ ਛੋਟਾ ਮੰਤਰ ਬਹੁਤ ਸ਼ਕਤੀਸ਼ਾਲ ਹੈ। ਜੇ ਉਮਰਾਂ ਛੋਟੀਆਂ ਹੋ ਗਈਆਂ, ਸਮਾਂ ਘਟਦਾ ਚਲਿਆ ਗਿਆ, ਮੰਤਰ ਵੀ ਬਹੁਤ ਹੀ ਬਹੁਤ ਛੋਟਾ ਹੈ। ਸਵਾਸ ਦੇ ਉਤੇ ਆਉਣ ਨਾਲ ਸੰਤੁਲਨ ਬਣਦਾ ਹੈ। ਬਾਣੀ ਕਹਿੰਦੀ ਹੈ ਕਿ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* *ਅੰਗ- ੨੮੯*

ਕਿਉਂਕਿ ਸਾਰਾ ਕੰਮ ਤਾਂ ਮਨ ਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ - ੩੪੨*

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥* *ਅੰਗ - ੩*

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ - ੪*

ਜਿਹੜਾ ਅੰਦਰ ਨਾਮ ਅੰਮ੍ਰਿਤ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ- ੫੩੮*

ਜਿੰਨਾ ਵੀ ਰੌਲਾ ਹੈ ਹਉਮੈ ਦਾ ਹੈ। ਹਉਮੈ ਦਾ ਨਾਮ ਨਾਲ ਵੀ ਵਿਰੋਧ ਹੈ -

*ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥*
*ਅੰਗ- ੯੪੩*

ਹਉ ਵਿਚ ਹੀ ਸਾਰਾ ਕੁਝ ਹੋ ਰਿਹਾ ਹੈ।

*ਹਉ ਵਿਚਿ ਆਇਆ ਹਉ ਵਿਚਿ ਗਇਆ ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥*
*ਹਉ ਵਿਚਿ ਦਿਤਾ ਹਉ ਵਿਚਿ ਲਇਆ ॥*
*ਹਉ ਵਿਚਿ ਖਟਿਆ ਹਉ ਵਿਚਿ ਗਇਆ ॥*
*ਹਉ ਵਿਚਿ ਸਚਿਆਰੁ ਕੂੜਿਆਰੁ ॥*
*ਹਉ ਵਿਚਿ ਪਾਪ ਪੁੰਨ ਵੀਚਾਰੁ ॥*

*ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥*
*ਹਉ ਵਿਚਿ ਹਸੈ ਹਉ ਵਿਚਿ ਰੋਵੈ ॥*
*ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥*
*ਹਉ ਵਿਚਿ ਜਾਤੀ ਜਿਨਸੀ ਖੋਵੈ ॥*
*ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥*
*ਮੋਖ ਮੁਕਤਿ ਕੀ ਸਾਰ ਨ ਜਾਣਾ ॥*
*ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥*
*ਹਉਮੈ ਕਰਿ ਕਰਿ ਜੰਤ ਉਪਾਇਆ ॥*
*ਹਉਮੈ ਬੂਝੈ ਤਾ ਦਰੁ ਸੂਝੈ ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ ॥*
*ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥*
*ਅੰਗ – ੪੬੬*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥*
*ਅੰਗ– ੮੫੫*

ਆਵਾਗਵਣ ਦਾ ਚੱਕਰ ਹੀ ਖਤਮ ਹੋ ਗਿਆ। ਕਿੱਡੀ ਬਖਸ਼ਿਸ਼ ਹੈ। ਜਿਸ ਨੇ ਇਹ ਰਚਨਾ ਰਚੀ, ਉਸ ਨੇ ਹਉਮੈ ਵੀ ਨਾਲ ਪਾ ਦਿਤੀ ਤੇ ਇਹਦਾ ਇਲਾਜ ਵੀ ਵਿਚ ਰਖ ਦਿਤਾ –

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਅੰਗ– ੪੬੬*

ਅੰਦਰ ਨਾਮ ਪਿਆ ਹੈ ਪਰ ਅਸੀਂ ਬਾਹਰ ਨੂੰ ਦੌੜਦੇ ਹਾਂ ਕਿ ਫਲਾਣਾ ਨਾਮ ਦੇਵੇਗਾ। ਨਾਮ ਤਾਂ ਕੋਈ ਦਿੰਦਾ ਨਹੀਂ। ਰੋਲਾ ਪਿਆ ਹੋਇਐ ਰੱਬ ਦੇ ਰਾਹ ਜਾਂਦੇ ਵੀ। ਨਾਮ ਨਹੀਂ ਕੋਈ ਦੇ ਸਕਿਆ। ਨਾਮ ਤਾਂ ਅੰਦਰੋਂ ਮਿਲਣਾ ਹੈ। ਬਾਹਰੋ ਅਚਾਰੀਆ, ਗੁਰੂ, ਪੀਰ ਮੰਤਰ ਦਿੰਦੇ ਹਨ। ਸਾਡੇ ਘਰ ਦਾ ਮੰਤਰ ਵਾਹਿਗੁਰੂ ਹੈ ਜਿਹਨੂੰ ਜਪ ਕੇ ਹਉਮੈ ਦਾ ਨਾਸ ਹੋ ਜਾਂਦਾ ਹੈ। ਨਾਮ ਦੇ ਵਿਚ ਨਿਵਾਸ ਹੋ ਜਾਂਦਾ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ– ੨੯੩*

ਉਹ ਜਿਹੜਾ ਸੁੰਨ ਹੈ –

*ਸੁੰਨ ਮੰਡਲ ਇਕੁ ਜੋਗੀ ਬੈਸੇ ॥*
*ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ ਅੰਗ– ੬੮੫*

ਉਹਦੀ ਕੀ ਨਿਸ਼ਾਨੀ ਹੈ –

*ਕਹਨੁ ਨ ਜਾਈ ਅਚਰਜ ਬਿਸਮਾਦ ॥ਅੰਗ– ੨੯੩*

ਅਚਰਜੁ ਹੈ। ਉਹ ਅਨੁਭਵ ਹੈ ਜੋ ਕਹਿਣ 'ਚ ਨਹੀਂ ਆਉਂਦਾ। ਉਹ ਅਚਰਜੁ ਹੈ, ਅਦਭੁਤ ਹੈ, ਹੈਰਾਨ ਕਰਨ ਵਾਲੀ ਹੈ। ਇਸ ਕਰਕੇ ਉਥੋਂ ਤਕ ਪਹੁੰਚਣ ਵਾਸਤੇ ਗੁਰੂ ਤੋਂ ਮੰਤਰ ਲਿਆ ਜਾਂਦਾ ਹੈ। ਸਾਡੇ ਘਰ ਦਾ ਮੰਤਰ ਵਾਹਿਗੁਰੂ ਹੈ, ਮੂਲ ਮੰਤਰ ਹੈ।

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ –੧*

ਮਹਾਂਪੁਰਸ਼ਾਂ ਕੋਲ ਜੁਗਤੀਆਂ ਹੁੰਦੀਆਂ ਹਨ –

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ*
*॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ਅੰਗ– ੬੪੧*

ਸਭ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ– ੬੪੨*

*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ ॥*
*ਕੀਨੇ ਰਾਮ ਨਾਮ ਇਕ ਆਖ੍ਰ ॥ ਅੰਗ– ੨੬੨*

ਸ਼ੁੱਧ ਅੱਖਰ ਹਨ – ਚਾਹੇ ਰਾਮ–ਰਾਮ ਕਹਿ ਲਓ, ਚਾਹੇ ਅੱਲਾਹ–ਅੱਲਾਹ ਕਹਿ ਲਓ। ਕੋਈ ਵੀ ਕਿਸੇ ਤਰ੍ਹਾਂ ਦਾ ਮਜ਼੍ਹਬ ਹੈ, ਸਾਰੇ ਧਰਮਾਂ ਦੇ ਸ਼ੁੱਧ ਅੱਖਰ ਹਨ। ਇਹਨਾਂ ਨੂੰ ਜਪ ਲਓ, ਇਹ ਅਖੀਰ 'ਤੇ ਇਕ ਦੇ ਨਾਲ ਹੀ ਜੋੜਦੇ ਹਨ। ਇਥੇ ਦੂਜਾ ਤਾਂ ਹੈ ਹੀ ਨਹੀਂ ਕੋਈ। ਫੇਰ ਉਸ ਅਵਸਥਾ ਵਿਚ ਜਾ ਕੇ –

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ– ੨੭੨*

ਐਸੇ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਨੇ ਜੁਗਤ ਦਰਸਾਈ ਹੈ। ਕਿਉਂਕਿ –

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥*
*ਅੰਗ– ੮੯੪*

ਜੁਗਤ ਕੀ ਦੱਸੀ? ਪਹਿਲਾਂ ਬੋਲ ਕੇ ਬੈਖਰੀ ਬਾਣੀ 'ਚ ਨਾਮ ਜਪ ਲਓ। ਜਿਵੇਂ ਬੱਚੇ ਮੁਹਾਰਨੀਆਂ ਪੜ੍ਹਦੇ ਨੇ ਉੱਚੀ–ਉੱਚੀ ਅਵਾਜ਼ ਦੇ ਵਿਚ। ਵਾਹਿਗੁਰੂ–ਵਾਹਿਗੁਰੂ ਇਸੇ ਤਰ੍ਹਾਂ ਪਹਿਲਾਂ ਉੱਚੀ–ਉੱਚੀ ਕਿਹਾ ਜਾਂਦਾ ਹੈ। ਫੇਰ ਮਧਮਾ ਵਿਚ, ਬੁੱਲ੍ਹ ਹਿੱਲਣਗੇ। ਜੀਭ ਵੀ ਹਿਲਦੀ ਹੈ ਪਰ ਬਾਹਰ ਅਵਾਜ਼ ਨਹੀਂ ਸੁਣਾਈ ਦਿੰਦੀ। ਅੰਦਰ

ਨੂੰ ਰਸਤਾ ਸ਼ੁਰੂ ਹੋ ਜਾਂਦਾ ਹੈ। ਫੇਰ ਬੈਖਰੀ ਤੋਂ ਮਧਮਾ, ਮਧਮਾ ਤੋਂ ਪਸੰਤੀ। ਫੇਰ ਜੀਭ ਵੀ ਨਹੀਂ ਹਿਲਦੀ, ਬੁੱਲ੍ਹ ਵੀ ਨਹੀਂ ਹਿਲਦੇ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ- ੧੨੫੬*

ਸਵਾਸ-ਸਵਾਸ ਨਾਮ ਫੇਰ ਭੁਲਦਾ ਨਹੀਂ। ਬੋਲ ਕੇ ਵਾਹਿਗੁਰੂ-ਵਾਹਿਗੁਰੂ ਕਰੋ। ਪਰਾ ਬਾਣੀ 'ਚ ਸਵਾਸ 'ਤੇ ਇਕ ਵਾਰੀ ਕਹੋ। ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਫਲ ਹਜ਼ਾਰਾਂ ਗੁਣਾਂ ਵਧ ਜਾਂਦਾ ਹੈ।

ਕਿੰਨੀ ਸੁਖੈਨ ਜੁਗਤ ਹੈ, ਕੋਈ ਦਸਦਾ ਨਹੀਂ। ਇਹ ਤਾਂ ਦਿਆਲੂ ਕ੍ਰਿਪਾਲੂ ਮਹਾਂਪੁਰਖ ਜਿਨ੍ਹਾਂ ਦੀ ਸੋਚ ਹੀ ਬ੍ਰੀਹਮੰਡੀ (universal) ਹੈ। ਵਿਸ਼ਵ ਵਿਆਪੀ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ, ਜਿਨ੍ਹਾਂ ਨੇ ਇਹ ਜੁਗਤ ਰਤਵਾੜਾ ਸਾਹਿਬ ਲੱਗੇ ਦੀਵਾਨਾਂ ਵਿਚ ਦਰਸਾਈ। ਜਿਸ ਦੀਆਂ ਰਿਕਾਰਡਿੰਗ ਬਣੀਆਂ ਹੋਈਆਂ ਹਨ। ਮੈਡੀਟੇਸ਼ਨ ਟੈਕਨੀਕ ਨਾਮ 'ਤੇ ਯੂ-ਟਿਊਬ 'ਤੇ ਪਾਈ ਹੋਈ ਹੈ। ਰਤਵਾੜਾ ਸਾਹਿਬ ਐਪ ਡਾਊਨਲੋਡ ਕਰ ਲਓ। ਉਸ 'ਤੇ 24 ਘੰਟੇ ਮਹਾਂਪੁਰਸ਼ਾਂ ਦੇ ਬਚਨ ਆਉਂਦੇ ਹਨ। ਸਾਡੇ ਵਰਗੇ ਮਰਦੇ ਨੇ ਜੰਮਦੇ ਨੇ, ਪਰ ਬ੍ਰਹਮ ਗਿਆਨੀ ਮਹਾਂਪੁਰਸ਼ ਤਾਂ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥* *ਅੰਗ- ੨੭੩*

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥*
*ਅੰਗ- ੧੪੨੯*

ਉਹ ਜਿਹੜਾ ਗੁਰਮੰਤ੍ਰ ਦਾ ਜਾਪ ਹੈ, ਉਹ ਜੁਗਤਾਂ ਦਸ ਦਿੰਦੇ ਨੇ। ਅਭਿਆਸੀ ਪੁਰਸ਼ਾਂ ਦੀਆਂ ਵੱਡੀਆਂ-ਵੱਡੀਆਂ ਅਵਸਥਾਵਾਂ ਹੁੰਦੀਆਂ ਨੇ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥* *ਅੰਗ- ੯੪੧*

ਇਸ ਅਵਸਥਾ ਨੂੰ ਦੱਸਣ ਦਾ ਢੰਗ ਵੀ ਸਤਿਪੁਰਸ਼ਾਂ ਨੇ ਬਹੁਤ ਸੁਖਾਲਾ ਦੱਸਿਐ। ਕਹਿੰਦੇ, ਕਿਸੇ ਪਾਣੀ ਦੀ ਮੋਟੀ ਪਾਈਪ ਵਿਚ ਪਾਣੀ ਭਰ ਲਓ, ਫੇਰ ਉਹਦੇ ਵਿਚ ਇਕ ਛੇਕ ਕਰ ਲਓ, ਉਹਦੇ ਉਤੇ ਫੇਰ ਹਵਾ ਦਾ ਪਰੈਸ਼ਰ ਬਣਾਓ, ਦੱਬੋਗੇ ਤਾਂ ਜਿੰਨੇ ਛੇਕ ਬਣੇ ਹਨ, ਉਹਨਾਂ ਵਿਚੋਂ ਪਾਣੀ ਬਾਹਰ ਨਿਕਲਦਾ ਹੈ। ਇਸੇ ਤਰ੍ਹਾਂ ਸਵਾਸ ਦਾ ਜਦੋਂ ਪਰੈਸ਼ਰ ਬਣਦਾ ਹੈ, ਮੰਤਰ ਦਾ ਪਰੈਸ਼ਰ ਪੈਂਦਾ ਹੈ। ਫੇਰ ਐਨਾ ਅਭਿਆਸ ਵਧ ਜਾਂਦਾ ਹੈ ਕਿ ਸਰੀਰ ਦੇ ਸਾਰੇ ਰੋਮਾਂ ਵਿਚੋਂ ਨਾਮ ਸੁਣਦਾ ਹੈ -

*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥*
*ਅੰਗ- ੧੩੬*

ਕਿੱਡੀਆਂ ਬਖਸ਼ਿਸ਼ਾਂ ਹੋ ਜਾਂਦੀਆਂ ਨੇ। ਫੇਰ ਤਾਂ ਸਾਰੀ ਸ੍ਰਿਸ਼ਟੀ ਨਾਮ ਜਪਦੀ ਪ੍ਰਤੀਤ ਹੁੰਦੀ ਹੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ- ੧੨੬੫*

ਫੇਰ ਬਾਹਰਲੀਆਂ ਅਵਾਜ਼ਾਂ ਵੀ ਵਿਘਨ ਪੈਦਾ ਨਹੀਂ ਕਰਦੀਆਂ। ਸਾਰੀ ਕੁਦਰਤ ਨਾਮ ਜਪਦੀ ਪ੍ਰਤੀਤ ਦਿੰਦੀ ਹੈ। ਕੁਦਰਤ ਕਿਸ ਨੂੰ ਕਿਹਾ ਹੈ? -

*ਕੁਦਰਤਿ ਦਿਸੈ ਕੁਦਰਤਿ ਸੁਣੀਐ*
*ਕੁਦਰਤਿ ਭਉ ਸੁਖ ਸਾਰੁ ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
*ਅੰਗ- ੪੬੪*

ਕੁਦਰਤ ਨੂੰ ਮਾਇਆ ਕਿਹਾ ਹੈ, ਕਾਦਰ ਨੇ ਕੁਦਰਤ ਬਣਾਈ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ- ੫੩੭*

ਆਸਾ ਦੀ ਵਾਰ ਦੇ ਵਿਚ ਫੁਰਮਾਨ ਆਉਂਦਾ ਹੈ-

*ਵਿਸਮਾਦੁ ਰੂਪ ਵਿਸਮਾਦੁ ਰੰਗ ॥*
*ਵਿਸਮਾਦੁ ਨਾਗੇ ਫਿਰਹਿ ਜੰਤ ॥*
*ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥*
*ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥* *ਅੰਗ- ੪੬੩*

ਫੇਰ ਵਿਸਮਾਦ ਵਿਚ ਚਲਿਆ ਜਾਂਦਾ ਹੈ।

'ਆਤਮ ਮਾਰਗ' ਛਪਦਾ ਹੈ। ਹਰ ਮਹੀਨੇ ਘਰ-ਘਰ ਤਕ ਪਹੁੰਚਾਇਆ ਜਾਂਦਾ ਹੈ। ਉਸ ਵਿਚ ਜੁਗਤੀਆਂ ਨੇ। ਕੋਈ ਸਵਾਸ ਬਿਰਥਾ ਨਾ ਜਾਣ ਦਿਓ। ਇਹ ਸਭ ਅਭਿਆਸ ਨਾਲ ਹੋ ਜਾਂਦਾ ਹੈ। ਜਦੋਂ ਉਠਦੇ ਹੀ ਅਭਿਆਸ ਸ਼ੁਰੂ ਕਰ ਦੇਵਾਂਗੇ, ਉਠਦੇ-ਬੈਠਦੇ-ਸੌਂਦੇ-ਜਾਗਦੇ, ਫੇਰ ਹਰ ਸਮੇਂ ਹੋਣ ਲਗ ਜਾਂਦਾ ਹੈ-

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥* *ਅੰਗ- ੨੮੬*

ਇਹੀ ਕੰਮ ਕਰੋ, ਫੇਰ ਆਪੇ ਹੀ ਬਾਕੀ ਕੰਮ ਵੀ ਹੋ ਜਾਣਗੇ।

*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥*
*ਅੰਗ- ੬੯੫*

ਉਮਰ ਧੰਦਿਆਂ ਵਿਚ ਲੰਘ ਜਾਂਦੀ ਹੈ -

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥* *ਅੰਗ- ੧੫੬*

ਸੋ ਨਾਮ ਨਾਲ ਜੁੜੀਏ। ਮੈਗਜ਼ੀਨ ਜ਼ਰੂਰ ਪੜ੍ਹੋ। ਮੈਗਜ਼ੀਨ ਦੇ ਵਿਚੋਂ ਰਸਤਾ ਮਿਲ ਜਾਂਦਾ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ,*
*ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-33)*

**ਸਿਰੀਰਾਗ ਮਹਲਾ ੧**
**ਬਿਨੁ ਪਿਰ ਧਨ ਸੀਗਾਰੀਐ**
**ਜੋਬਨੁ ਬਾਦਿ ਖੁਆਰੁ॥**

ਜਿਸ ਲੜਕੀ ਦੇ ਮਾਤਾ ਪਿਤਾ ਨੇ ਉਸ ਦੀ ਕਿਸੇ ਥਾਂ ਸਗਾਈ ਨਾ ਕੀਤੀ ਹੋਵੇ, ਭਾਵ ਉਸ ਲਈ ਪਤੀ ਨਾ ਲੱਭਿਆ ਹੋਵੇ। ਜੇਕਰ ਉਹ ਕੁਆਰੀ ਧਨ=ਇਸਤਰੀ ਪਿਰ=ਪਤੀ ਤੋਂ ਬਿਨੁ=ਬਗੈਰ ਐਵੇਂ ਹੀ ਸੀਗਾਰੀਐ=ਸ਼ਿੰਗਾਰ ਕਰਦੀ ਰਹੇ। ਅਰਥਾਤ ਬਿਨਾਂ ਪਤੀ ਤੋਂ ਐਸੇ ਸ਼ਿੰਗਾਰ ਕਰਨ ਵਾਲੀ ਲੜਕੀ ਨੂੰ ਪਤੀ-ਮਿਲਾਪ ਦਾ ਅਨੰਦ ਪ੍ਰਾਪਤ ਨਹੀਂ ਹੁੰਦਾ।

**ਨਾ ਮਾਣੇ ਸੁਖਿ ਸੇਜੜੀ**
**ਬਿਨੁ ਪਿਰ ਬਾਦਿ ਸੀਗਾਰੁ॥**

ਜਿਸ ਤਰ੍ਹਾਂ ਪਤੀ ਤੋਂ ਬਿਨਾਂ ਇਸਤ੍ਰੀ ਸੇਜਾਂ ਦੇ ਸੁਖ ਨੂੰ ਨਹੀਂ ਮਾਣ ਸਕਦੀ, ਇਸੇ ਪ੍ਰਕਾਰ ਪਤੀ ਪ੍ਰਮੇਸ਼ਰ ਤੋਂ ਬਿਨਾਂ ਅੰਤਸ਼ਕਰਨ ਰੂਪ ਸੇਜਾ ਤੇ ਪਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਵਾ: ਆਤਮਿਕ ਅਨੰਦ ਇਹ ਜੀਵ ਰੂਪ ਇਸਤ੍ਰੀ ਨਹੀਂ ਮਾਣ ਸਕਦੀ। ਕਿਉਂਕਿ ਸਤਿਗੁਰਾਂ ਨੇ ਅਜੇ ਪਤੀ ਪਰਮੇਸ਼ਰ ਦਾ ਮਿਲਾਪ ਨਹੀਂ ਕਰਵਾਇਆ ਤੇ ਪਤੀ ਪਰਮੇਸ਼ਰ ਤੋਂ ਬਿਨਾਂ ਸਾਰੇ ਸਾਧਨਾਂ ਰੂਪ ਸ਼ਿੰਗਾਰ ਬਾਦਿ=ਬੇਅਰਥ ਹੋ ਜਾਦੇ ਹਨ।

**ਦੂਖੁ ਘਣੋ ਦੋਹਾਗਣੀ**
**ਨਾ ਘਰਿ ਸੇਜ ਭਤਾਰੁ॥੧॥**

ਜੋ ਦੋਹਾਗਣੀ=ਛੁੱਟੜ ਇਸਤ੍ਰੀ ਹੈ, ਉਸ ਨੂੰ ਘਣੋ=ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ਕਿਉਂਕਿ ਭਤਾਰੁ=ਪਤੀ ਘਰ ਵਿਚ ਹੁੰਦਿਆਂ ਹੋਇਆਂ ਵੀ ਸੇਜਾ 'ਤੇ ਉਸ ਦੇ ਅਨੰਦ ਨੂੰ ਨਹੀਂ ਮਾਣ ਸਕਦੀ। ਇਸ ਪ੍ਰਕਾਰ ਜਿਨ੍ਹਾਂ ਨੇ ਸਤਿਗੁਰਾਂ ਤੋਂ ਉਪਦੇਸ਼ ਤਾਂ ਲੈ ਲਿਆ, ਪਰਮੇਸ਼ਰ ਦੀਆਂ ਸਖੀਆਂ ਹੋਣ ਦਾ ਨਿਸਚਾ ਮਨ ਵਿਚ ਹੋ ਗਿਆ, ਪਰ ਉਪਦੇਸ਼ ਦੀ ਕਮਾਈ ਨਹੀਂ ਕੀਤੀ ਤੇ ਹੁਕਮ ਨਹੀਂ ਮੰਨਿਆ, ਉਹ ਜਗਿਆਸੂ ਛੁੱਟੜ ਇਸਤ੍ਰੀਆਂ ਦੀ ਨਿਆਈਂ ਹਨ। ਭਾਵੇਂ ਉਨ੍ਹਾਂ ਦੇ ਹਿਰਦੇ ਰੂਪ ਘਰ ਵਿਚ ਹੀ ਪਰਮੇਸ਼ਰ ਰਹਿੰਦਾ ਹੈ ਪਰ ਅੰਤਸ਼ਕਰਨ ਦੀ ਸੇਜਾ ਤੇ ਭਤਾਰੁ=ਪਤੀ ਪਰਮੇਸ਼ਰ ਦਾ ਮਿਲਾਪ ਨਹੀਂ ਹੁੰਦਾ ਭਾਵ ਉਹ ਸਾਖੀ ਚੇਤਨ ਅੰਤਸ਼ਕਰਨ ਦੀ ਸੇਜਾ 'ਤੇ ਸਾਖਿਆਤਕਾਰ ਨਹੀਂ ਹੁੰਦਾ। ਇਸ ਲਈ ਉਨ੍ਹਾਂ ਨੂੰ ਘਣੋ=ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ।

**ਮਨ ਰੇ; ਰਾਮ ਜਪਹੁ ਸੁਖੁ ਹੋਇ॥**

ਰੇ=ਹੇ ਮੇਰੇ ਮਨ! ਰਾਮ=ਰਮੇ ਹੋਏ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰ, ਤਾਂ ਫਿਰ ਸਤਿਗੁਰਾਂ ਦੁਆਰਾ ਆਤਮਿਕ ਸਾਖਿਆਤਕਾਰ ਹੁੰਦਾ ਹੈ ਅਤੇ ਪ੍ਰਮਾਤਮਾ ਦੇ ਨਾਮ ਜਪਣ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

**ਬਿਨੁ ਗੁਰ ਪ੍ਰੇਮੁ ਨ ਪਾਈਐ**
**ਸਬਦਿ ਮਿਲੈ ਰੰਗੁ ਹੋਇ॥੧॥ਰਹਾਉ॥**

ਸਤਿਗੁਰੂ ਜੀ ਤੋਂ ਬਿਨੁ=ਬਗ਼ੈਰ ਕਿਤੋਂ ਵੀ ਪ੍ਰੇਮ ਨ =ਨਹੀਂ ਪਾਈਐ=ਪਾਈਦਾ ਅਤੇ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਮਿਲੈ=ਮਿਲਣ ਨਾਲ ਹੀ ਰੰਗੁ=ਪ੍ਰੇਮ, ਅਨੰਦ ਪ੍ਰਾਪਤ ਹੋਇ=ਹੁੰਦਾ ਹੈ ਸਤਿਗੁਰਾਂ ਦੀ ਸੰਗਤ ਕਰਦਿਆਂ-ਕਰਦਿਆਂ ਗੁਰੂ ਸਾਹਿਬ ਤੋਂ ਹੀ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ।

**ਗੁਰ ਸੇਵਾ ਸੁਖੁ ਪਾਈਐ**
**ਹਰਿ ਵਰੁ ਸਹਜਿ ਸੀਗਾਰੁ॥**

ਸਤਿਗੁਰਾਂ ਦੀ ਸੇਵਾ ਕਰਕੇ ਜਿਨ੍ਹਾਂ ਨੇ ਸਹਜਿ=ਸੁਤੇ ਹੀ ਸ਼ਰਧਾ, ਸ਼ਾਂਤੀ, ਕਰੁਣਾ, ਮੈਤ੍ਰੀ, ਸਤਿ ਸੰਤੋਖ ਆਦਿ ਸ਼ੁਭ ਗੁਣਾਂ ਦਾ ਸ਼ਿੰਗਾਰ ਕੀਤਾ ਹੈ ਵਾ: ਜਿਨ੍ਹਾਂ ਨੇ ਸ਼ੁਭ ਗੁਣਾਂ ਦਾ ਸ਼ਿੰਗਾਰ ਕਰਕੇ ਸਹਿਜ=ਗਿਆਨ ਅਵਸਥਾ ਨੂੰ ਪ੍ਰਾਪਤ ਕੀਤਾ ਹੈ, ਉਹਨਾਂ ਨੇ ਹਰਿ=ਪਰਮੇਸ਼ਰ ਰੂਪ ਵਰੁ=ਪਤੀ ਨੂੰ ਪ੍ਰਾਪਤ ਕਰ ਲਿਆ ਹੈ।

**ਸਚਿ ਮਾਣੇ ਪਿਰ ਸੇਜੜੀ**
**ਗੂੜਾ ਹੇਤੁ ਪਿਆਰੁ॥**

ਫਿਰ ਉਹ ਜਗਿਆਸੂ ਰੂਪ ਇਸਤ੍ਰੀ ਸਚਿ=ਨਿਸਚੇ ਕਰਕੇ ਅੰਤਸ਼ਕਰਨ ਦੀ ਸੇਜਾ 'ਤੇ ਪਤੀ ਪ੍ਰਮਾਤਮਾ ਦੇ ਮਿਲਾਪ ਦੇ ਅਨੰਦ ਨੂੰ ਮਾਣਦੀ ਹੈ। ਉਸ ਦੀ ਅੰਤਸ਼ਕਰਨ ਦੀ ਸੇਜਾ ਐਸੀ ਹੈ ਜਿਸ ਦੇ ਮਨ, ਬੁੱਧ, ਚਿਤ, ਅਹੰਕਾਰ ਚਾਰ ਪਾਵੇ ਹਨ। ਬਿਰਤੀਆਂ ਰੂਪ ਚਾਰ ਬਾਹੀਆਂ ਹਨ। ਪ੍ਰੇਮ ਰੂਪ ਬਾਣ ਨਾਲ ਬੁਣੀ ਹੋਈ ਸੇਜ ਹੈ। ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ

ਦਾ ਤਿਆਗ ਕਰਨ ਰੂਪ ਫੁੱਲ ਅਰਪਣੇ ਹਨ। ਇਹੋ ਜਿਹੀ ਸ਼ੁਭ ਗੁਣਾਂ ਨਾਲ ਸ਼ਿੰਗਾਰੀ ਹੋਈ ਜੋ ਅੰਤਸ਼ਕਰਨ ਰੂਪ ਸੇਜਾ ਹੈ, ਉਸ ਉੱਤੇ ਜੇ ਜਗਿਆਸੂ ਰੂਪ ਇਸਤ੍ਰੀ ਪਤੀ ਪ੍ਰਮਾਤਮਾ ਦੀ ਸਖਿਆਤਤਾ ਰੂਪ ਅਨੰਦ ਨੂੰ ਮਾਣਦੀ ਹੈ। ਪਰ ਇਹ ਦਾਤ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦਾ ਪ੍ਰਮੇਸ਼ਰ ਨਾਲ ਤਨ ਕਰਕੇ ਵੀ ਹੇਤੁ=ਪ੍ਰੇਮ ਹੈ ਅਤੇ ਮਨ ਕਰਕੇ ਵੀ ਗੂੜਾ=ਬਹੁਤ ਗਾੜ੍ਹਾ, ਸੰਘਣਾ ਪਿਆਰੁ=ਸਨੇਹ ਹੈ, ਜਿਨ੍ਹਾਂ ਨੂੰ ਮਹਾਰਾਜ ਜੀ ਨੇ ਇਹ ਪ੍ਰੇਮ ਦਾ ਪਿਆਲਾ ਪਿਆਉਣਾ ਕੀਤਾ ਹੈ।

**ਗੁਰਮੁਖਿ ਜਾਣਿ ਸਿਵਾਣੀਐ**
**ਗੁਰਿ ਮੇਲੀ ਗੁਣ ਚਾਰੁ॥੨॥**

ਗੁਰਮੁਖਾਂ ਦੀ ਸੰਗਤ ਕਰਕੇ ਵਾ: ਮੁਖੀ ਸਤਿਗੁਰਾਂ ਦੁਆਰਾ ਪ੍ਰਾਪਤ ਹੋਏ ਗਿਆਨ ਨੂੰ ਜਾਣਿ=ਸਮਝ ਕਰਕੇ ਆਪਣੇ ਸਰੂਪ ਵਾ: ਅਕਾਲ ਪੁਰਖ ਨੂੰ ਸਿਵਾਣੀਐ=ਪਛਾਣੀਦਾ ਹੈ। ਸਤਿਗੁਰ ਸਾਹਿਬ ਜੀ ਨੇ ਜਿਨ੍ਹਾਂ ਨੂੰ ਆਪਣੇ ਨਾਲ ਮੇਲ ਲਿਆ ਹੈ, ਉਨ੍ਹਾਂ ਨੂੰ ਚਾਰੁ=ਸੁੰਦਰ ਗੁਣਾਂ ਦੀ ਵਾ: ਚਾਰੇ ਗੁਣਾਂ ਦੀ ਬਖਸ਼ਿਸ਼ ਕਰਨਾ ਕੀਤੀ ਹੈ। ਚਾਰ ਗੁਣ; ਕਰੁਣਾ, ਮੈਤ੍ਰੀ, ਮੁਦਤਾ, ਅਪੇਖਿਆ ਵਾ: ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਵਾ: ਸ੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸੋਧਨ ਵਾ: ਸੱਤੁਆਪਾਦ, ਅਸੰਸਕਤਿ, ਪਦਾਰਥ ਅਭਾਵਨੀ, ਤੁਰੀਆ ਰੂਪ ਚਾਰ ਗੁਣਾਂ ਦੀ ਬਖਸ਼ਿਸ ਕੀਤੀ ਹੈ ਅਥਵਾ ਜਿਨ੍ਹਾਂ ਨੂੰ ਚਾਰੁ=ਸੁੰਦਰ ਗੁਣ ਸਤਿ, ਸੰਤੋਖ, ਦਇਆ, ਧਰਮ, ਧੀਰਜ, ਵੀਚਾਰ ਆਦਿ ਗੁਣਾਂ ਦੀ ਸਤਿਸੰਗਤ ਵਿਚੋਂ ਪ੍ਰਾਪਤੀ ਹੋਈ ਹੈ, ਉਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਸਰੂਪ ਨਾਲ ਮੇਲਣਾ ਕੀਤਾ ਹੈ।

**ਸਚਿ ਮਿਲਹੁ ਵਰ ਕਾਮਣੀ**
**ਪਿਰਿ ਮੋਹੀ ਰੰਗੁ ਲਾਇ॥**

ਵਰ=ਪਤੀ ਪਰਮੇਸ਼ਰ ਨੂੰ ਪ੍ਰਾਪਤ ਕਰਨ ਦੀ ਚਾਹਵਾਨ ਜਗਿਆਸੂ ਰੂਪ ਕਾਮਣੀ=ਇਸਤ੍ਰੀਓ! ਪਤੀ ਪ੍ਰਮਾਤਮਾ ਨੂੰ ਮਿਲਣ ਲਈ ਉਸ ਦੇ ਸੱਚੇ ਨਾਮ ਨਾਲ ਮਿਲਣਾ ਕਰੋ। ਜਿਸ ਜਗਿਆਸੂ ਰੂਪ ਇਸਤ੍ਰੀ ਨੂੰ ਸਤਿਗੁਰਾਂ ਨੇ ਪ੍ਰਭੂ ਦਾ ਰੰਗੁ=ਪ੍ਰੇਮ ਲਾ ਦਿਤਾ ਹੈ, ਉਸ ਨੇ ਪਿਰਿ=ਪਤੀ ਪਰਮੇਸ਼ਰ ਨੂੰ ਮੋਹਿਤ ਕਰ ਲਿਆ ਹੈ ਭਾਵ ਉਹ ਇਸਤ੍ਰੀ ਅਕਾਲ ਪੁਰਖ ਨੂੰ ਭਾ ਗਈ ਹੈ ਵਾ: ਜਿਸ ਦੀ ਬਿਰਤੀ ਅਕਾਲ ਪੁਰਖ ਦੇ ਪ੍ਰੇਮ ਕਰਕੇ ਉਸ ਵਿਚ ਮੋਹਿਤ ਹੋ ਗਈ ਹੈ, ਉਸ ਦੇ ਹਿਰਦੇ ਵਿਚ ਸਤਿਗੁਰਾਂ ਨੇ ਰੰਗੁ=ਅਨੰਦ ਲਾ ਦਿਤਾ ਹੈ।

**ਮਨੁ ਤਨੁ ਸਾਚਿ ਵਿਗਸਿਆ**
**ਕੀਮਤਿ ਕਹਣੁ ਨ ਜਾਇ॥**

ਫਿਰ ਉਨ੍ਹਾਂ ਦਾ ਤਨ ਅਤੇ ਮਨ ਸੱਚੇ ਪਰਮੇਸ਼ਰ ਦੇ ਨਾਮ ਵਿਚ ਵਿਗਸਿਆ=ਖਿੜ ਗਿਆ ਹੈ। ਐਸੇ ਮਹਾਤਮਾ ਦੇ ਗੁਣਾਂ ਦੀ ਕੀਮਤ, ਵਡਿਆਈ, ਕੁਝ ਕਹੀ ਨਹੀਂ ਆ ਸਕਦੀ।

**ਹਰਿ ਵਰੁ ਘਰਿ ਸੋਹਾਗਣੀ**
**ਨਿਰਮਲ ਸਾਚੈ ਨਾਇ॥੩॥**

ਜਿਨ੍ਹਾਂ ਜਗਿਆਸੂ ਰੂਪ ਇਸਤ੍ਰੀਆਂ ਨੂੰ ਵਰੁ=ਪਤੀ ਹਰਿ=ਪਰਮੇਸ਼ਰ ਪ੍ਰਾਪਤ ਹੋਇਆ ਹੈ, ਉਨ੍ਹਾਂ ਸੋਹਾਗਣੀ=ਸੋਹਾਗਵੰਤੀਆਂ ਭਾਵ ਪਰਮੇਸ਼ਰ ਦੇ ਅਨੰਦ ਵਾਲੀਆਂ ਦਾ ਹਿਰਦੇ ਰੂਪ ਘਰ ਸ਼ੋਭਨੀਕ ਹੋ ਗਿਆ ਹੈ ਅਥਵਾ ਜਿਨ੍ਹਾਂ ਨੂੰ ਘਰਿ=ਹਿਰਦੇ ਵਿਚੋਂ ਹਰਿ=ਪਰਮੇਸ਼ਰ ਰੂਪ ਵਰੁ=ਪਤੀ ਪ੍ਰਾਪਤ ਹੋਇਆ ਹੈ, ਉਹ ਹੀ ਜਗਿਆਸੂ ਰੂਪ ਇਸਤ੍ਰੀਆਂ ਸੋਹਾਗ ਵਾਲੀਆਂ ਹਨ ਵਾ: ਪਰਮੇਸ਼ਰ ਦੇ ਸਰੂਪ ਰੂਪੀ ਘਰ ਵਿਚ ਉਹ ਸੁਹਾਗਣਾਂ ਵਰੁ=ਪਤੀ ਵਾਲੀਆਂ ਹਨ। ਪਰ ਇਹ ਅਵਸਥਾ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਗੁਰਾਂ ਨੇ ਸੱਚੇ ਨਾਮ ਦੀ ਦਾਤ ਦੇ ਕੇ ਪਾਪਾਂ ਦੀ ਮੈਲ ਤੋਂ ਨਿਰਮਲੁ=ਉੱਜਲ ਕਰ ਦਿਤਾ ਹੈ।

**ਮਨ ਮਹਿ ਮਨੂਆ ਜੇ ਮਰੈ**
**ਤਾ ਪਿਰੁ ਰਾਵੈ ਨਾਰਿ॥**

ਜਿਸ ਜਗਿਆਸੂ ਰੂਪ ਇਸਤਰੀ ਦਾ ਮਨ ਹਰ ਵਕਤ ਪਦਾਰਥਾਂ ਦੇ ਮਹਿ-ਵਿਚ ਹੀ ਜੁੜਿਆ ਰਹਿੰਦਾ ਹੈ, ਜੇਕਰ ਉਸ ਦਾ ਮਨ ਪਰਮੇਸ਼ਰ ਦੇ ਮਨੂਆ=ਮੰਨਣ ਕਰਨ ਵਿਚ ਵਾ: ਸਤਿਗੁਰਾਂ ਦੇ ਹੁਕਮ ਨੂੰ ਮੰਨਣ ਵਿਚ ਜੀਵਤ ਭਾਵ ਤੋਂ ਮਰ ਜਾਵੇ ਵਾ: ਜੇਕਰ ਮਨ ਵਿਚੋਂ ਮਨੂਆ=ਮਨੌਤ (ਮੋਹ, ਮਮਤਾ) ਮਰ ਜਾਵੇ ਤਾਂ ਫਿਰ ਉਹ ਜਗਿਆਸੂ ਰੂਪ ਨਾਰਿ=ਇਸਤਰੀ ਪਿਰੁ=ਪਤੀ ਪਰਮੇਸ਼ਰ ਦੇ ਅਨੰਦ ਨੂੰ ਰਾਵੈ=ਮਾਣ ਸਕਦੀ ਹੈ।

**ਇਕਤੁ ਤਾਗੈ ਰਲਿ ਮਿਲੈ**
**ਗਲਿ ਮੋਤੀਅਨ ਕਾ ਹਾਰੁ॥**

ਜਿਸ ਤਰ੍ਹਾਂ ਇਕ ਧਾਗੇ ਵਿਚ ਰਲ ਮਿਲ ਕੇ ਸਾਰੇ ਮੋਤੀ ਆਪਸ ਵਿਚ ਮਿਲ ਜਾਂਦੇ ਹਨ, ਫਿਰ ਉਹ ਮੋਤੀਆਂ ਦਾ ਹਾਰ ਗਲ ਵਿਚ ਸ਼ੋਭਨੀਕ ਹੁੰਦਾ ਹੈ, ਇਸ ਪ੍ਰਕਾਰ ਜੋ ਗੁਰਮੁਖ ਹਨ, ਉਹ ਏਕਤਾ ਰੂਪ ਧਾਗੇ ਵਿਚ ਵਾ: ਸ਼ਬਦ ਰੂਪ ਧਾਗੇ ਵਿਚ ਮਿਲ ਕਰਕੇ ਫਿਰ ਜੀਵਨ ਮੁਕਤ ਗੁਰਮੁਖ ਲਿਵ ਲਾ ਕੇ, ਮਨ ਬਾਣੀ ਸਰੀਰ ਕਰਕੇ ਉਹ

ਗੁਰਮੁਖ ਰਲਦੇ ਹਨ ਤੇ ਮੋਤੀਆਂ ਦੇ ਹਾਰ ਦੀ ਤਰ੍ਹਾਂ ਵਾਹਿਗੁਰੂ ਦੇ ਕੰਠ ਦਾ ਹਾਰ ਬਣ ਜਾਂਦੇ ਹਨ।

**ਸੰਤ ਸਭਾ ਸੁਖੁ ਊਪਜੈ**
**ਗੁਰਮੁਖਿ ਨਾਮ ਅਧਾਰੁ॥੪॥**

ਸੰਤ=ਸ਼ਾਂਤ ਚਿਤ ਵਾਲੇ ਪੁਰਖਾਂ ਦੀ ਸਭਾ=ਸੰਗਤ ਵਿਚ ਸ਼ਰਧਾ ਭਾਵਨਾ ਦੇ ਸਹਿਤ ਜਾਣ ਕਰਕੇ ਆਤਮਿਕ ਸੁਖੁ=ਅਨੰਦ ਊਪਜੈ=ਪੈਦਾ ਹੁੰਦਾ ਹੈ ਅਤੇ ਉਨ੍ਹਾਂ ਗੁਰਮੁਖਾਂ ਨੂੰ ਕੇਵਲ ਪ੍ਰਭੂ ਨਾਮ ਦਾ ਹੀ ਅਧਾਰੁ=ਆਸਰਾ ਹੁੰਦਾ ਹੈ ਵਾ: ਗੁਰਮੁਖਿ=ਮੁਖੀ ਗੁਰਾਂ ਦੁਆਰਾ ਆਸਰਾ ਰੂਪ ਨਾਮ ਪ੍ਰਾਪਤ ਹੁੰਦਾ ਹੈ।

**ਖਿਨ ਮਹਿ ਉਪਜੈ ਖਿਨਿ ਖਪੈ**
**ਖਿਨੁ ਆਵੈ ਖਿਨੁ ਜਾਇ॥**

ਇਹ ਜੋ ਸੰਸਾਰੀ ਪਦਾਰਥ ਹਨ, ਇਕ ਖਿਨ=ਛਿਨ ਮਹਿ=ਵਿਚ ਉਪਜੈ=ਪੈਦਾ ਹੁੰਦੇ ਹਨ ਤੇ ਦੂਸਰੇ ਖਿਨਿ=ਛਿਨ ਵਿਚ ਖਪੈ=ਨਾਸ ਹੋ ਜਾਂਦੇ ਹਨ। ਸਾਡਾ ਮਨ ਇਨ੍ਹਾਂ ਪਦਾਰਥਾਂ ਵਿਚ ਖਿਨ-ਖਿਨ ਕਾਲ ਨੂੰ ਆਉਂਦਾ ਜਾਂਦਾ ਰਹਿੰਦਾ ਹੈ ਭਾਵ ਮਨ ਇਨ੍ਹਾਂ ਪਦਾਰਥਾਂ ਵਿਚ ਭਟਕਦਾ ਰਹਿੰਦਾ ਹੈ। ਜਦੋਂ ਪ੍ਰਾਪਤ ਹੁੰਦੇ ਹਨ ਉਦੋਂ ਖੁਸ਼ ਰਹਿੰਦਾ ਹੈ, ਹੰਕਾਰ ਕਰਦਾ ਹੈ ਤੇ ਜਦੋਂ ਚਲੇ ਜਾਂਦੇ ਹਨ ਤਾਂ ਫਿਰ ਦੁਖੀ ਹੁੰਦਾ ਹੈ। ਐਸੀ ਇਸ ਮਨ ਦੀ ਹਾਲਤ ਹੈ ਅਥਵਾ ਜਿਸ ਛਿਨ ਹਿਰਦੇ ਵਿਚ ਸੰਤੋਖ ਪੈਦਾ ਹੁੰਦਾ ਹੈ, ਉਸੇ ਛਿਨ ਮੋਹ ਖਪੈ=ਨਾਸ ਹੋ ਜਾਂਦਾ ਹੈ ਵਾ: ਜਿਸ ਖਿਨ ਵਿਚ ਸਤਿ ਪੈਦਾ ਹੁੰਦਾ ਹੈ, ਉਸੇ ਛਿਨ ਝੂਠ ਦਾ ਨਾਸ ਹੋ ਜਾਂਦਾ ਹੈ। ਜਿਸ ਛਿਨ ਸ਼ੁਭ ਗੁਣ ਆਵੈ=ਆਉਂਦੇ ਹਨ, ਉਸ ਛਿਨ ਵਿਚ ਅਸ਼ੁਭ ਗੁਣ ਚਲੇ ਜਾਂਦੇ ਹਨ ਅਥਵਾ ਜਿਸ ਛਿਨ ਵਿਚ ਸ੍ਰਵਣ ਗਿਆਨ ਪੈਦਾ ਹੁੰਦਾ ਹੈ, ਉਸੇ ਛਿਨ ਪ੍ਰਮਾਣਗਤ ਸੰਸਾ ਖਪ ਜਾਂਦਾ ਹੈ। ਜਿਸ ਖਿਨ ਵਿਚ ਮੰਨਣ ਆ ਜਾਂਦਾ ਹੈ, ਉਸੇ ਛਿਨ ਪ੍ਰਮੇਯਗਤ ਸੰਸਾ ਜਾਇ=ਨਾਸ ਹੋ ਜਾਂਦਾ ਹੈ ਅਥਵਾ ਜਿਸ ਛਿਨ ਵਿਚ ਨਿਧਿਆਸਣ ਪੈਦਾ ਹੁੰਦਾ ਹੈ, ਉਸ ਛਿਨ ਵਿਪਰਜੇ ਬੁੱਧੀ ਖਪ ਜਾਂਦੀ ਹੈ। ਜਿਸ ਵੇਲੇ ਵਿਪਰਜੇ ਬੁੱਧੀ ਨਾਸ ਹੋ ਜਾਂਦੀ ਹੈ, ਉਸ ਵੇਲੇ ਖਿਨ ਆਵੈ=ਛਿਨ ਦੇ ਵਿਚ ਬ੍ਰਹਮ ਗਿਆਨ ਆ ਜਾਂਦਾ ਹੈ ਅਤੇ ਉਸੇ ਛਿਨ ਅਗਿਆਨ ਵਿਚ ਚਲਾ ਜਾਂਦਾ ਹੈ ਵਾ: ਜਿਸ ਛਿਨ ਵਿਚ ਵੈਰਾਗ ਪੈਦਾ ਹੁੰਦਾ ਹੈ, ਉਸ ਵੇਲੇ ਵਿਕਾਰਾਂ ਦਾ ਮੋਹ ਖਪ ਜਾਂਦਾ ਹੈ। ਵਿਕਾਰਾਂ ਦਾ ਮੋਹ ਨਾਸ ਹੋਣ ਨਾਲ ਇਕ ਛਿਨ ਵਿਚ ਬਿਬੇਕ ਆ ਜਾਂਦਾ ਹੈ। ਬਿਬੇਕ ਦੇ ਆਉਣ ਨਾਲ ਇਕ ਛਿਨ ਵਿਚ ਦੇਹ ਅਧਿਆਸ ਚਲਾ ਜਾਂਦਾ ਹੈ। ਸਾਰਾ ਸੰਸਾਰ ਮਿਥਿਆ ਨਜ਼ਰ ਆਉਣ ਲਗਦਾ ਹੈ ਤੇ ਇਕ ਪ੍ਰਮਾਤਮਾ ਹੀ ਸੱਚ ਸਰੂਪ ਪ੍ਰਤੀਤ ਹੁੰਦਾ ਹੈ।

**ਸਬਦੁ ਪਛਾਣੈ ਰਵਿ ਰਹੈ**
**ਨਾ ਤਿਸੁ ਕਾਲੁ ਸੰਤਾਇ॥**

ਜੋ ਸਤਿਗੁਰਾਂ ਦੇ ਸਬਦ ਦੀ ਪਛਾਣ ਕਰਦਾ ਹੈ, ਉਹ ਹਰ ਵਕਤ ਪਰਮੇਸ਼ਰ ਦੇ ਨਾਮ ਨੂੰ ਉਚਾਰਦਾ ਰਹੈ=ਰਹਿੰਦਾ ਹੈ ਵਾ: ਉਹ ਹਰ ਵਕਤ ਪਰਮੇਸ਼ਰ ਵਿਚ ਰਸਿਆ ਰਹਿੰਦਾ ਹੈ। ਫਿਰ ਤਿਸੁ=ਉਸ ਗੁਰਮੁਖ ਪਿਆਰੇ ਨੂੰ ਕਾਲ ਸਤਾ ਨਹੀਂ ਸਕਦਾ ਵਾ: ਸੰਤਾਇ=ਦੁਖੀ ਨਹੀਂ ਕਰ ਸਕਦਾ।

**ਸਾਹਿਬੁ ਅਤੁਲੁ ਨ ਤੋਲੀਐ**
**ਕਥਨਿ ਨ ਪਾਇਆ ਜਾਇ॥੫॥**

ਸਾਹਿਬੁ=ਮਾਲਕ ਜੋ ਪਰਮੇਸ਼ਰ ਹੈ, ਉਹ ਅਤੁਲੁ=ਤੋਲਣ ਤੋਂ ਰਹਿਤ ਹੈ, ਸ਼ਾਸਤਰ ਪ੍ਰਮਾਣ ਰੂਪ ਵੱਟੇ ਪਾ ਕੇ ਬੁੱਧੀ ਰੂਪ ਤੱਕੜੀ ਨਾਲ ਤੋਲਿਆ ਨਹੀਂ ਜਾ ਸਕਦਾ ਅਤੇ ਕਥਨੀ ਕਰਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਕੋਈ ਕਥਨ ਕਰਨਾ ਸਿੱਖ ਲਵੇ, ਵੇਦ ਪਾਠੀ ਹੋਵੇ, ਖਟ ਸ਼ਾਸਤਰੀ ਪੰਡਤ ਹੋਵੇ, 18 ਪੁਰਾਣ ਪੜ੍ਹੇ ਹੋਣ, ਕਥਨੀ ਇਤਨੀ ਸੁੰਦਰ ਹੋਵੇ ਕਿ ਸਾਰਿਆਂ ਨੂੰ ਮੋਹਿਤ ਕਰ ਲਵੇ ਪਰ ਕਰਨੀ ਤੋਂ ਬਿਨਾਂ, ਕਮਾਈ ਤੋਂ ਬਿਨਾਂ ਉਹ ਪ੍ਰਮੇਸ਼ਰ ਪ੍ਰਾਪਤ ਨਹੀਂ ਹੁੰਦਾ।

**ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥**

ਜੋ ਸੰਤ, ਮਹਾਂਪੁਰਸ਼ ਪ੍ਰਭੂ ਦੇ ਨਾਮ ਦਾ ਵਾਪਾਰੀ=ਵਾਪਾਰ ਕਰਨ ਵਾਲੇ ਹਨ, ਉਨ੍ਹਾਂ ਨਾਲ ਜੋ ਵਣਜਾਰਿਆ=ਵਣਜ ਕਰਨ ਵਾਲੇ ਅਧਿਕਾਰੀ ਜਗਿਆਸੂ ਮਿਲੇ ਹਨ, ਇਹ ਸਾਰੇ ਪਰਮੇਸ਼ਰ ਦੇ ਦਰ ਤੋਂ ਵਜਹੁ=ਸਤਿਕਾਰ ਲਿਖਾ ਕੇ ਆਏ ਹਨ।

**ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥**

ਸੰਸਾਰ ਵਿਚ ਜੋ ਵਾਹਿਗੁਰੂ ਦੀ ਵਾ: ਸਤਿਗੁਰਾਂ ਦੀ ਰਜਾਇ=ਆਗਿਆ ਮੰਨ ਕੇ ਭਾਵ ਹੁਕਮ ਵਿਚ ਰਹਿ ਕੇ ਸੱਚੇ ਨਾਮ ਦੀ ਕਾਰ ਕਮਾਉਂਦੇ ਹਨ, ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਰੂਪ ਪੂਰਨ ਲਾਭ ਹੁੰਦਾ ਹੈ।

**ਪੂੰਜੀ ਸਾਚੀ ਗੁਰੁ ਮਿਲੈ**
**ਨਾ ਤਿਸੁ ਤਿਲੁ ਨ ਤਮਾਇ॥**

ਜਿਨ੍ਹਾਂ ਜਗਿਆਸੂਆਂ ਕੋਲ ਸ਼ਰਧਾ ਰੂਪ ਸੱਚੀ ਪੂੰਜੀ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਮਿਲ ਪੈਂਦੇ ਹਨ। ਸਤਿਗੁਰੂ ਸਾਹਿਬ ਜੀ ਦੇ ਅੰਦਰ ਤਿਲੁ=ਰਤਾ ਭਰ ਭੀ

ਤਿਸੁ=ਤ੍ਰਿਸ਼ਨਾ ਨਹੀਂ ਹੈ ਅਤੇ ਨਾ ਹੀ ਕੋਈ ਤਮਾਇ=ਇੱਛਾ ਹੈ ਵਾ: ਨਾ ਹੀ ਤਮੋ ਗੁਣ ਹੈ। ਗੁਰੂ ਸਾਹਿਬ ਜੀ ਤਮਾ ਤੇ ਲਾਲਚ ਤੋਂ ਰਹਿਤ ਹਨ ਵਾ: ਸਤਿਗੁਰਾਂ ਵਿਚ ਨਾ ਤਾਂ ਤਿਸੁ=ਤ੍ਰਿਸ਼ਨਾ ਹੈ ਅਤੇ ਨਾ ਹੀ ਤਿਲ ਮਾਤਰ ਅਗਿਆਨ ਰੂਪ (ਤਮ+ਆਇ) ਤਮ=ਹਨੇਰਾ ਆਇ=ਆਉਂਦਾ ਹੈ। ਸਤਿਗੁਰੂ ਜੀ ਇਨ੍ਹਾਂ ਸਾਰਿਆਂ ਤੋਂ ਰਹਿਤ ਹਨ।

**ਗੁਰਮੁਖਿ ਤੋਲਿ ਤੁੋਲਾਇਸੀ**
**ਸਚੁ ਤਰਾਜੀ ਤੋਲੁ॥**

ਮੁਖੀ ਸਤਿਗੁਰਾਂ ਦੁਆਰਾ ਗੁਰਸਿੱਖ ਪਿਆਰੇ ਸੱਚ ਦੀ ਭਗਤੀ ਰੂਪ ਤਰਾਜੀ=ਤੱਕਵੀ ਨਾਲ ਵੀਚਾਰ ਰੂਪ ਤੋਲਿ=ਵੱਟਾ ਪਾ ਕੇ ਸੱਚ ਨੂੰ ਤੋਲਦੇ ਹਨ ਅਤੇ ਹੋਰਨਾਂ ਤੋਂ ਤੁੋਲਾਇਸੀ=ਤੁਲਵਾਉਂਦੇ ਹਨ ਭਾਵ ਆਪ ਸਤਿਗੁਰਾਂ ਦੇ ਸ਼ਬਦ ਦੀ ਵੀਚਾਰ ਕਰਦੇ ਅਤੇ ਹੋਰਨਾਂ ਤੋਂ ਕਰਵਾਉਂਦੇ ਹਨ। ਆਪ ਨਾਮ ਜਪਦੇ ਤੇ ਹੋਰਨਾਂ ਤੋਂ ਜਪਾਉਂਦੇ ਹਨ।

**ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ॥**

ਸਤਿਗੁਰੂ ਮਹਾਰਾਜ ਜੀ ਨੇ ਸੱਚਾ ਬਚਨ ਬੋਲ ਕੇ ਭਾਵ ਸੱਚੇ ਸ਼ਬਦ ਦੁਆਰਾ ਸਿੱਖ ਦੇ ਹਿਰਦੇ ਵਿਚੋਂ ਪਦਾਰਥਾਂ ਦੀ ਆਸਾ ਅਤੇ ਵਿਸ਼ਿਆਂ ਦੀ ਮਨਸਾ=ਵਾਸ਼ਨਾ ਜੋ ਸਾਰਿਆਂ ਨੂੰ ਮੋਹਿਤ ਕਰਨ ਵਾਲੀ ਹੈ, ਇਹ ਠਾਕੀ=ਰੋਕ ਦਿਤੀ ਹੈ ਅਥਵਾ ਸਿੱਖ ਦੀ ਮਨਸਾ=ਬੁੱਧੀ ਵਿਚ ਜੋ ਸੰਸਾਰ ਨੂੰ ਮੋਹਣੀ=ਮੋਹਿਤ ਕਰਨ ਵਾਲੀ ਮਾਇਆ ਦੀ, ਪਦਾਰਥਾਂ ਦੀ ਵਾ: ਵਿਸ਼ਿਆਂ ਦੀ ਆਸਾ=ਇੱਛਾ ਸੀ, ਉਹ ਸਤਿਗੁਰਾਂ ਨੇ ਸੱਚੇ ਵਾਹਿਗੁਰੂ ਦੇ ਨਾਮ ਨੂੰ ਆਪ ਬੋਲ ਕੇ ਅਤੇ ਸਿੱਖ ਦੀ ਰਸਨਾ ਦੁਆਰਾ ਬੁਲਾ ਕੇ ਠਾਕੀ=ਰੋਕ ਦਿਤੀ ਹੈ।

**ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥੭॥**

ਆਪ ਹੀ ਗੁਰੂ ਰੂਪ ਹੋ ਕੇ ਤੁਲਾਏ=ਤੁਲਾਉਣ ਵਾਲਾ ਹੈ ਅਤੇ ਆਪ ਹੀ ਅਧਿਕਾਰੀ ਹੋ ਕੇ ਤਨ, ਮਨ, ਧਨ ਦੇ ਕੇ ਤੋਲਸੀ=ਤੋਲਣ ਵਾਲਾ ਹੈ। ਪੂਰੇ ਸਤਿਗੁਰਾਂ ਦਾ ਮਹਾਂਵਾਕ ਰੂਪ ਪੂਰਾ ਤੋਲਣ ਵਾਲਾ ਵੱਟਾ ਹੈ। ਜਦੋਂ ਸਿੱਖ ਦੇ ਹਿਰਦੇ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ ਤਾਂ ਫਿਰ ਕੋਈ ਵੀ ਘੱਟ ਨਹੀਂ ਕਹਿੰਦਾ, ਕਿਉਂਕਿ ਪੂਰੇ ਸਤਿਗੁਰਾਂ ਨੇ ਪੂਰੇ ਵੱਟੇ ਨਾਲ ਤੋਲ ਕੇ ਪੂਰਾ ਕੀਤਾ ਹੈ, ਫਿਰ ਉਹ ਪ੍ਰਭੂ ਰੂਪ ਬਣ ਜਾਂਦਾ ਹੈ।

**ਕਥਨੈ ਕਹਣਿ ਨ ਛੁਟੀਐ**
**ਨਾ ਪੜਿ ਪੁਸਤਕ ਭਾਰ॥**

ਕਥਨੈ ਕਹਣਿ ਨ ਛੁਟੀਐ, ਨਾ ਪੜਿ ਪੁਸਤਕ ਭਾਰ ਕਥਨੀਆਂ ਦੇ ਕਹਣਿ=ਆਖਣ ਨਾਲ ਆਸਾ, ਮਨਸਾ ਤੋਂ ਨ=ਨਹੀਂ ਛੁਟੀਐ=ਛੁਟੀਦਾ ਅਤੇ ਨਾ ਹੀ ਪੁਸਤਕਾਂ ਦੇ ਭਾਰ=ਸਮੁਦਾਇ ਪੜਿ=ਪੜ੍ਹਨੇ ਕਰਕੇ ਛੁਟੀਦਾ ਹੈ ਅਥਵਾ ਜੇਕਰ ਕੋਈ ਸੁੰਦਰ ਕਥਾ ਕਰਨੀ ਸਿੱਖ ਲਵੇ, ਆਪਣੇ ਆਪ ਨੂੰ ਵਿਦਵਾਨ ਸਮਝਣ ਲੱਗ ਜਾਵੇ, ਹੋਰਾਂ ਤੋਂ ਆਪਣੇ ਆਪ ਨੂੰ ਵੱਡਾ ਅਖਵਾਏ, ਬ੍ਰਹਮ ਗਿਆਨ ਦੀਆਂ ਵੀਚਾਰਾਂ ਲੋਕਾਂ ਨੂੰ ਦੱਸੇ, ਪਾਪ ਪੁੰਨ ਬਾਰੇ ਸਮਝਾਵੇ, ਪਰ ਕੇਵਲ ਕਥਾ ਦੇ ਕਹਿਣੇ ਕਰਕੇ ਛੁਟਕਾਰਾ ਨਹੀਂ ਹੋ ਸਕਦਾ ਭਾਵ ਜੰਮਣ ਮਰਣ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਨਾ ਹੀ ਪੁਸਤਕਾਂ ਦੇ ਭਾਰ ਭਾਵ ਬਹੁਤੀਆਂ ਪੁਸਤਕਾਂ ਪੜ੍ਹਨ ਨਾਲ ਛੁਟਕਾਰਾ ਹੋ ਸਕਦਾ ਹੈ ਅਥਵਾ ਜੇਕਰ ਕੋਈ ਕਥਨ ਕਰਨ ਵਾਲਾ ਹੋਣ ਕਰਕੇ ਕਥਾਵਾਂ ਨੂੰ ਕਹਿਣਾ ਕਰੇ ਅਤੇ ਹੰਕਾਰ ਕਰੇ ਕਿ ਮੈਂ ਬਹੁਤ ਸੁੰਦਰ ਕਥਾ ਕਰਦਾ ਹਾਂ, ਉਹ ਜੰਮਣ ਮਰਣ ਤੋਂ ਰਹਿਤ ਹੋ ਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਸ ਦੀ ਹਾਲਤ ਤਾਂ ਲੂਣ ਤੇਲ ਵੇਚਣ ਵਾਲੇ ਵਾਪਾਰੀ ਵਰਗੀ ਹੋ ਜਾਂਦੀ ਹੈ।

**ਕਾਇਆ ਸੋਚ ਨ ਪਾਈਐ**
**ਬਿਨੁ ਹਰਿ ਭਗਤਿ ਪਿਆਰ॥**

ਹਰਿ=ਪਰਮੇਸ਼ਰ ਦੀ ਪ੍ਰੇਮਾ ਭਗਤਿ=ਭਗਤੀ ਦੇ ਪਿਆਰ ਤੋਂ ਬਿਨੁ=ਬਗ਼ੈਰ, ਨਿਰਾ ਕਾਇਆ=ਸਰੀਰ ਨੂੰ ਸੋਚ=ਪਵਿੱਤਰ ਕਰਨ ਦੇ ਨਾਲ ਭਾਵ ਯੋਗਾ ਅਭਿਆਸ ਨੇਤੀ ਧੋਤੀ ਆਦਿ ਕਰਨ ਨਾਲ ਪ੍ਰਮੇਸ਼ਰ ਨੂੰ ਨ=ਨਹੀਂ ਪਾਈਐ=ਪਾਈਦਾ।

**ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ॥੮॥੯॥**

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਮਹਾਰਾਜ ਅਕਾਲ ਪੁਰਖ= ਆਪ ਜੀ ਦਾ ਨਾਮ ਸਾਨੂੰ ਕਦੇ ਵੀ ਨਾ ਵੀਸਰੈ=ਭੁੱਲੇ। ਇਸ ਪ੍ਰਕਾਰ ਜੋ ਬੇਨਤੀ ਕਰਦੇ ਹਨ, ਉਨ੍ਹਾਂ ਨੂੰ ਗੁਰੂ ਅਕਾਲ ਪੁਰਖ ਜੋ ਸਾਰਿਆਂ ਦਾ ਕਰਤਾ ਹੈ, ਆਪਣੇ ਨਾਮ ਨਾਲ ਮੇਲ ਲੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਸੱਚਖੰਡ ਵਿਚ ਜਾ ਕੇ ਗੁਰੂ ਧਾਰਿਆ ਹੈ। ਉਸੇ ਦਾ ਭਾਵ ਲੈ ਕੇ ਉਪਰੋਕਤ ਕਥਨ ਕਰਦੇ ਹਨ ਅਥਵਾ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਕ੍ਰਿਪਾ ਦੁਆਰਾ ਜਿਸ ਨੂੰ ਨਾਮ ਨਹੀਂ ਭੁੱਲਦਾ, ਉਸ ਨੂੰ ਸਤਿਗੁਰੂ ਜੀ ਅਕਾਲ ਪੁਰਖ ਨਾਲ ਮੇਲ ਦਿੰਦੇ ਹਨ।

*'ਚਲਦਾ.......।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-37)*

### ਗੁਰ ਸਿਖ

ਅੱਸੂ ਆਪਣੇ ਅੰਤ ਤੇ ਹੈ, ਪੰਜਾਬ ਦੇ ਦਰਯਾ ਲਹਿ ਗਏ ਹਨ, ਉਹ ਬਰਸਾਤ ਦੀਆਂ ਉਮਡਦੀਆਂ ਕਾਂਗਾਂ, ਜੋ ਮੀਲਾਂ ਤਕ ਉਛਾਲੇ ਲੈਂਦੀਆਂ ਸਨ, ਆਪਣੇ ਆਪ ਨੂੰ ਸਮਾਪਤ ਕਰ ਚੁੱਕੀਆਂ ਹਨ। ਜਿੱਥੇ ਨੇਜ਼ੇ-ਨੇਜ਼ੇ ਪਾਣੀ ਚੜ੍ਹਿਆ ਸੀ, ਉਥੇ ਮਾੜੀ-ਮਾੜੀ ਗਿੱਲ ਤੇ ਸੇਬਾ ਹੈ, ਪਿਲਛੀਆਂ, ਕਾਹਾਂ ਤੇ ਕਾਨਿਆਂ ਦੇ ਜੰਗਲਾਂ ਦੇ ਜੰਗਲ ਉੱਗੇ ਖੜ੍ਹੇ ਹਨ ਅਰ ਕਿਸੇ ਨੇ ਲਾਲ ਬੰਬਲ ਤੇ ਕਿਸੇ ਨੇ ਚਿੱਟੇ ਬੂਰ ਛੱਡੇ ਹੋਏ ਹਨ। ਦਰਿਆਵਾਂ ਦੀ ਦੁਵੱਲੀ ਕੁਦਰਤ ਦੇ ਇਹ ਆਪੇ ਬਾਗ਼ ਖਿੜ ਰਹੇ ਹਨ, ਵਿਚਕਾਰ ਨੀਵੀਆਂ ਪਾਣੀ ਦੀਆਂ ਰੌਆਂ ਉਮਰਾ ਢਲੀ ਦੀ ਗੰਭੀਰਤਾ ਵਾਲੇ ਵੇਗ ਵਾਂਗੂੰ ਵਹਿ ਰਹੀਆਂ ਹਨ। ਪਾਣੀ ਨੀਵੇਂ ਬੀ ਹੋ ਗਏ ਹਨ, ਪਰ ਨਾਲ ਹੀ ਠੰਢੇ ਬੀ ਹੋ ਗਏ ਹਨ। ਸੱਚਮੁੱਚ ਨਿੰਮ੍ਰਤਾ ਦੇ ਨਾਲ ਸੀਤਲਤਾ ਤੇ ਸੀਤਲਤਾ ਦੇ ਨਾਲ ਨਿਰਮਲਤਾ ਦਾ ਕੁਦਰਤੀ ਸੰਜੋਗ ਹੈ। ਜਿਥੇ ਤਿੰਨ ਓਥੇ ਇਲਾਹੀ ਸੁੰਦਰਤਾ ਆਪੇ ਝਲਕਾ ਮਾਰਦੀ ਹੈ।

ਐਹੋ ਜਿਹੇ ਕੁਦਰਤ ਦੇ ਫਬਾਏ ਦਰਿਆਵਾਂ ਪਰ ਜਿਸ ਵੇਲੇ ਚੜ੍ਹੇ ਕੱਤਕ ਦੀ ਸਰਦ ਚਾਨਣੀ ਪੈਂਦੀ ਹੈ ਤਾਂ ਅਚਰਜ ਸੁਆਦ ਬੱਝਦਾ ਹੈ। ਨਿਰਮਲ ਪਾਣੀਆਂ ਵਿਚ ਤਾਰਾ ਮੰਡਲ-ਸਮੇਤ ਚੰਦਰਮਾ ਦੇ, ਡਲ੍ਹਕਾ ਮਾਰਦਾ ਹੈ। ਲੰਮੇ ਪਏ ਦਰਿਆ ਨੇ ਨਿਰਮਲਤਾ ਦੇ ਜ਼ੋਰ ਧੁਰ ਆਕਾਸ਼ ਨੂੰ ਦੇਖੋ, ਆਪਣੇ ਵਿਚ ਲੈ ਆਂਦਾ ਹੈ। ਪਿਆ ਹੈ ਨੀਵਾਂ ਪਰ ਵਸਾ ਲਿਆ ਸੂ ਅਰਸ਼ਾਂ ਨੂੰ ਆਪਣੇ ਵਿਚ। ਕੀਕੂੰ ਸਾਰੇ ਆਕਾਸ਼ ਦੇ ਤਾਰੇ ਨੀਲ ਸਮੇਤ ਪਾਣੀ ਵਿਚ ਵਿਛੇ ਪਏ ਦੀਹਦੇ ਹਨ। ਰਾਤਾਂ ਅਡੋਲ ਤੇ ਚੁੱਪ ਚਾਂ, ਚਾਨਣੀਆਂ ਚਿੱਟੀਆਂ, ਪਾਣੀ ਚਿੱਟਾ ਦੁਆਲੇ ਚਿੱਟੇ ਬੂਰਾਂ ਵਾਲੇ ਕੁਕਹ ਤੇ ਕਾਹੂ ਫੁੱਲ ਰਹੇ ਹਨ। ਪੰਜਾਬ ਦੇ ਦਰਿਆ ਹਨ ਕਿ ਇਕ ਕੁਦਰਤੀ ਸੁਹਜ ਦੇ ਟੁਕੜੇ ਹਨ। ਕਿਤੇ ਕੰਡਿਆਂ ਤੇ ਖਿੜੇ ਹੋਏ ਬੇਲੇ ਹਨ, ਕਿਤੇ ਬਨ ਤੇ ਕਿਤੇ ਖੇਤੀਆਂ। ਖੇਤੀਆਂ ਵੱਸੋਂ ਵਾਲੇ ਪਿੰਡਾਂ ਵਿਚ ਸ਼ੋਭ ਰਹੀਆਂ ਹਨ, ਜਿਨ੍ਹਾਂ ਵਿਚ ਮਿੱਠੜੀ ਰੁੱਤ ਹੋਣ ਕਰਕੇ ਕਿੰਨੀ-ਕਿੰਨੀ ਰਾਤ ਗਈ ਤਕ ਸੌਂਚੀਆਂ ਤੇ ਕਬੱਡੀਆਂ ਆਦਿ ਖੇਡਾਂ ਹੁੰਦੀਆਂ ਹਨ। ਐਉਂ ਜਾਪਦਾ ਹੈ ਕਿ ਸਿੱਧੇ ਤੇ ਸਾਫ ਸੀਨਿਆਂ ਵਾਲੇ ਵਾਸੀ ਕੁਦਰਤੀ ਉਮਾਹ ਵਿਚ ਜੀਵਨ ਦੇ ਹੁਲਾਰੇ ਲੈ ਰਹੇ ਹਨ। ਤੜਕਸਾਰ ਸੁਆਣੀਆਂ ਤੇ ਪ੍ਰਭਾਣੀਆਂ ਦੇ ਘਰਾਂ ਤੋਂ ਰੇੜਕੇ ਦਾ ਸੰਗੀਤ ਆਰੰਭ ਹੋ ਜਾਂਦਾ ਹੈ। ਮਧਾਣੀ ਦੇ ਘੁਮਾਟਿਆਂ ਨਾਲ ਲੱਸੀਆਂ ਦਾ ਚਾਟੀਆਂ ਨਾਲ, ਟਕਰਾਉਣਾ ਕਿਹਾ ਮਿੱਠਾ ਤਾਰ ਬੰਨ੍ਹਦਾ ਹੈ। ਵਿਚ-ਵਿਚ ਕਿਸੇ ਦੇ ਘਰੋਂ ਲਗਾਤਾਰ ਘੂੰ-ਘੂੰ ਚਰਖੇ ਦੀ ਆਵਾਜ਼ ਤੇ ਕਿਸੇ ਤੋਂ ਚੱਕੀ ਦੀ ਸ਼ਾਂ-ਸ਼ਾਂ ਦੀ ਆਵਾਜ਼ ਨਾਲ ਅਜਬ ਸੁਰ ਬੰਨ੍ਹਦੀ ਹੈ। ਪਹੁ ਫੁਟਾਲੇ ਦੇ ਨਵੇਂ ਅਡੋਲ ਦਰਸ਼ਨ ਸਿੱਧੇ ਪੱਧਰੇ ਲੋਕਾਂ ਦੇ ਨਿਰਮਲ ਹਿਰਦਿਆਂ ਦੇ ਨਿਰਛਲ ਚਿਹਰੇ ਕਿਆ ਕੁਦਰਤ ਤੇ ਕੁਦਰਤ ਦੇ ਮੌਜੀਆਂ ਦਾ ਇਕ ਰੰਗ ਬਣਾ ਰਹੇ ਹਨ। ਪੰਜਾਬ ਪੰਜ ਪਾਣੀਆਂ ਦਾ ਦੇਸ਼ ਸੱਚਮੁੱਚ ਕਾਦਰ ਨੇ ਪਾਣੀਆਂ ਵਰਗਾ ਨਿਰਮਲ ਸਾਜਿਆ ਸੀ, ਇਸ ਦੇ ਦਰਿਆਵਾਂ ਦੇ ਕਿਨਾਰਿਆਂ ਦੀ ਸੁੰਦਰਤਾ ਨੇ ਸਦੀਆਂ ਬੱਧੀ ਵੇਦਕ ਰਿਖੀਆਂ ਨੂੰ ਮੋਹੀ ਰੱਖਿਆ। ਉਸ ਕੁਦਰਤੀ ਜੀਵਨ ਹੁਲਾਸ ਦੇ ਸਮੇਂ ਉਹਨਾਂ ਸਾਦਿਆਂ ਲੋਕਾਂ ਆਪਣੀਆਂ ਗਊਆਂ ਤੇ ਭੋਆਂ ਦੇ ਵਾਧਿਆਂ ਦੇ ਗੀਤ ਤੇ ਰਿਚਾਂ ਇਨ੍ਹਾਂ ਮਨਮੋਹਨ ਕੁਦਰਤੀ ਦਰਸ਼ਨਾਂ ਦੇ ਪ੍ਰਭਾਉ ਹੇਠ ਰਚੀਆਂ ਤੇ ਗਾਂਵੀਆਂ। ਉਹਨਾਂ ਦੇ ਸਾਦੇ ਦਿਲਾਂ ਪਰ ਸੂਰਜ, ਚੰਦ, ਵਾਯੂ, ਆਕਾਸ਼ ਬਿਜਲੀ ਊਸ਼ਾ ਦੇ ਚਮਕਾਰਾਂ ਨੇ ਆਪਣੇ ਤੇਜ ਤੇ ਬਲ ਨਾਲ ਉਹ ਸੰਗੀਤ ਪੈਦਾ ਕੀਤਾ ਕਿ ਸਦੀਆਂ ਬੱਧੀ ਉਹ ਕੁਦਰਤ ਦੇ ਆਸ਼ਕ, ਕੁਦਰਤ ਦੇ ਦ੍ਰਿਸ਼ਟਾ ਤੇ ਰਸੀਏ ਅਜੇ ਕਾਦਰ ਨੂੰ ਫਲਸਫਿਆਂ ਦੀਆਂ ਗੁੰਝਲਾਂ ਵਿਚ ਗਿਣਨੋਂ ਨਿਆਣੇਂ ਹਾਂ, ਸਦੀਆਂ ਬੱਧੀ ਸਾਮਨ ਗਾਉਂਦੇ ਤੇ ਰਾਗ ਅਲਾਪਦੇ ਰਹੇ। ਸਦੀਆਂ ਤੀਕ ਕੁਦਰਤ ਦੇ ਚਮਤਕਾਰਾਂ ਦੇ ਪ੍ਰੇਮੀਆ ਨੂੰ ਇਹ ਦਿਲ-ਖਿੱਚ ਨਕਸ਼ੇ ਸੰਗੀਤ ਦੇ ਸਾਜ਼ਾਂ ਦੀ ਤਰ੍ਹਾਂ ਅਲਾਪ ਵਿਚ ਲਿਆਈ ਰੱਖੇ ਰਹੇ ਤੇ ਇਹੋ ਕਾਵਯ, ਸੰਗੀਤ ਤੇ ਸਿਫਤ ਸਲਾਹ ਦੇ ਹੁਲਾਰੇ ਅੰਤ ਉਹਨਾਂ ਨੂੰ ਕੁਦਰਤੀ ਚਮਤਕਾਰਾਂ ਦੇ ਪਿੱਛੇ ਵਸਦੇ ਕਾਦਰ ਵਲ ਲੈ ਗਏ।

ਸਮੇਂ ਬਦਲੇ, ਪਰ ਪੰਜਾਬ ਦੇ ਇਹ ਕੁਦਰਤੀ ਨਕਸ਼ੇ ਨਾ ਬਦਲੇ ਅਰ ਸਾਦਗੀ ਦਾ ਪ੍ਰਭਾਉ ਨਾ ਘਟਿਆ। ਤਰ੍ਹਾਂ-ਤਰ੍ਹਾਂ ਦੇ ਜਰਵਾਣੇ ਦੇਸ਼ ਵਿਚ ਆਏ, ਰਸਮ, ਰਿਵਾਜ, ਵਤੀਰੇ, ਸੁਭਾਉ ਬਦਲੇ, ਪਰ ਪੰਜਾਬ ਦੇ ਦਰਿਆਵਾਂ ਦੇ ਸੁਆਦ ਅਜੇ ਬੀ ਉੱਕਰਾਂ ਹੀ ਹਨ। ਕੁਦਰਤ ਦੇ ਰਸੀਆਂ ਲਈ ਇਹ ਕਿਨਾਰੇ ਜੀਉਂਦੇ ਸੰਗੀਤ ਹਨ, ਜੀਉਂਦੇ ਛੰਦ ਤੇ ਰਾਗ ਹਨ। ਹਾਂ, ਕਾਦਰ ਦੀ ਸਿਫਤ ਸਲਾਹ ਦੇ ਸੰਗੀਤ ਹੁਣ ਗੁਰਸਿੱਖ ਸਿੱਧਾ ਵਾਹਿਗੁਰੂ ਦੀ ਹਜ਼ੂਰੀ ਵਿਚ ਹੋ ਕੇ ਇਹਨਾਂ ਹੀ ਦਰਿਆਵਾਂ ਦੇ

ਕੰਡਿਆਂ ਤੇ ਗਾਉਂਦਾ ਹੈ, ਕੁਦਰਤ ਤੋਂ ਹੁਲਾਰਾ ਲੈਂਦਾ ਹੈ ਤੇ ਕਾਦਰ ਵਿਚ ਛਾਲ ਮਾਰਦਾ ਹੈ। ਕਵਿਤਾ ਤੇ ਸੰਗੀਤ, ਕੀਰਤਨ ਤੇ ਸਿਫਤ ਸਲਾਹ ਪਰ ਸੱਭੋ ਕੁਛ ਕਾਦਰ ਦਾ ਸਮਝ ਕੇ ਸਿੱਧਾ ਹਜ਼ੂਰੀ ਵਿਚ ਵਾਸ ਰਖਦਾ ਹੈ ਪੰਜਾਬ ਦਾ ਗੁਰਸਿੱਖ।

ਵੇਈਂ ਦੇ ਲਾਗੇ ਸਤਿਗੁਰ ਨਾਨਕ ਦੇ ਜਗਾਏ ਗੁਰਸਿੱਖ ਅੱਜ ਕੁਦਰਤ ਦੀ ਰਚਨਾ ਦੇ ਵਿਚ ਦੇ ਨਦੀ, ਨੀਰ, ਚੰਦ, ਸੂਰਜ, ਪੰਛੀਆਂ ਦੇ ਚੁਹਕਦੇ ਹੁਲਾਸ ਨੂੰ ਤੱਕ ਰਹੇ ਤੇ ਧੰਨ ਗੁਰ ਨਾਨਕ ਕਹਿ ਰਹੇ ਹਨ ਤੇ ਅੰਝੂ ਭਰ-ਭਰ ਕੇ ਅਰਦਾਸ ਕਰ ਰਹੇ ਹਨ, ਹੇ ਦਾਤਾ! ਹੇ ਬਖਸਿੰਦ! ਕਦੇ ਤਾਂ ਫੇਰ ਆਪਣੇ ਚੰਦ ਮੁਖ ਦੇ ਦਰਸ਼ਨ ਦਿਖਾਓ।

## ਗੁਰ ਬੰਧਪ

ਹਿੰਦੁਸਤਾਨ ਵਲੋਂ ਆਈਏ ਤਾਂ ਪੰਜਾਬ ਦੇ ਪਹਿਲੇ ਦਰਿਯਾ ਸਤੱਦ੍ਰਵ ਯਾ ਸਤਲੁਜ ਦੇ ਰਮਣੀਕ ਕਿਨਾਰਿਆਂ ਨੂੰ ਸਾਡੇ ਸਤਿਗੁਰ ਨਾਨਕ ਨੇ ਆਪਣੇ ਦਸਮੇਂ ਜਾਮੇਂ ਭਾਗ ਲਾਇਆ। ਦੂਸਰੇ ਦਰਿਆ ਬਿਆਸ ਨੂੰ ਦੂਸਰੇ ਤੇ ਤੀਸਰੇ ਜਾਮੇਂ ਵਿਚ ਪਵਿੱਤਰ ਕੀਤਾ। ਪਰ ਇਨ੍ਹਾਂ ਸਮਿਆਂ ਤੋਂ ਪਹਿਲਾਂ ਹੀ ਬਿਆਸ ਦੇ ਪਾਰਲੇ ਕੰਢੇ ਨੇ ਸਤਿਗੁਰ ਨਾਨਕ ਦੇ ਨਿਜ ਚਰਨਾਂ ਕਮਲਾਂ ਦੇ ਮਕਰੰਦ ਦਾ ਸੁਆਦ ਚੱਖਿਆ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਦੇ ਸੱਚੇ ਪ੍ਰੇਮ ਦੇ ਸੰਗੀਤ ਸੁਣੇ ਸੇ।

ਪੰਜਾਬ ਦੇ ਸਾਰਿਆਂ ਦਰਿਆਵਾਂ ਤੋਂ ਨੀਵਾਂ, ਆਪਣੇ ਦੁਆਲਿਆਂ ਤੋਂ ਨੀਵਾਂ, ਇਹ ਬਿਆਸ, ਜਿਸ ਵਿਚੋਂ ਨਹਿਰ ਬੀ ਨਹੀਂ ਅੱਜ ਤੱਕ ਖਨ ਹੋਈ, ਇਸ ਨੀਵੇਂ ਦਰਿਆ ਤੋਂ ਪਾਰ, ਕਿਨਾਰੇ ਤੋਂ ਕੁਛ ਦੂਰ, ਸੁਲਤਾਨਪੁਰ ਹੈ। ਸੁਲਤਾਨਪੁਰ ਉਹ ਸੁਲਤਾਨ ਪੁਰ ਹੈ, ਜਿਥੇ ਸੱਚੇ ਸੁਲਤਾਨ ਗੁਰ ਨਾਨਕ ਨੇ ਹੱਟੀ ਪਾਈ ਤੇ ਜਿਥੇ ਗ੍ਰਿਹਸਥੀ ਬਣ ਕੇ 'ਪੁੰਨ ਦਾਨ ਕਾ ਸਰੀਰ' ਦੀ ਸੁਗੰਧੀ ਫੈਲਾਈ। ਸੱਚੇ ਸੁਲਤਾਨ ਨੇ ਏਥੋਂ ਹੀ ਗ੍ਰਿਹਸਥ ਤਿਆਗ ਕੇ ਸੰਸਾਰ ਉਧਾਰ ਨਮਿਤ ਉਦਾਸੀ ਲਈ ਸੀ।

ਅੱਜ ਦੇਖੋ ਸਵੇਰ ਦਾ ਵੇਲਾ ਹੈ, ਇਸ ਬਿਆਸ ਦੇ ਕਿਨਾਰੇ ਇਕ ਮਾਈ ਬੈਠੀ ਹੈ, ਨਦੀ ਦੇ ਤਰੰਗਾਂ ਨੂੰ ਤੱਕਦੀ-ਤੱਕਦੀ ਗੱਲੀਂ ਲਗ ਜਾਂਦੀ ਹੈ ਤੇ ਆਖਦੀ ਹੈ-ਵਾਹ-ਵਾਹ ਨਦੀਏ! ਤੇਰਾ ਜਿਗਰਾ ਕਿਹਾ ਇਕ ਰਸ ਰਹਿੰਦਾ ਹੈ, ਸਦੀਆਂ, ਜੁੱਗ ਬੀਤ ਗਏ ਤੂੰ ਉਸੇ ਰੁਖ ਵਹਿ ਰਹੀ ਹੈਂ। ਤੇਰੇ ਕਿਨਾਰੇ ਕਈ ਹੱਸੇ, ਕੋਈ ਰੋਏ, ਪਰ ਤੂੰ ਮੌਜਾਂ ਮਾਣਦੀ ਟੁਰ ਰਹੀ ਹੈਂ। ਦੇਖ ਮੈਂ ਸੁਹਾਗਵੰਤੀ ਹਾਂ, ਲੋਕੀਂ ਮੈਨੂੰ ਆਖਦੇ ਹਨ - ਤੂੰ ਭਾਗਾਂ ਵਾਲੀ ਹੈਂ, ਪਰ ਬਰਸਾਂ ਦੇ ਬਰਸ ਬੀਤ ਗਏ, ਮੈਨੂੰ ਸੁਹਾਗ ਦੇ ਦਰਸ਼ਨ ਤਕ ਨਹੀਂ ਹੋਏ। ਮੈਂ ਕੇਹੀ ਭਾਗਾਂ ਵਾਲੀ ਹਾਂ, ਜਿਸ ਨਾਲ ਕਦੇ ਸੁਹਾਗ ਨਾਂ ਦਿਲ ਦੀ ਲਈ ਤੇ ਨਾ ਦਿਤੀ। ਜੇ ਕਦੇ ਬੋਲੇ ਤਾਂ ਇਹ ਕਿ 'ਸੰਸਾਰ ਤੇ ਮਾਲ ਜਮਾਂ ਨਾ ਕਰ, ਏਹ ਛੱਡਣਾ ਪੈਂਦਾ ਹੈ, ਏਥੇ ਚੋਰ ਪੈਂਦੇ ਹਨ, ਸੰਚੇ ਦਾ ਤੌਖਲਾ ਖਾਂਦਾ ਹੈ, ਉਪਰਲਾ ਧਨ ਜੋੜ ਜੋ ਨਾਲ ਨਿਭੀ। ਇਹ ਮੇਰੇ ਸੁਹਾਗ ਦਾ ਮੇਰੇ ਨਾਲ ਹੱਸ ਬੋਲਣਾ ਤੇ ਰਲ ਬੈਠਣਾ ਹੈ। ਪਰ ਹੱਛਾ! ਤੋੜੇ ਦਰਸ਼ਨ ਤਾਂ ਹੁੰਦਾ ਸੀ, ਤਾਂਘ ਨਾਲ ਸੱਜਰੀ ਰੋਟੀ ਤਾਂ ਪਕਾ ਬੈਠਦੀ ਸਾਂ, ਹੁਣ ਤਾਂ ਏਸ ਹਾਲੋਂ ਬੀ ਗਈ। ਕਿੰਨੇ ਬਰਸ, ਬਾਰ੍ਹਾਂ ਕਿ ਵਧ ਘੱਟ? ਊਈ ਰੱਬਾ! ਜੁਗ ਬੀਤ ਗਿਆ। ਮੈਨੂੰ ਸਾਕ ਮੱਤਾਂ ਦੇਂਦੇ ਹਨ, ਤੇਰਾ ਪਤੀ ਵਿਚ ਪਿਆਰ ਨਹੀਂ, ਜੇ ਪਿਆਰ ਨਾ ਹੁੰਦਾ ਮੈਂ ਨਿਖੁੱਟੀ ਰੋ-ਰੋ ਕੇ ਫਾਵੀ ਕਿਉਂ ਹੋ ਜਾਂਦੀ? ਇਕ-ਇਕ ਦਿਨ ਜੁੱਗ-ਜੁੱਗ ਜੇਡਾ ਕਿਉਂ ਹੋ ਭਾਸਦਾ? ਮੇਰੇ ਕਾਲਜੇ ਨੂੰ ਖੋਹ ਕਾਸਨੂੰ ਪੈਂਦੀ? ਮੇਰੀਆਂ ਅੱਖਾਂ ਪਰਨਾਲੇ ਕਿਉਂ ਬਣ ਜਾਂਦੀਆਂ? ਮੈਨੂੰ ਜਿਸ ਦਿਨ ਦੇ ਸਿਰਤਾਜ ਜੀ ਪਰਦੇਸ ਸਿਧਾਏ, ਅੰਨ ਸੁਆਦ ਨਹੀਂ ਦੇਂਦਾ, ਪਾਣੀ ਠੰਢ ਨਹੀਂ ਪਾਉਂਦਾ। ਵਿਛੋੜੇ ਵੇਲੇ ਮੈਂ ਕਿੰਨਾ ਰੁਨੀ! ਮਿੰਨਤਾਂ ਕੀਤੀਆਂ ਹਾਵੇ ਲਏ, ਤਰਲੇ ਕੱਢੇ ਪਰ ਉਹਨਾਂ ਇਕੋ ਨਾਂਹ ਫੜੀ ਤੇ ਆਖਿਆ - ਅਸਾਂ ਆਪਣੇ ਮਾਲਕ ਦੀ ਨੌਕਰੀ ਜਾਣਾ ਹੈ ਤੇ ਤੇਰਾ ਉਥੇ ਕੰਮ ਨਹੀਂ। ਸੋ ਨੌਕਰੀਆਂ ਤੇ ਗਏ। ਨਿਤ ਦੇ ਮੁਹਿੰਮੀਏ ਬੀ ਬਾਰਾਂ ਵਰਿਹਾਂ ਵਿਚ ਸਤ-ਸਤ ਫੇਰੇ ਘਰੀਂ ਪਾ ਗਏ। ਖਬਰੇ ਕਿਸ ਡਾਢੇ ਮਾਲਕ ਦੀ ਨੌਕਰੀ ਹੈ ਜੋ ਮੇਰੇ ਕੰਤ ਨੂੰ ਕਦੇ ਭੀ ਛੁੱਟੀ ਨਹੀਂ ਲੱਭਦੀ। ਪਰ ਨਹੀਂ, ਮਾਲਕ ਦੇ ਕੀ ਵੱਸ? ਮੇਰੇ ਮਾਲਕ ਦੇ ਜੀ ਵਿਚ ਘਰ ਨਾਲ ਮੋਹ ਹੀ ਨਹੀਂ, ਉਹਨਾਂ ਨੂੰ ਪਹਿਲੇ ਦਿਨੋਂ ਹੀ ਘਰ ਦੀ ਭੂਮਣਾ ਨਹੀਂ ਪਈ (ਸਾਹ ਭਰ ਕੇ) ਕੋਈ ਕੀ ਕਰੇ, ਲਿਖੰਤਾਂ ਦੇ ਵਸ ਹੈ। ਮੈਂ ਸੁਹਾਗਣ ਬੀ, ਪੁਤ੍ਰਵੰਤੀ ਬੀ, ਫੇਰ ਵਿਛੋੜੇ ਦੇ ਸੱਲਾਂ ਤੇ ਚਿੰਤਾ ਦੇ ਮੂੰਹ ਦਿਨ ਤੇ ਰਾਤ ਆਈ ਰਹਿੰਦੀ ਹਾਂ। ਆਹ ਮੇਰੇ ਭਾਗ! ਮੈਨੂੰ ਰੋਣ ਨੂੰ ਥਾਂ ਨਹੀਂ। ਪੇਕੇ ਰਹਿੰਦੀ ਹਾਂ, ਓਥੇ ਰੋਵਾਂ ਤਾਂ ਮਾਪੇ ਝਿੜਕਦੇ ਹਨ, ਭਰਾਵਾਂ ਦਾ ਭਲਾ ਮੰਗ, ਪੁੱਤਰਾਂ ਦੀ ਸੁੱਖ ਮੰਗ। ਕਦੇ ਕਦਾਈਂ ਏਥੇ ਆਉਂਦੀ ਹਾਂ, ਜੇ ਏਥੇ ਘਰ ਰੋਵਾਂ ਤਾਂ ਨਿਨਾਣ ਪਿਆਰ ਝਿੜਕਾਂ ਦੇਂਦੀ ਏ-ਸੁਖੀਂ ਸਾਂਦੀ ਮੇਰੇ ਵੀਰ ਦਾ ਭਲਾ ਮੰਗ। ਪਰ ਮੇਰੇ ਅੰਦਰ ਕੋਈ ਵੜੇ ਤਾਂ ਪਤਾ ਲੱਗੇ ਕਿ ਓਥੇ ਕਿੰਨੀ ਕੁ ਉਦਾਸੀ ਵਸਦੀ ਹੈ। ਪੇਕੇ ਘਰ ਜਿੱਥੇ ਬਹਿ ਕੇ ਮੈਂ ਇਹ ਦਿਨ ਗੁਜ਼ਾਰੇ ਹਨ ਮਾਪੇ ਕਹਿੰਦੇ ਹਨ ਇਹ ਚੰਗੇ ਪੈਰੇ ਦੀ ਧੀ ਨਹੀਂ, ਜੋ ਸਭ ਕੁਛ ਹੁੰਦਿਆਂ ਸੁਖੀ ਨਹੀਂ ਹੋਈ। ਸੱਚ ਹੈ। ਆਹ ਨਦੀਏ! ਤੂੰ ਕਈ ਵੇਰ ਕਾਂਗਾਂ ਭਰ-ਭਰ ਆਈ, ਕਈ ਵੇਰ ਉਤਰੀ, ਮੈਂ ਨਿਮਾਣੀ ਵਰ੍ਹਿਆਂ ਬੱਧੀ ਨਿਮਾਣੀ ਦੀ ਨਿਮਾਣੀ ਰਹੀ।

ਕਹਿੰਦੇ ਹਨ, ਮੈਂ ਪਤੀ ਨਾਲ ਪਿਆਰ ਨਹੀਂ ਕੀਤਾ - ਨਿਖੁੱਟੀ ਦਾ ਵਾਲ-ਵਾਲ ਪਿਆਰ ਨਾਲ ਪ੍ਰੋਤਾ ਪਿਆ ਹੈ, ਹਾਂ, ਅਨੋਖੇ ਪੀਆ ਨੂੰ ਅਨੋਖੀ ਤਰ੍ਹਾਂ ਪਿਆਰ ਕਰਨ ਦੀ ਅਟਕਲ ਨਹੀਂ ਆਈ। ਮੈਂ ਉਸ ਦੇ ਅੰਦਰਲੇ ਤੋਂ ਅਨਜਾਣ ਕੀਹ ਜਾਣਾ? ਸੁਹਣੀ ਤਰ੍ਹਾਂ ਦੁਨੀਆਂ ਵਾਂਗੂੰ ਜੇ ਘਰ ਵਸਦੇ ਖੱਟ ਕਮਾ ਕੇ ਘਰ ਲਿਆਉਂਦੇ, ਟੱਬਰ ਦੇ

ਮੋਹ ਵਿਚ ਹੱਸਦੇ ਰਸਦੇ ਤਾਂ ਮੇਰੇ ਪਿਆਰ ਦੀ ਸ਼ਕਲ ਬੀ ਦੁਨੀਆਂ ਨੂੰ ਦਿਸਦੀ। ਪਰਿਵਾਰ ਬੀ ਸੁਖੀ ਹੁੰਦਾ, ਮੈਂ ਬੀ ਸੁਖੀ ਹੋ ਬੈਠਦੀ, ਮੇਰੇ ਪਿਆਰ ਦੀ ਕਦਰ ਬੀ ਪੈਂਦੀ। ਇਸ ਪਿਆਰ ਦੀ ਮੈਨੂੰ ਸਾਰ ਨਹੀਂ ਜਿਸ ਦੀ ਸਾਰ ਮੇਰੇ ਜੋਗੀ ਪੀਆ ਨੂੰ ਹੈ। ਜੋਗ ਦੀ ਸਾਰ ਮੈਂ ਕੀ ਜਾਣਾ?

ਹਾਂ ਬਿਆਸ! ਕਦੇ ਮੇਰੀ ਵੀ ਆਸ ਪੂਰੀ ਕਰ ਦੇਹ, ਤੇਰੇ ਤੇ ਘਿਉ ਦੇ ਦੀਵੇ ਤਾਰਾਂ, ਕਦੇ ਮੇਰੇ ਪਤੀ ਜੀ ਬੀ ਮੁਹਾੜਾਂ ਮੋੜਨ, ਕਦੇ ਘਰ ਪੈਰ ਪਾਉਣ, ਕਦੇ ਮੈਂ ਸੁਲੱਖੀ ਬੀ ਭਾਗ ਸੁਲੱਖਣੀ ਹੋਵਾਂ! ਇਉਂ ਕਹਿੰਦਿਆਂ ਦੇ ਨੈਣ ਛਮਾਛਮ ਭਰ ਆਏ, ਰੋਈ, ਕੋਲ ਕੋਈ ਹਟਕਣ ਵਰਜਣ ਵਾਲਾ ਸੀ ਹੀ ਨਹੀਂ, ਦਿਲ ਖੋਹਲਕੇ ਰੋਈ। ਏਸੇ ਕਰਕੇ ਅੱਜ ਘਰੋਂ ਦੂਰ ਨਿਕਲ ਆਈ ਹੈ ਤੇ ਉਜਾੜ ਵਿਚ ਆ ਬੈਠੀ ਹੈ, ਜੋ ਦਿਲ ਦਾ ਗੱਚ ਕੱਢ ਕੇ ਰੱਜ-ਰੱਜ ਕੇ ਰੋ ਲਵਾਂ। ਰੋਂਦੀ-ਰੋਂਦੀ ਦੇ ਨੈਣ ਮੁੰਦ ਗਏ, ਰੋਣ ਨੇ ਸੰਗੀਤ ਦੀ ਸ਼ਕਲ ਧਾਰ ਲਈ ਤੇ ਬਿਰਹੇ ਦੀ ਸੂਰਤ ਛਿੜ ਪਈ, ਓਹ ਭਾਵ ਜੋ ਉਸ ਵੇਲੇ ਨਿਕਲੇ ਅੱਗੇ ਲਿਖੇ ਗੀਤ ਤੋਂ ਕੁਝ ਸਹੀ ਹੁੰਦੇ ਹਨ -

ਨਾ ਜੀਵਾਂ, ਨਾ ਮੋਈ ਮੁੱਕੀ ਤਕ-ਤਕ ਰਾਹਾਂ ਥੱਕੀ। ਸੁਕ-ਸੁਕ ਨਦੀਆਂ ਥੱਲੇ ਗਈਆਂ, ਮੈਂ ਸਿੱਕ-ਸਿੱਕ ਮਰ-ਮਰ ਚੁੱਕੀ। ਬੱਧੀ ਆਸ ਮਿਲਣ ਦੀ ਹੁਣ ਤਕ ਰੋ-ਰੋ ਕੇ ਅੱਖ ਸੁੱਕੀ। ਆ ਸਾਂਈਆਂ! ਹੁਣ ਮੋੜ ਮੁਹਾਰਾਂ, ਬਖਸ਼ ਜੇ ਭੁੱਲ ਚੁੱਕੀ।

ਕੁਛ ਚਿਰ ਚੁੱਪ ਵਰਤ ਗਈ, ਫੇਰ ਇਕ ਹਾਹ ਨਿਕਲੀ ਤਾਂ ਇਹ ਭਾਵ ਪ੍ਰਗਟ ਹੋਏ -

*ਬਿਰਹੋਂ ਨੇ ਮਾਰੀਆਂ ਮੈਂ ਕਿਧਰੋਂ ਨ ਸਾਰ ਆਈ,*
*ਆ ਕੇ ਕਦੀ ਕਿਸੇ ਨਾ, ਕੰਨੀ ਬਲੇਲ ਪਾਈ।*
*ਮੂਰਖ ਅਜਾਣ ਭਾਰੀ, ਜਾਣਾ ਨ ਸਾਰ ਕੋਈ,*
*ਪ੍ਰੀਤਮ ਰਿਖਾ ਨ ਸੱਕੀ, ਲੀਤਾ ਜਨਮ ਅਜਾਈਂ।*
*ਔਗੁਣ ਭਰੀ ਨਿਮਾਣੀ, ਕੋਈ ਨ ਸਾਰ ਜਾਣਾਂ,*
*ਐਪਰ ਪਿਆਰ ਖਿੱਚੀ, ਰੋਂਦੀ ਸਦਾ ਰਹਾਈਂ।*
*ਪ੍ਰੇਮੀ ਜੁ ਪ੍ਰੇਮ ਕਰਦੇ, ਉਸ ਦੀ ਨ ਸਾਰ ਮੈਨੂੰ,*
*ਮੇਰਾ ਹੈ, ਕੰਮਤ ਮੇਰਾ ਜੀਅ ਮਾਣ ਏ ਧਰਾਈਂ।*
*ਦੁਨੀਆਂ ਨੂੰ ਤਾਰਿਆਂ ਤੈਂ ਤਰਸਾਂ ਤੇ ਰਹਿਮ ਵਾਲੇ!*
*ਤੜਫਾਂ ਦਿਨੇ ਤੇ ਰਾਤੀਂ, ਮੈਨੂੰ ਬੀ ਠੰਢ ਪਾਈਂ।*
*ਤਾਰਨ ਗਏ ਜਗਤ ਨੂੰ, ਡੁਬਦੇ ਬਚਾਏ ਕਿੰਨੇ,*
*ਡੁਬਦੀ ਮੈਂ ਮੋਹ ਤਰੰਗੀਂ, ਮੈਨੂੰ ਬੀ ਤਾਰ ਸਾਂਈਂ।*

## ਨਾਲੇ ਗੁਰ ਬੰਧਮ ਨਾਲੇ ਗੁਰਸਿਖ

'ਬੇਬੇ' ਆਹਾ ਕੇਡੇ ਪਿਆਰ ਦੇ ਦੋ ਅੱਖਰ ਹਨ। ਉਂਞ ਤਾਂ ਇਹ ਪਿਆਰ ਭਰੇ ਸਨ ਹੀ, ਪਰ ਪਿਆਰ ਪੁੰਨ ਗੁਰ ਨਾਨਕ ਨੇ ਏਹ ਦੋ ਅੱਖਰ ਉਸ ਪਿਆਰ ਭਰੀ ਆਤਮਾ ਵਾਸਤੇ ਵਰਤੇ ਸਨ, ਜਿਸ ਵਰਗਾ ਸੁਭਾਗ ਕੋਈ ਵਿਰਲਾ ਹੁੰਦਾ ਹੈ। ਇਸ ਨੇ ਆਪਣੇ ਦੈਵੀ ਵੀਰ ਦੇ ਬਉਰੇ ਰੰਗ ਵਿਚ ਉਸ ਦੇ ਅਸਲੀ ਸਰੂਪ ਲਖ ਲਏ ਸਨ। ਇਸ ਨੇ ਉਸ ਨੂੰ ਨਿਰੰਕਾਰ ਦੀ ਜੋਤਿ ਦਾ ਚਾਨਣ ਦਾਤਾ ਬਾਲਪਨੇ ਦੀਆਂ ਖੇਡਾਂ ਵਿਚ ਹੀ ਸਿਞਾਣ ਲਿਆ ਸੀ। ਜਿਸ ਵੇਲੇ ਵੀਹ ਰੁਪਏ ਦੇ ਨਾਲ ਅਭਿਆਗਤ ਪਾਲਣਾ ਕਰਨੇ ਪਰ ਪਿਤਾ ਜੀ ਉਸ ਪਾਰਬ੍ਰਹਮ ਦੇ ਨੂਰ ਨਾਲ ਭਰੇ ਚਿਹਰੇ ਅਰ ਅਰਸ਼ ਕੁਰਸ਼ ਦੇ ਰੰਗ ਨਾਲ ਨਾਲ ਭਖ-ਭਖ ਕਰਦੇ ਮੁਖੜੇ ਉਤੇ ਕ੍ਰੋਧ-ਦ੍ਰਿਸ਼ਟੀ ਪਾ ਰਹੇ ਸਨ ਤੇ ਸ੍ਰਿਸ਼ਟੀ ਦੇ ਪਦਾਰਥਾਂ ਦਾ ਮਾਲਕ ਹੁੱਤ ਕੀਤੇ ਬਿਨਾਂ ਝੱਲ ਰਿਹਾ ਸੀ, ਉਸ ਵੇਲੇ ਕਿਸੇ ਤੋਂ ਨਾ ਟਾਲਿਆ ਜਾਣ ਵਾਲਾ ਬਾਬੇ ਕਾਲੂ ਦਾ ਗੁੱਸਾ ਏਸੇ ਪਿਆਰ ਭੈਣ ਨੇ ਜਾ ਕੇ ਟਾਲ ਲਿਆ। ਇਸ ਦੈਵੀ ਮੂਰਤ ਨੇ ਜਾ ਕੇ ਪਿਤਾ ਤੇ ਵੀਰ ਦੇ ਵਿਚਕਾਰ ਹੋ ਕੇ ਗਲਵੱਕੜੀ ਪਾ ਕੇ ਆਖਿਆ - ਬਾਪੂ ਜੀ! ਮੇਰੇ ਵੱਲ ਤੱਕੋ, ਘੋਲ ਘੱਤੇ ਵੀਹ ਰੁਪਏ ਇਸ ਚੰਦ ਮੁਖ ਵੀਰ ਤੋਂ। ਇਸ ਪਿਆਰ ਦੇ ਸੋਮੇ ਨੂੰ ਗੁਰ ਨਾਨਕ ਨੇ ਬੇਬੇ ਕਹਿ ਕੇ ਸਾਰੀ ਉਮਰ ਯਾਦ ਕੀਤਾ। ਜਦ ਕਦ ਇਸ ਆਤਮਾ ਦੇ ਦਰਸ਼ਨ ਪਾਏ ਗੁਰ ਨਾਨਕ ਨੇ ਆਖਿਆ, ਬੇਬੇ! ਜਦ ਕਦੇ ਇਹਨਾਂ ਦੋ ਅੱਖਰਾਂ ਨਾਲ ਬੁਲਾਈ ਜਾਣੀ ਵਾਲੀ ਪਵਿੱਤਰ ਆਤਮਾ ਨੇ ਆਖਿਆ, ਵੀਰ ਜੀ ਦਰਸ਼ਨ ਤਾਂ ਵਲਿੱਖਾਂ ਚੀਰ ਕੇ ਗੁਰ ਨਾਨਕ ਆਇਆ ਤੇ ਆ ਆਖਿਆ, ਬੇਬੇ। ਅੱਜ ਦੇਖੋ ਉਹ ਬੇਬੇ ਯਾਦ ਕਰ ਰਹੀ ਹੈ ਤੇ ਗੁਰ ਨਾਨਕ ਆਖ ਰਹੇ ਹਨ -

ਮਰਦਾਨੇ ਸੋਂ ਗਿਰਾ ਅਲਾਈ -
*ਕਿਯੋ ਯਾਦ ਭਗਨੀ ਮੁਝ ਤਾਈਂ।*
*ਚਲ ਸੁਲਤਾਨ ਪੁਰੇ ਸੁਧਿ ਲੀਜੈ।*
*ਬੇਬੇ ਜੀ ਕੀ ਖੁਸ਼ੀ ਕਰੀਜੈ। (ਨਾ: ਪ੍ਰਕਾਸ਼)*

'ਬੇਬੇ' ਕੇਡਾ ਪਿਆਰ ਵਾਲਾ ਸ਼ਬਦ ਹੈ, ਜਿਸ ਦੀ ਖੁਸ਼ੀ ਲੈਣ ਲਈ ਗੁਰ ਨਾਨਕ ਜੀ ਟੁਰਦੇ ਹਨ।

ਉਧਰ ਦੇਖੋ ਬਿਆਸਾ ਤੋਂ ਪਾਰ ਸੁਲਤਾਨਪੁਰੇ ਵਿਚ ਆਪਣੇ ਘਰ ਬੈਠੀ ਬੇਬੇ ਵੀਰ ਜੀ ਨੂੰ ਯਾਦ ਕਰ ਰਹੀ ਹੈ, ਕੁਛ ਐਸ ਤਰ੍ਹਾਂ -

*ਹੇ ਵੀਰ ਤੇ ਹੇ ਗੁਰੂ ਜੀ! ਜੀਅ ਦਾਨ ਦੇਵਣਹਾਰ ਜੀ!*
*ਹੇ ਬਿਰਦ ਪਾਲਕ ਪ੍ਰਭੂ ਜੀ! ਭਵ ਸਿੰਧੁ ਤਾਰਨਹਾਰ ਜੀ!*
*ਕਈ ਜੁੱਗ, ਜਾਪਣ ਹੋ ਗਏ ਦਰਸ਼ਨ ਇਲਾਹੀ ਕੀਤਿਆਂ,*
*ਹੈ ਹੋਰ ਝਾਲ ਨ ਜਾਇ ਝੱਲੀ ਆ ਲਓ ਹੁਣ ਸਾਰ ਜੀ!*
*ਕਰੁਣਾ ਕਰੋ ਹੇ ਪ੍ਰਭੂ ਜੀ! ਕਰ ਮਿਹਰ ਆਓ ਵੀਰ ਜੀ!*
*ਨਿਜ ਬਿਰਦ ਪਾਲਣਹਾਰ ਜੀ! ਆਪੇ ਉਬਾਰਨਹਾਰ ਜੀ!*

ਇਸ ਰੰਗ ਵਿਚ ਬੇਬੇ ਨੇ ਪਤਾ ਨਹੀਂ ਕਿੰਨਾ ਕੁ ਵੈਰਾਗ ਕਰਨਾ ਸੀ ਕਿ ਸਿਰੀ ਚੰਦ ਜੀ ਭੱਜੇ-ਭੱਜੇ ਆ ਗਏ -

ਅੰਮੀ ਜੀ! ਅੱਜ ਮਾਤਾ ਜੀ ਸਵੇਰ ਦੇ ਦਰਿਆ ਰੁਖ ਗਏ ਹੁਣ ਤੋੜੀਂ ਘਰ ਨਹੀਂ ਮੁੜੇ, ਛਾਹ ਵੇਲਾ ਹੋ ਗਿਆ ਹੈ। ਇਹ ਸੁਣ ਕੇ ਬੇਬੇ ਤ੍ਰਬਕ ਉੱਠੀ, ਕਲੇਜੇ ਨੂੰ ਧੂਹ ਪਈ, ਫਿਰ ਇਕ ਦਾਸੀ ਤੇ ਇਕ ਨੌਕਰ ਨਾਲ ਲਿਆ ਅਰ ਸਿਰੀ ਚੰਦ ਜੀ ਸਮੇਤ ਦਰਿਆ ਰੁਖ ਹੋ

ਟੁਰੀ। ਜਦ ਚੋਖਾ ਪੈਂਡਾ ਕਰਕੇ ਇਧਰ-ਉਧਰ ਫਿਰ ਰਹੇ ਸਨ ਤਾਂ ਡਾਢੇ ਗੱਚ ਬੱਧੇ ਰੋਣ ਦੀ ਤੇ ਫਿਰ ਕੀਰਨੇ ਪਾਉਣ ਦੀ ਆਵਾਜ਼ ਆਈ ਜੋ ਇਸ ਪ੍ਰਕਾਰ ਦੇ ਸੀ -

*ਤੇਰੇ ਹਾਂ ਜੋਗ ਨਾਹੀਂ ਤੇਰੀ ਸਦਾਂਵਦੀ ਹਾਂ,*
*ਲਾਈ ਜਿ ਆਪ ਲੜ ਸੀ, ਲਾਈ ਦੀ ਪਾਲ ਸਾਂਈਂ!*
*ਸ਼ਰਮਾਂ ਨਿਬਾਹ ਦੇ ਸਾਂਈਆਂ! ਲੱਗੀਆਂ ਨੂੰ ਤੋੜ ਚਾੜ੍ਹੀਂ,*
*ਚਰਨੀ ਲਗਾ ਕੇ ਆਂਦੀ ਦਾਸੀ ਨੂੰ ਪਾਰ ਲਾਈਂ।*
*ਔਗੁਣ ਨ ਵੇਖ ਮੇਰੇ ਦੇਖੀਂ ਗੁਣ ਆਪਣੇ ਤੂੰ,*
*ਅਪਨੀ ਜਿ ਆਪ ਕੀਤੀ, ਆਪੇ ਦਈਂ ਨਿਭਾਈ!*
*ਨਿਮਾਣੇ ਜੁ ਮਾਣ ਲੀਤੇ, ਕੀਤੇ ਜੁ ਆਪਣੇ ਤੈਂ,*
*ਅਪਣੱਤ ਦੀ ਤੂੰ ਲੱਜਯਾ ਆਪੇ ਹੀ ਪਾਲ ਸਾਂਈਂ!*
*ਆਵੀਂ ਹੇ ਕੰਤ ਪਿਆਰੇ! ਆਵੀਂ ਸਿਰੇ ਦੇ ਮਾਲਕ!*
*ਦੇਵੀਂ ਦਿਦਾਰ ਆਪੇ, ਆਪੇ ਹੀ ਪਾਰ ਲਾਈਂ!*

ਇਸ ਕੀਰਨੇ ਨੂੰ ਬੇਬੇ ਨੇ ਸੁਣਿਆਂ! ਆਹ! ਜਗਤ ਗੁਰੂ ਨਾਨਕ ਦੀ ਇਸਤ੍ਰੀ 'ਸੁਲੱਖਣੀ' ਵਿਲਕ ਰਹੀ ਹੈ! ਭਾਵੇਂ ਪਤੀ ਦੇ ਦੈਵੀ ਸਰੂਪ ਨੂੰ ਨਹੀਂ ਸਿਆਣਦੀ, ਪਰ ਪਤੀ-ਪ੍ਰੇਮ ਦਾ ਬਿਰਹਾ ਕਿਤਨਾ ਡੂੰਘਾ ਹੈ। ਪਤੀ ਨੂੰ ਗੁਰੂ ਨਹੀਂ ਜਾਣਦੀ ਪਰ ਪਤੀ ਨੂੰ ਪਿਆਰਾ ਪਤੀ ਕਰਕੇ ਪਿਆਰਦੀ ਤੇ ਵਿਲਕਦੀ ਹੈ। ਬਰਸਾਂ ਹੀ ਜਿਸ ਵਿਲਕਦੀ ਦੇ ਪਿਆਰੇ ਨੂੰ ਵਿਛੁੜਿਆਂ ਬੀਤ ਗਏ ਤੇ ਸੋ ਤਕ ਨਾ ਆਈ, ਉਹ ਬਿਰਹਣੀ ਦੇ ਦੁਖ ਨੂੰ ਉਹ ਆਪ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਦੀਆਂ ਵੀਚਾਰਾਂ ਕਰਦੀ ਬੇਬੇ ਅੱਗੇ ਵਧੀ, ਜਾ ਕੇ ਭਾਬੀ ਨੂੰ ਗਲਵੱਕੜੀ ਪਾ ਲਈ, ਨੈਣ ਪੂੰਝੇ ਤੇ ਕਿਹਾ, ਪਿਆਰੀ ਭਾਬੀ ਰੋ ਨਹੀਂ!

ਸੁਲੱਖਣ - ਬੇਬੇ! ਰੋਵਾਂ ਨਹੀਂ, ਤਾਂ ਦੱਸ ਹੋਰ ਕਰਾਂ ਕੀਹ? ਮੇਰੇ ਜੀਉਣ ਦਾ ਕੋਈ ਹੱਜ ਹੈ?

*ਡਿਠਿਆਂ ਬਾਝੋਂ ਕੰਤ ਦੇ, ਜੀਵਨ ਦਾ ਕੀ ਹੱਜ।*
*ਕਦੇ ਨ ਸੁਖ ਕਰ ਬੈਠੀਆਂ, ਦਰਸ ਨ ਪਾਇਆ ਰੱਜ।*
*ਦੋਸ਼ ਕੀ ਦੇਵਾਂ ਕਿਸੇ ਨੂੰ ਮੈਨੂੰ ਨਾਂਹੀ ਚੱਜ।*
*ਚੱਜ ਵਿਹੂਣੇ ਰੋਂਵਦੇ, ਰੋਵਨ ਬੁੱਕੀਂ ਛੱਜ।*

ਇਹ ਸੁਣ ਕੇ ਬੇਬੇ ਦੀਆ ਆਪਣੀਆਂ ਅੱਖਾਂ ਭਰ ਆਈਆਂ, ਪਰ ਸੰਭਲ ਕੇ ਬੋਲੀ - ਹੁਣ ਆਉਂਦੇ ਹਨ। ਭਾਬੀ ਜੀ! ਉਹਨਾਂ ਦਾ ਬਿਰਦ ਹੈ, ਹੁਣ ਆਉਣਗੇ, ਜੇਰਾ ਕਰ।

ਸੁਲੱਖਣੀ - ਜੇਰਾ ਕੀ ਕਰਾਂ! ਮੇਰਾ ਕੀ ਹੈ, ਮੇਰਾ ਕੀ ਬਣਿਆਂ?

ਬੇਬੇ -ਤੇਰਾ ਮਾਲਕ ਸਾਂਈਂ ਦੀ ਜੋਤਿ ਹੈ ਤੇ ਤੇਰਾ ਲੋਕ ਪ੍ਰਲੋਕ ਬਣਿਆਂ।

ਸੁਲੱਖਣੀ - ਰੋਂਦੀ ਦੇ ਦੀਦੇ ਖਾਲੀ ਹੋ ਗਏ, ਉਡੀਕਾਂ ਕਰਦੀ ਦਾ ਸਿਰ ਸੱਖਣਾ ਹੋ ਗਿਆ, ਸੁਹਾਗ ਪਾ ਕੇ ਇਕ ਦਿਨ ਨਾ ਸੁਹਾਗ ਦਾ ਸੁਆਦ ਡਿੱਠਾ, ਜਿਸ ਦਿਨ ਦੀ ਸੁਹਾਗ ਮਹਿੰਦੀ ਹੱਥ ਲਾਈ ਰੱਤ ਰੋਂਦੀ ਨੂੰ ਆਹ ਦਿਨ ਆ ਗਏ।

ਬੇਬੇ - ਭਾਬੀ! ਦੁਖ ਨਾ ਕਰ, ਤੂੰ ਸੱਚਮੁੱਚ ਸੁਲੱਖਣੀ ਹੈਂ, ਧੰਨ ਤੇਰੇ ਭਾਗ ਹਨ। ਜੇ ਤੂੰ ਇਕੋ ਗੱਲ ਕਰ ਲਵੇਂ ਤਾਂ ਤੇਰੇ ਜੇਹਾ ਉੱਚਾ ਕੋਈ ਦੇਹਧਾਰੀ ਹੋਰ ਹੋ ਨਹੀਂ ਸਕਦਾ। ਪਤੀ ਵਿਚ ਪਰਮੇਸ਼ਰ ਨੂੰ ਦੇਖ। ਪਤੀਪਨੇ ਦੇ ਮਾਣ ਦਾਵੇ ਨੂੰ ਛੱਡ, ਸੰਸਾਰ ਦੇ ਮੋਹ ਪਿਆਰ ਨੂੰ ਨਾ ਵੇਖ। ਉਹ ਤਾਂ ਜੋਤਿ ਹੈ, ਤੂੰ ਜੋਤਿ ਦੇ ਦਰਸ਼ਨ ਪਾ, ਜੋ ਤੇਰਾ ਸੁਹਾਗ ਤੈਨੂੰ ਥਿਰ ਸੁਹਾਗ ਦਿੱਸੇ। ਤੇਰਾ ਪਤੀ ਜੀਵ ਨਹੀਂ, ਪਰਮੇਸ਼ਰ ਹੈ, ਜਗਤ ਤਾਰਨ ਆਇਆ ਹੈ, ਸੰਸਾਰ ਦਾ ਉਧਾਰ ਕਰ ਰਿਹਾ ਹੈ। ਦੇਖ ਤਾਂ ਪ੍ਰਿਥਵੀ ਕਿਸ ਤਰ੍ਹਾਂ ਵਿਲਕ ਰਹੀ ਹੈ, ਉਸ ਨੂੰ ਠੰਢ ਪਾ ਰਿਹਾ ਹੈ। ਤੂੰ ਜੋ ਸੀਹੜਾ ਕੱਟ ਰਹੀ ਹੈਂ ਸੰਸਾਰ ਉਤੇ ਪਰਉਪਕਾਰ ਹੋ ਰਿਹਾ ਹੈ, ਤੈਨੂੰ ਭਗਵੰਤ ਇਸ ਦਾ ਫਲ ਦੇਵੇਗਾ। ਹਾਂ ਤੈਨੂੰ ਸਾਂਈਂ ਦੇ ਦਰੋਂ ਸੀਹੜੇ ਦਾ ਫਲ ਜ਼ਰੂਰ ਮਿਲੇਗਾ, ਤੂੰ ਭਾਗਾਂ ਵਾਲੀ ਹੋਵੇਂਗੀ। ਏਹ ਤੇਰੇ ਕੀਰਨੇ ਸੰਸਾਰ ਦੇ ਕੀਰਨੇ ਮੇਟ ਰਹੇ ਹਨ, ਤੇਰੇ ਬਿਰਹੋਂ ਤੋਂ ਸੰਸਾਰ ਦਾ ਬਿਰਹਾ ਕਟੀਜ ਰਿਹਾ ਹੈ। ਪਿਆਰੀ ਭੈਣ! ਹੀਰੇ ਨੂੰ ਹੀਰਾ ਵਿੰਨ੍ਹ ਰਿਹਾ ਹੈ, ਤੇਰੇ ਦੁਖ ਸੰਸਾਰ ਦਾ ਦੁਖ ਦੂਰ ਕਰ ਰਹੇ ਹਨ।

ਸੁਲੱਖਣੀ - ਬੇਬੇ! ਈਹਾ ਗੱਲ ਮੇਰੇ ਮਨ ਨਾ ਲੱਗੀ, ਪਰ ਨਾ ਲੱਗੀ। ਤੁਸੀਂ ਆਖਦੇ ਸੱਚ ਹੋ ਪਰ ਮੈਂ ਕੁੰਢ ਦੇ ਹੀ ਬੀ ਲੱਗੇ?

ਬੇਬੇ - ਇਕ ਵੇਰ ਵੀਰ ਜੀ ਨੇ ਤੁਸਾਨੂੰ ਪਾਰਬ੍ਰਹਮ ਦੇ ਕੌਤਕਾਂ ਦਾ ਦਰਸ਼ਨ ਬੀ ਕਰਾਇਆ ਸੀ ਤੇ ਪ੍ਰਿਥਵੀ ਦਾ ਸੰਤਾਪ ਪ੍ਰਤੱਖ ਦਿਖਾਇਆ ਸੀ। ਫੇਰ ਦੱਸਿਆ ਸੀ ਕਿ ਅਸਾਂ ਪਿਆਰੇ ਵਾਹਿਗੁਰੂ ਦਾ ਇਹ ਕੰਮ ਕਰਨਾ ਹੈ।

ਸੁਲੱਖਣੀ - ਸੱਚ ਹੈ, ਬੇਬੇ! ਪਰ ਮੇਰੇ ਮਨ ਉਤੇ ਖਬਰੇ ਕੇਹੀ ਮਾਇਆ ਪਈ ਹੋਈ ਹੈ, ਮੈਨੂੰ ਇਹ ਗੱਲ ਬਰੇ ਨਹੀਂ ਬੱਝਦੀ। ਇਕੋ ਹਉਕਾ ਖਾਈ ਜਾਂਦਾ ਹੈ, ਜੋ ਮੇਰਾ ਪਤੀ ਮੇਰੇ ਪਾਸ ਕਿਉਂ ਨਹੀਂ ਰਹਿੰਦਾ, ਅਰ ਸਾਡਾ ਘਰ ਇਕ ਗ੍ਰਹਿਸਤੀਆਂ ਵਾਂਗੂੰ ਵਸਦਾ ਘਰ ਕਿਉਂ ਨਹੀਂ ਬਣਦਾ।

ਬੇਬੇ - ਆ ਭਾਬੀ ਘਰ ਚੱਲੀਏ, ਹੁਣ ਬਹੂੰ ਦਿਨ ਆ ਗਿਆ ਹੈ।

ਸੁਲੱਖਣੀ - ਮੇਰਾ ਜੀ ਕਰਦਾ ਹੈ ਕਿ ਇਥੇ ਬੈਠੀ ਰਹਾਂ ਤੇ ਰੋਂਦੀ ਰਹਾਂ ਬੱਸ!

ਬੇਬੇ ਨੇ ਬਹੁਤ ਪਿਆਰ ਦਿਤਾ ਤੇ ਚਿਰ ਮਗਰੋਂ ਠੰਢਿਆਂ ਕਰਕੇ ਘਰ ਲੈ ਆਂਦਾ।

*'ਚਲਦਾ......................।'*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

## 11. ਮਾਤਾ ਗੁਜਰ ਕੌਰ ਜੀ

ਸੇਵਾ, ਸਿਮਰਨ, ਦਯਾ, ਧਰਮ, ਖਿਮਾ, ਸਤ, ਸੰਤੋਖ, ਧੀਰਜ, ਤਿਆਗ ਦੇ ਮੁਜੱਸਮੇ ਤੇ ਸਹਿਜ ਵਿਚ ਵਿਚਰਨ ਵਾਲੇ, ਖਾਲਸੇ ਦੀ ਆਨ-ਸ਼ਾਨ ਨੂੰ ਜਿੰਦ-ਜਾਨ ਤੋਂ ਵੱਧ ਸਮਝ ਕੇ ਆਪਾ ਵਾਰਨ ਵਾਲੇ, ਸਿੱਖੀ ਦੇ ਮਹਾਨ ਸੰਘਰਸ਼ ਵਿਚ ਅਡੋਲ ਰਹਿ ਕੇ ਜੂਝਨ ਵਾਲੇ ਅਮਰ ਸ਼ਹੀਦ, ਧੰਨ-ਧੰਨ ਜਗਤ ਮਾਤਾ ਗੁਜਰ ਕੌਰ ਜੀ ਦਾ ਜਨਮ, ਨਗਰ ਕਰਤਾਰਪੁਰ ਦੇ ਵਾਸੀ, ਗੁਰੂ ਘਰ ਦੇ ਅਨਿੰਨ ਕਿਰਤੀ ਸਿੱਖ, ਭਾਈ ਲਾਲ ਚੰਦ ਦੇ ਗ੍ਰਿਹ ਵਿਖੇ, ਮਾਤਾ ਬਿਸ਼ਨ ਕੌਰ ਜੀ ਦੀ ਕੁੱਖ ਤੋਂ, ਸੰਨ 1619 ਵਿਚ ਹੋਇਆ। ਆਪ ਜੀ ਨੇ ਆਪਣੇ ਮਾਤਾ ਪਿਤਾ ਜੀ ਦਾ ਗੁਰੂ ਘਰ ਪ੍ਰਤੀ ਸਤਿਕਾਰ ਤੇ ਸ਼ਰਧਾ ਤੇ ਲਗਾਓ ਕਾਰਨ ਸਹਿਜ ਨਾਲ ਹੀ ਅਪਣੇ ਆਪ ਨੂੰ ਗੁਰੂ ਪਿਆਰ ਵਿਚ ਰੰਗ ਲਿਆ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਨਾ, ਗੁਰਬਾਣੀ ਦਾ ਪਾਠ ਕਰਨਾ, ਸੁੱਚ-ਸੰਜਮ ਨਾਲ ਚੁਲ੍ਹੇ-ਚੌਂਕੇ ਰਸੋਈ ਤਿਆਰ ਕਰਨੀ, ਘਰ ਦੀ ਸਫਾਈ ਤੇ ਬਸਤ੍ਰਾਂ ਦੀ ਸਫਾਈ ਦਾ ਸਾਰਾ ਖਿਆਲ ਰੱਖਿਆ ਕਰਦੇ ਸਨ। ਆਪ ਜੀ ਬੜੇ ਭਗਤੀ ਭਾਵ ਵਾਲੇ, ਮਿੱਠ ਬੋਲੜੇ ਤੇ ਸੇਵਾ-ਆਉ ਭਗਤ ਵਿਚ ਪ੍ਰਬੀਨ ਸਨ। ਘਰ ਵਿਚ ਆਏ ਗੁਰਸਿੱਖਾਂ ਦੇ ਲਈ ਲੰਗਰ ਆਦਿ ਤਿਆਰ ਕਰਨ ਤੇ ਛਕਾਉਣ ਦੀ ਸੇਵਾ ਬੜੇ ਚਾਅ ਨਾਲ ਕਰਿਆ ਕਰਦੇ ਸਨ। ਜਦੋਂ ਵਰ ਲਾਇਕ ਹੋਏ ਤਾਂ ਕੁਦਰਤੀ ਤੌਰ ਤੇ ਮਾਤਾ ਪਿਤਾ ਨੂੰ ਧੀ ਵਾਸਤੇ ਯੋਗ ਵਰ ਲੱਭਣ ਦਾ ਫਿਕਰ ਹੁੰਦਾ ਹੈ। ਜਦੋਂ ਆਪ ਜੀ ਮਾਤਾ-ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸੂਰਜ ਮੱਲ ਦੀ ਸ਼ਾਦੀ ਵਿਚ ਗਏ ਜਦ ਕਿ ਜੰਞ ਕਰਤਾਰਪੁਰ ਹੀ ਢੁੱਕੀ ਸੀ। ਉਥੇ ਆਪ ਦੀ ਨਜ਼ਰ ਸ੍ਰੀ ਤਿਆਗ ਮੱਲ (ਗੁਰੂ ਤੇਗ ਬਹਾਦਰ ਜੀ) ਤੇ ਪਈ ਤਾਂ ਮਨ ਨੂੰ ਭਾ ਗਏ। ਕਹਿੰਦੇ ਇਸ ਤੋਂ ਚੰਗਾ ਵਰ ਹੋਰ ਕਿਹੜਾ ਹੋ ਸਕਦਾ ਹੈ? ਉਨ੍ਹਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਤੇ ਕ੍ਰਿਪਾਲੂ ਸਤਿਗੁਰੂ ਜੀ ਨੇ ਪ੍ਰਵਾਨਗੀ ਦੇ ਕੇ ਸਗਾਈ ਪੱਕੀ ਕਰ ਦਿਤੀ। ਇਸ ਤਰ੍ਹਾਂ ਕੁਝ ਸਮਾਂ ਬੀਤਣ ਤੋਂ ਬਾਦ ਪਿਤਾ ਲਾਲ ਚੰਦ ਤੇ ਮਾਤਾ ਬਿਸ਼ਨ ਕੌਰ ਜੀ ਨੇ ਸਲਾਹ ਕਰਕੇ ਗੁਰੂ ਜੀ ਨੂੰ ਪੱਤ੍ਰਿਕਾ ਭੇਜੀ ਤੇ 1632 ਈਸਵੀ ਨੂੰ ਬੇਟੀ ਗੁਜਰੀ ਜੀ ਦੀ ਸ਼ਾਦੀ ਦਾ ਦਿਨ ਨੀਯਤ ਕਰ ਦਿਤਾ।

*ਪਿਖਿ ਲਾਲਚੰਦ ਮਨ ਆਨੀ।*
*ਨਿਜ ਦਾਰਾ ਸੰਗਿ ਬਖਾਨੀ।*
*ਨਿਜ ਤਨੁਜਾ ਗੁਜਰੀ ਕੇਰਾ।*
*ਹੈ ਬਯਾਹਿਨ ਸਮਾ ਅਛੇਰਾ।*
*ਕਰਿ ਦੀਜੈ ਉਰ ਅਭਿਲਾਖਾ।*
*ਸੁਨਿ ਬਿਸ਼ਨੁ ਕੁਇਰ ਬਚ ਭਾਖਾ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਜਿਸ ਵੇਲੇ ਡੋਲੀ ਤੋਰਨ ਦਾ ਸਮਾਂ ਆਇਆ ਤਾਂ ਲਾਲ ਚੰਦ ਜੀ ਤੇ ਮਾਤਾ ਬਿਸ਼ਨ ਕੌਰ ਜੀ, ਦੋਵੇਂ ਹੱਥ ਜੋੜ ਕੇ ਸੱਚੇ ਪਾਤਸ਼ਾਹ ਜੀ ਨੂੰ ਬੇਨਤੀ ਕਰਨ ਲੱਗੇ, ਸੱਚੇ ਪਾਤਸ਼ਾਹ! ਅਸੀਂ ਦਾਜ ਵੀ ਦੇਣ ਜੋਗੇ ਨਹੀਂ, ਪੂਰੀ ਆਉਭਗਤ ਵੀ ਨਹੀਂ ਕਰ ਸਕੇ, ਜੋ ਹੋ ਸਕਿਆ ਗਰੀਬੀ ਦਾਵੇ ਹੈ। ਕੇਵਲ ਬੇਟੀ ਹੀ ਆਪ ਜੀ ਦੀ ਸੇਵਾ ਵਿਚ ਭੇਟ ਕੀਤੀ ਹੈ, ਕਿਰਪਾ ਕਰਕੇ ਪਰਵਾਨ ਕਰਨਾ ਜੀ।

*ਧਰਿ ਯਥਾ ਸ਼ਕਤਿ ਕਰ ਜੋਰੇ।*
*ਨਹਿਂ ਸਰਯੋ ਢਿਗ ਮੋਰੇ।*
*ਇਕ ਤਨੁਜਾ ਮੈਂ ਹਿਤ ਸੇਵਾ।*
*ਅਰਪੰਨ ਕੀਨਿ ਗੁਰ ਦੇਵਾ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਲਾਲ ਚੰਦ ਜੀ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਧੰਨਵਾਦ ਕੀਤਾ ਕਿਉਂਕਿ ਉਸ ਨੇ ਆਪਣੀ ਬੇਟੀ ਝੋਲੀ ਪਾਈ ਸੀ। ਸਤਿਗੁਰੂ ਜੀ ਨੇ ਬਚਨ ਕੀਤੇ ਕਿ ਲਾਲ ਚੰਦ ਜੀ! ਤੁਸੀਂ ਬੇਟੀ ਅਰਪਨ ਕਰਕੇ ਬਾਕੀ ਕੁਝ ਵੀ ਬਚਾ ਕੇ ਨਹੀਂ ਰੱਖਿਆ, ਸਭ ਕੁਝ ਭੇਟ ਕਰ ਦਿਤਾ ਹੈ -

*ਸੁਨਿ ਸਤਿਗੁਰ ਭਏ ਕ੍ਰਿਪਾਲਾ।*
*ਤੁਮ ਦੀਨੋ ਸਕਲ ਬਿਸਾਲਾ।*
*ਜਿਨਿ ਤਨੁਜਾ ਅਰਪਨ ਕੀਨੰ।*
*ਕਯਾ ਪਾਛੇ ਤਿਨ ਰਖਿ ਲੀਨੰ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰੂ ਜੀ ਦੇ ਐਸੇ ਪਿਆਰੇ ਬਚਨ ਸੁਣ ਕੇ ਲਾਲ ਚੰਦ ਜੀ ਦੇ ਨੇਤਰ ਭਰ ਆਏ ਤੇ ਚਰਨਾਂ ਤੇ ਮੱਥਾ ਟੇਕਿਆ। ਇਥੇ ਫੇਰ ਦੋਵਾਂ ਨੇ ਆਪਣੀ ਪੁੱਤਰੀ ਗੁਜਰੀ ਜੀ ਨੂੰ ਡੋਲੀ ਵਿਚ ਬਿਠਾਉਣ ਤੋਂ ਪਹਿਲਾਂ ਇਹ ਸਿਖਿਆ ਦਿਤੀ ਜੋ ਅਕਸਰ ਮਾਪਿਆਂ ਵੱਲੋਂ ਆਪਣੀ ਧੀ ਰਾਣੀ ਨੂੰ ਦਿਤੀ ਜਾਂਦੀ ਹੈ। ਉਹ ਹੈ ਕਿ ਪਤੀ ਨੂੰ ਪ੍ਰਮੇਸ਼ਰ ਸਮਝ ਕੇ ਉਸ ਦੀ ਆਗਿਆ ਵਿਚ ਚੱਲਣਾ, ਵੱਡਿਆਂ ਦਾ ਆਦਰ ਕਰਨਾ, ਖਿੜੇ ਮੱਥੇ ਹੁਕਮ ਮੰਨ ਕੇ ਸੇਵਾ ਵਿਚ ਤੱਤਪਰ ਰਹਿ ਕੇ ਸਭ ਦੀ ਖੁਸ਼ੀ ਪ੍ਰਾਪਤ ਕਰਨੀ-

*ਸੁਨਿ ਲਾਲਚੰਦ ਪਦ ਬੰਦੇ।*
*ਪੁਨ ਡੋਰਾ ਲਯਾਇ ਬਿਲੰਦੇ।*

*ਤਹਿੰ ਗੁਜਰੀ ਸੁਤਾ ਬਿਠਾਈ।*
*ਪਤਿ ਸੇਵਨ ਸੀਖ ਸਿਖਾਈ।*
*ਪਤਿ ਸਮ ਈਸ ਪਛਾਨ ਕੈ*
*ਤੈ ਪੁਤਰੀ ਕਰ ਸੇਵਾ।*
*ਪਤਿ ਪਰਮੇਸਰ ਜਾਨੀਏ*
*ਔਰ ਤੁਛ ਲਖ ਟੇਵਾ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸਹੁਰੇ ਪਰਵਾਰ ਵਿਚ ਕਦਮ ਰੱਖਦਿਆਂ ਹੀ ਮਾਤਾ ਗੁਜਰੀ ਜੀ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ, ਸਹੁਰੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਾਹਿਬ ਅਤੇ ਮਾਤਾ ਨਾਨਕੀ ਜੀ ਦੀ ਸੇਵਾ ਵਿਚ ਲੀਨ ਹੋ ਗਏ। ਮਾਤਾ ਨਾਨਕੀ ਜੀ ਨੇ ਵੀ ਆਪਣੀ ਪਿਆਰੀ ਨੂੰਹ ਨੂੰ ਮਾਤਾ ਵਾਲਾ ਪਿਆਰ ਦੇ ਕੇ ਗੁਰੂ ਘਰ ਦੀ ਸਾਰੀ ਮਰਯਾਦਾ ਵਿਚ ਪਰਪੱਕ ਕੀਤਾ। ਸਹੁਰੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਓਪਰੰਤ ਗੁਰੂ ਘਰ ਦੇ ਹਾਲਾਤ ਨੂੰ 'ਮਾਤਾ ਗੰਗਾ ਜੀ' ਕਿਵੇਂ ਸਿਦਕ ਨਾਲ ਹੰਢਾਇਆ ਤੇ ਸਵਾਰਿਆ, ਬਾਰੇ ਦੱਸ ਕੇ ਦ੍ਰਿੜਤਾ ਤੇ ਆਤਮਿਕ ਬਲ ਨਾਲ ਭਰਪੂਰ ਕੀਤਾ। ਇਸ ਦਾ ਅਸਰ ਹੋਇਆ ਕਿ ਸੇਵਾ ਤੇ ਸਿਮਰਨ ਦੀ ਟੇਕ ਲੈ ਕੇ ਮਾਤਾ ਗੁਜਰੀ ਜੀ ਨੇ ਆਪਣੀਆਂ ਸਾਰੀਆਂ ਦੁਨਿਆਵੀ ਖਾਹਿਸ਼ਾਂ ਦਾ ਤਿਆਗ ਕਰਕੇ ਆਪਣੇ ਪਤੀ ਦੇ ਚਰਨਾਂ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿਤਾ। ਭਾਵੇਂ ਆਪ ਜੀ ਦੀ ਪਿਛਲੇ ਜਨਮਾਂ ਦੀ ਘਾਲ ਕਮਾਈ ਕਾਰਨ ਸਾਰਾ ਕੁਝ ਵਿਰਸੇ ਵਿਚ ਸੀਗਾ ਪਰ ਆਪ ਜੀ ਨੇ ਮਾਤਾ ਜੀ ਵੱਲੋਂ ਸਿਖਲਾਏ ਗੁਰੂ ਘਰ ਦੇ ਮਹਾਨ ਆਦਰਸ਼ਾਂ ਤੇ ਕਦਰਾਂ-ਕੀਮਤਾਂ ਨੂੰ ਹਿਰਦੇ ਘਰ ਵਿਚ ਸੰਚਿਤ ਤੇ ਪਰਪੱਕ ਕਰਕੇ ਸਰਵਉਚਤਾ ਨਾਲ ਅਪਨਾ ਲਿਆ। ਮੁਗਲ ਹਾਕਮਾਂ ਦੇ ਹਿੰਦ ਦੇ ਲੋਕਾਂ ਉਤੇ ਜ਼ੁਲਮ ਅਤੇ ਗੁਰੂ ਘਰ ਪ੍ਰਤੀ ਕੱਟੜ ਵਤੀਰੇ ਬਾਰੇ ਵੀ ਆਪ ਨੂੰ ਸਮੇਂ-ਸਮੇਂ ਜਾਣਕਾਰੀ ਦਾ ਅਨੁਭਵ ਹੋ ਗਿਆ ਸੀ। ਗੁਰੂ ਪਿਤਾ (ਸਹੁਰਾ) ਜੀ ਨੇ ਚਾਰ ਜੰਗਾਂ ਵਿਚ ਜਦੋਂ ਸ਼ਾਹੀ ਫੌਜਾਂ ਚੜ੍ਹ ਕੇ ਆਈਆਂ ਤਾਂ ਸਿ'ਖ ਫੌਜਾਂ ਵੱਲੋਂ ਮੂੰਹ ਤੋੜਵਾਂ ਜਵਾਬ ਦੇ ਕੇ ਧਰਮ ਦੀ ਰਾਖੀ ਕੀਤੀ ਪਰ ਕਦੀ ਵੀ ਕਿਸੇ ਤੇ ਚੜ੍ਹਾਈ ਨਹੀਂ ਸੀ ਕੀਤੀ। ਇਨ੍ਹਾਂ ਪ੍ਰਸਿਥਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਮਾਤਾ ਗੁਜਰੀ ਜੀ ਦੇ ਆਤਮਿਕ ਬਲ ਤੇ ਸਿਦਕ ਨੂੰ ਹੋਰ ਵੀ ਦ੍ਰਿੜਤਾ ਮਿਲੀ ਕਿ ਉਹ ਕਿਸੇ ਤਰ੍ਹਾਂ ਦੇ ਵੀ ਅਣਸੁਖਾਵੇਂ ਹਾਲਾਤਾਂ ਵਿਚ ਜੂਝਣ ਲਈ ਤਿਆਰ ਸਨ।

ਗੁਰੂ ਹਰਿਗੋਬਿੰਦ ਸਾਹਿਬ ਜਦੋਂ ਜੰਗਾਂ-ਯੁਧਾਂ ਤੋਂ ਵਿਹਲੇ ਹੋਏ ਤਾਂ ਆਪ ਜੀ ਕੀਰਤਪੁਰ ਸਾਹਿਬ ਜਾ ਰਹਿਣ ਦਾ ਮਨ ਬਣਾ ਲਿਆ। ਆਪਣੇ ਮਹਿਲ ਮਾਤਾ ਨਾਨਕੀ ਜੀ ਨੂੰ ਪਰਿਵਾਰ (ਤੇਗ ਬਹਾਦਰ ਜੀ ਤੇ ਗੁਜਰੀ ਜੀ) ਸਹਿਤ ਬਕਾਲੇ ਜਾ ਕੇ ਵਸਣ ਦਾ ਹੁਕਮ ਕੀਤਾ। ਗੁਰੂ ਪਤੀ ਜੀ ਦਾ ਹੁਕਮ ਮੰਨ ਕੇ ਮਾਤਾ ਨਾਨਕੀ ਜੀ 1644 ਈਸਵੀ ਵਿਚ ਬਕਾਲੇ ਨਗਰ ਆ ਕੇ ਰਹਿਣ ਲੱਗ ਪਏ। ਇਥੇ ਗੁਰੂ ਜੀ ਦੇ ਅਨਿੰਨ ਸਿੱਖ ਭਾਈ ਮਿਹਰਾ ਜੀ ਨੇ ਬਹੁਤ ਆਦਰ ਸਨਮਾਨ ਕੀਤਾ, ਰਹਿਣ ਲਈ ਵਖਰਾ ਮਕਾਨ ਤੇ ਤੇਗ ਬਹਾਦਰ ਜੀ ਲਈ ਭਜਨ-ਬੰਦਗੀ ਕਰਨ ਵਾਸਤੇ ਭੋਰਾ ਵੀ ਤਿਆਰ ਕਰਵਾ ਦਿਤਾ। ਨਾਮ ਸਾਧਨਾ ਲਈ ਇਥੇ ਆਪ ਜੀ ਅੰਮ੍ਰਿਤ ਵੇਲੇ ਇਸ਼ਨਾਨ ਆਦਿ ਕਰਕੇ ਇਕ ਟੱਕ ਸਮਾਧੀ ਸਥਿਤ ਹੋ ਕੇ ਸਵੈ-ਸਰੂਪ ਦਾ ਧਿਆਨ ਧਰ ਘੰਟਿਆਂ ਬੱਧੀ ਬੈਠੈ ਰਹਿੰਦੇ। ਮਾਤਾ ਨਾਨਕੀ ਜੀ ਹਰ ਪ੍ਰਕਾਰ ਨਾਲ ਆਪਣੇ ਪੁੱਤਰ ਦੀ ਸਿਹਤ ਸੰਭਾਲ ਦਾ ਖਿਆਲ ਰੱਖਦੇ। ਮਾਤਾ ਗੁਜਰੀ ਜੀ ਪੂਰੇ ਜਤ-ਸਤ ਤੇ ਤਨਦੇਹੀ ਨਾਲ ਪਹਿਰਾ ਦਿੰਦੇ ਹੋਏ ਪਤੀ ਪ੍ਰਮੇਸ਼ਰ ਦੇ ਦੁਆਰ ਤੇ ਬੈਠੇ ਸਿਮਰਨ ਵਿਚ ਜੁੜੇ ਰਹਿੰਦੇ ਸਨ। ਜੇ ਕੋਈ ਜਗਿਆਸੂ ਦਰਸ਼ਨ ਕਰਨ ਵੀ ਆਉਂਦਾ ਤਾਂ ਅੰਦਰੋਂ ਆਗਿਆ ਲੈ ਕੇ ਮਿਲਾਉਂਦੇ ਤਾਕਿ ਆਪ ਦੀ ਭਗਤੀ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਜੀ ਨੇ ਇਸ ਅਸਥਾਨ ਤੇ 26 ਸਾਲ 9 ਮਹੀਨੇ 11 ਦਿਨ ਲਗਾਤਰ ਪ੍ਰਮੇਸ਼ਰ ਦੀ ਬੰਦਗੀ ਕੀਤੀ। ਇਹ ਨਹੀਂ ਕਿ ਹਰ ਵੇਲੇ ਭੋਰੇ 'ਚ ਬੈਠਦੇ ਸਗੋਂ ਨੀਯਤ ਸਮੇਂ ਸੰਗਤਾਂ ਨੂੰ ਦਰਸ਼ਨ ਦੇ ਕੇ ਉਪਦੇਸ਼ ਦੁਆਰਾ ਸਿਖੀ ਦਾ ਪ੍ਰਚਾਰ ਵੀ ਕਰਦੇ ਰਹਿੰਦੇ ਸਨ। ਗੁਰੂ ਹਰਿਰਾਇ ਜੀ ਇਸ ਇਲਾਕੇ ਵਿਚ ਨਹੀਂ ਆਏ, ਆਪ ਜੀ ਦੇ ਪ੍ਰਚਾਰ ਸਦਕਾ ਹੀ ਇਧਰ ਮਾਝੇ ਦੀ ਸੰਗਤ ਗੁਰੂ ਘਰ ਨਾਲ ਜੁੜ ਰਹੀ ਸੀ। ਗੁਰਿਆਈ ਤਾਂ ਅੱਠਵੇਂ ਪਾਤਸ਼ਾਹ ਜੀ ਦੇ ਬਚਨਾਂ ਅਨੁਸਾਰ ਆਪ ਜੀ ਨੂੰ ਦਿਲੀ ਦੇ ਗੁਰਸਿੱਖ ਦੀਵਾਨ ਦਰਗਾਹ ਮੱਲ ਤੇ ਪਤਵੰਤੇ ਗੁਰਸਿੱਖਾਂ ਦੀ ਹਾਜ਼ਰੀ ਵਿਚ ਪ੍ਰਾਪਤ ਹੋ ਗਈ ਸੀ। ਕਿਉਂਕਿ ਮਾਤਾ ਸੁਲੱਖਣੀ ਜੀ (ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ ਜੀ) ਨੇ ਇਨ੍ਹਾਂ ਨੂੰ ਆਦੇਸ਼ ਦੇ ਕੇ ਭੇਜਿਆ ਸੀ ਪਰ ਆਪ ਜੀ ਨੇ ਢੰਡੋਰਾ ਦੇਣ ਤੋਂ ਮਨ੍ਹਾਂ ਕੀਤਾ ਹੋਇਆ ਸੀ। ਜਦੋਂ ਗੁਰੂ ਅੱਗੇ ਅਰਦਾਸ ਕਰਨ ਉਪਰੰਤ ਸਮੁੰਦਰੀ ਜਹਾਜ਼ ਪਾਰ ਲੱਗਣ ਦੀ ਘਟਨਾ ਵਾਪਰੀ ਤਾਂ ਭਾਈ ਮੱਖਣ ਸ਼ਾਹ ਜੀ ਲੁਬਾਣੇ ਨੇ ਆਪ ਜੀ ਨੂੰ ਇਥੇ ਪਹੁੰਚ ਕੇ ਜ਼ਾਹਰਾ ਤੌਰ ਤੇ ਪ੍ਰਗਟ ਕੀਤਾ, ਕਿਹਾ "ਗੁਰੂ ਲਾਧੋ ਰੇ।" ਇਸ ਨਾਲ 22 ਨਕਲੀ ਗੁਰੂਆਂ ਦਾ ਵੀ ਪਾਜ ਉਘੜ ਗਿਆ। ਧੀਰਮੱਲ ਨੇ ਵਿਰੋਧ ਕਰਕੇ ਗੁਰੂ ਤੇਗ ਬਹਾਦਰ ਜੀ ਉਤੇ ਬੰਦੂਕ ਦਾ ਕਾਤਲਾਨਾ ਵਾਰ ਵੀ ਕਰਾਇਆ ਤੇ ਚੜ੍ਹਾਵੇ ਦੀਆਂ ਵਸਤਾਂ ਚੁੱਕ ਕੇ ਲੈ ਗਿਆ। ਇਸ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮੇਂ ਵੀ ਗੱਦੀ ਤੇ ਆਪਣਾ ਹੱਕ ਜਿਤਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਹੋ ਸਕਿਆ। ਹੁਣ ਜਦੋਂ ਭਾਈ ਮੱਖਣ ਸ਼ਾਹ ਨੇ ਉਸ ਨੂੰ ਤਾਂ ਗੁਰੂ ਸੰਤਾਨ ਜਾਣ ਕੇ ਨਹੀਂ ਲਿਆਂਦਾ ਪਰ ਉਸ ਦੇ ਮਸੰਦ ਦੀਆਂ ਮੁਸ਼ਕਾਂ ਬੰਨ੍ਹ ਕੇ ਗੁਰੂ ਜੀ ਅੱਗੇ ਪੇਸ਼ ਕੀਤਾ, ਸਾਰੀਆਂ ਵਸਤਾਂ ਵਾਪਿਸ ਲਿਆਂਦੀਆਂ ਤੇ ਨਾਲ 'ਆਦਿ ਗ੍ਰੰਥ ਸਾਹਿਬ' ਵੀ ਲੈ ਆਏ ਕਿਉਂਕਿ ਉਸ ਦੀ ਇਛਾ ਸੀ ਕਿ ਇਹ

ਅਮੋਲਕ ਖਜ਼ਾਨਾ ਗੁਰੂ ਜੀ ਕੋਲ ਹੋਵੇ। ਦਿਆਲੂ ਸਤਿਗੁਰੂ ਜੀ ਨੇ ਸਾਰੀਆਂ ਵਸਤਾਂ ਵੀ ਉਸ ਨੂੰ ਮੋੜ ਦਿਤੀਆਂ, ਮਾਫ ਵੀ ਕਰ ਦਿਤਾ ਤੇ ਨਾਲ ਇਹ ਵੀ ਆਗਿਆ ਕੀਤੀ ਕਿ 'ਆਦਿ ਗ੍ਰੰਥ ਸਾਹਿਬ' ਵੀ ਧੀਰਮ'ਲ ਨੂੰ ਦੇ ਦਿਓ। ਮੱਖਣ ਸ਼ਾਹ ਨੇ ਇਸ ਆਗਿਆ ਦਾ ਪਾਲਣ ਕੀਤਾ।

*ਸਤਿਗੁਰ ਕਰੁਨਾ ਤੇ ਇਮ ਭਈ।*
*ਵਸਤੂ ਅਪਰਾਧੀ ਕੋ ਦਈ।*
*ਵਸਤੂ ਅਖਿਲ ਸੌਂਪਿ ਕਰ ਤਾਂਹਿ।*
*ਸ਼੍ਰੀ ਗੁਰ ਇਮ ਵਸਤੂ ਫਿਰਵਾਇ।*
*ਅਖਲ ਦਈ ਵਸਤੂ ਜਬਿ ਫੇਰਿ।*
*ਪੁਨਹਿ ਗ੍ਰਿੰਥ ਸਾਹਿਬ ਜੀ ਹੇਰਿ।*
*ਦਿਯੋ ਨ ਚਹਿਤ ਅਮੋਲਕ ਜਾਨਿ।*
*ਰਹੈ ਗੁਰੂ ਢਿਗ ਇੱਛਾ ਜਾਨਿ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਥੋਂ ਸਤਿਗੁਰੂ ਜੀ ਨੇ ਪ੍ਰਚਾਰ ਹਿਤ ਦੇਸ਼ ਦਾ ਦੌਰਾ ਕਰਨ ਦਾ ਮਨ ਬਣਾਇਆ ਤੇ ਮੱਖਣ ਸ਼ਾਹ ਜੀ ਬੜੇ ਸਤਿਕਾਰ ਨਾਲ ਗੁਰੂ ਪਰਿਵਾਰ ਨੂੰ ਪਹਿਲਾਂ ਦਰਸ਼ਨਾਂ ਵਾਸਤੇ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਲੈ ਕੇ ਗਿਆ। ਉਥੋਂ ਦੇ ਪ੍ਰਬੰਧਕ ਮਸੰਦਾਂ ਨੇ ਇਸ ਡਰ ਨਾਲ ਦਰਵਾਜੇ ਬੰਦ ਕਰ ਲਏ ਕਿ ਜੇ ਇਥੇ ਕਾਬਜ਼ ਹੋ ਗਏ ਤਾਂ ਸਾਡਾ ਚੜ੍ਹਾਵਾ ਬੰਦ ਹੋ ਜਾਵੇਗਾ। ਮੱਖਣ ਸ਼ਾਹ ਜੀ ਕਹਿਣ ਲੱਗੇ ਸੱਚੇ ਪਾਤਸ਼ਾਹ ਜੀ! ਜੇ ਹੁਕਮ ਕਰੋ ਤਾਂ ਇਨ੍ਹਾਂ ਨੂੰ ਧੀਰਮੱਲ ਵਾਂਗੂੰ ਸੋਧ ਦੇਈਏ? ਗੁਰੂ ਸਾਹਿਬ ਕਹਿਣ ਲੱਗੇ ਜਦੋਂ ਸਮਾਂ ਆਵੇਗਾ ਉਦੋਂ ਤਾੜਨਾ ਕਰਕੇ ਹਿਸਾਬ-ਕਿਤਾਬ ਲਿਆ ਜਾਵੇਗਾ। ਸੱਚੀ ਦਰਗਾਹ ਵਿਚ ਸਭ ਦਾ ਲੇਖਾ-ਜੋਖਾ ਹੋਵੇਗਾ। ਇਥੇ ਬਾਹਰ ਬੈਠ ਕੇ ਸਤਿਗੁਰੂ ਜੀ ਨੇ ਥੜੇ ਤੇ ਬੈਠ ਕੇ ਅਰਦਾਸ ਕੀਤੀ ਤੇ ਸੰਗਤਾਂ ਨੂੰ ਦਰਸ਼ਨ ਦਿਤੇ। ਇਥੇ ਹੁਣ ਗੁਰਦਵਾਰਾ ਸ੍ਰੀ ਥੜ੍ਹਾ ਸਾਹਿਬ ਸ਼ਸ਼ੋਭਿਤ ਹੈ। ਇਥੋਂ ਆਪ ਜੀ ਵਲ੍ਹਾ ਪਿੰਡ ਕਿਰਤੀ ਕਿਸਾਨ ਦੇ ਘਰ ਗਏ ਤੇ ਜਦੋਂ ਅੰਮ੍ਰਿਤਸਰ ਦੀਆਂ ਮਾਈਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਸਾਰੀਆਂ ਨੇ ਭੇਟਾਵਾਂ ਲਿਆ ਕੇ ਸਤਿਕਾਰ ਕੀਤਾ ਤੇ ਸੇਵਾ ਕੀਤੀ। ਉਥੇ ਆਪ ਜੀ ਨੇ ਮਾਇਆਂ ਨੂੰ ਵਰਦਾਨ ਦਿਤਾ 'ਮਾਈਆਂ, ਰੱਬ ਰਜਾਈਆਂ'।

*ਗੁਰਿ ਮੰਦਰ ਕੇ ਦਰਵਾਜੇ।*
*ਭੇਰਿ ਭਏ ਨਹਿੰ ਬਾਜਤਿ ਬਾਜੇ।*
*ਸ਼ਬਦ ਕੀਰਤਨ ਸੁਨਿਯਤਿ ਨਾਂਹੀ।*
*ਕੀਨਸਿ ਕਹਾਂ ਮਹਾਂ ਲਬ ਮਾਂਹੀ।*
*ਸੁਨਿ ਬੋਲਯੋ ਮੱਖਣ ਗੁਰ ਸੰਗ।*
*ਫੁਰਮਾਵਿਨ ਮੁਝ ਕਰਹੁ ਨਿਸੰਗ।*
*ਸ਼੍ਰੀ ਗੁਰ ਕਹਯੋ ਸਮੋ ਜਬਿ ਆਵਹਿ।*
*ਦੁਸ਼ਟ ਮੰਦ ਤਾੜਨ ਕੋ ਪਾਵਹਿ।*
*ਸਭਿ ਮਸੰਦ ਤੇ ਲੈ ਹੈਂ ਲੇਖਾ।*
*ਪੀੜਹਿ ਨਿਜ ਦਰਗਹ ਲੇਖਾ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਚਲਦੇ ਚਲਦੇ ਗੋਇੰਦਵਾਲ ਸਾਹਿਬ ਤੇ ਤਰਨਤਾਰਨ ਸਾਹਿਬ ਦਰਸ਼ਨ ਕਰਕੇ ਆਪ ਜੀ ਪਹਿਲਾਂ ਕੀਰਤਪੁਰ ਸਾਹਿਬ ਪਹੁੰਚੇ। ਉਥੇ ਜਾ ਕੇ ਮਾਤਾ ਨਾਨਕੀ ਜੀ ਨੇ ਸਲਾਹ ਦਿਤੀ ਕਿ ਇਥੇ ਸੂਰਜ ਮੱਲ ਦੇ ਪਰਿਵਾਰ ਨੂੰ ਚੰਗਾ ਨਹੀਂ ਲੱਗੇਗਾ, ਸਾਨੂੰ ਕਿਸੇ ਨਿਵੇਕਲੀ ਥਾਂ ਤੇ ਟਿਕਾਣਾ ਕਰਨਾ ਚਾਹੀਦਾ ਹੈ। ਪਹਾੜੀ ਰਾਜੇ ਹਰੀ ਚੰਦ ਪਾਸੋਂ ਮੱਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਉਥੇ ਨਗਰ ਵਸਾਇਆ ਜਿਸ ਦਾ ਨਾਮ 'ਨਾਨਕੀ ਚੱਕ' ਰੱਖਿਆ। ਜਦੋਂ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਨੇ ਇਥੇ ਚਰਨ ਪਾਏ ਤਾਂ ਇਸ ਦਾ ਨਾਮ ਅਨੰਦਾਂ ਦੀ ਪੁਰੀ ਭਾਵ 'ਸ੍ਰੀ ਅਨੰਦਪੁਰ ਸਾਹਿਬ' ਰੱਖਿਆ ਗਿਆ। ਥੋੜੇ ਸਮੇਂ ਲਈ ਇਥੇ ਨਿਵਾਸ ਰੱਖ ਕੇ, ਨਗਰੀ ਨੂੰ ਵਸਾਉਣ ਦਾ ਕੰਮ ਸਿੱਖਾਂ ਸੇਵਕਾਂ ਨੂੰ ਸੌਂਪ ਕੇ, ਪਰਿਵਾਰ ਸਹਿਤ, ਮਾਤਾ ਗੁਜਰੀ ਜੀ ਦੇ ਭਰਾਤਾ ਸ੍ਰੀ ਕ੍ਰਿਪਾਲ ਚੰਦ ਜੀ ਨੂੰ ਨਾਲ ਲੈ ਕੇ ਪ੍ਰਚਾਰ-ਪ੍ਰਸਾਰ ਅਤੇ ਤੀਰਥਾਂ ਨੂੰ ਪਵਿਤ੍ਰ ਕਰਨ ਦੀ ਲੰਮੀ ਯਾਤਰਾ ਲਈ ਪੂਰਬ ਦੇਸ਼ ਵੱਲ ਰਵਾਨਾ ਹੋ ਗਏ। ਸੰਗਤਾਂ ਨੂੰ ਤਾਰਦੇ ਹੋਏ ਥਨੇਸਰ, ਤ੍ਰਿਬੈਣੀ, ਪ੍ਰਯਾਗ ਕਾਂਸ਼ੀ ਅਤੇ ਗਯਾ, ਸਸਰਾਮ ਹੁੰਦੇ ਹੋਏ ਪਟਨਾ ਸ਼ਹਿਰ ਵਿਖੇ ਪਹੁੰਚੇ। ਸੰਗਤਾਂ ਨੂੰ ਜਦੋਂ ਪਤਾ ਲੱਗਾ, ਦਰਸ਼ਨਾਂ ਵਾਸਤੇ ਉਮੰਡ ਪਈਆਂ ਤੇ ਅਨੇਕਾਂ ਪ੍ਰਕਾਰ ਦੀਆਂ ਭੇਟਾਵਾਂ ਰੱਖ ਨੇ ਚਰਨ ਬੰਦਨਾਂ ਕਰਦੀਆਂ ਹਨ। ਜੈਤੇ ਸੇਠ ਨੂੰ ਪਤਾ ਲੱਗਾ, ਆਪਣੇ ਬਾਗ ਵਿਚ ਉਤਾਰਾ ਕਰਵਾਇਆ ਤੇ ਬਹੁਤ ਸ਼ਰਧਾ ਨਾਲ ਸੇਵਾ ਕਰਦਾ ਹੈ। ਇਕ ਸ਼ਰਧਾਲੂ ਸਿੱਖ ਦੀ ਬੇਨਤੀ ਨੂੰ ਮੰਨ ਕੇ ਆਪ ਜੀ ਨੇ ਸਾਲਿਸ ਰਾਇ ਜੌਹਰੀ ਦੀ ਹਵੇਲੀ ਵਿਚ ਜਾਣਾ ਪਰਵਾਨ ਕੀਤਾ। ਇਹ ਉਹੀ ਸਾਲਿਸ ਰਾਇ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਚਾਰ ਵਾਸਤੇ ਮੰਜੀ ਸੌਂਪੀ ਸੀ। ਸਿੱਖਾਂ-ਸੇਵਕਾਂ ਨੂੰ ਹੁਕਮ ਕਰਕੇ ਪਰਵਾਰ ਦੇ ਰਹਿਣ ਦਾ ਪੱਕਾ ਪ੍ਰਬੰਧ ਕੀਤਾ। ਇਸ ਤਰ੍ਹਾਂ ਆਪ ਜੀ ਨੇ ਕਈ ਦਿਨ ਪਟਨੇ ਰਹਿ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਅਤੇ ਭਾਗਾਂ ਵਾਲੀਆਂ ਸੰਗਤਾਂ ਨੇ ਚਰਨ ਬੰਦਨਾਂ ਤੇ ਸੇਵਾ ਕਰਕੇ ਮਨ ਬਾਂਛਤ ਫਲ ਪ੍ਰਾਪਤ ਕੀਤੇ।

*ਸਿਖ ਕੇ ਸੰਗ ਜਾਹੁ ਲੇ ਡੇਰਾ।*
*ਕਰਹੁ ਤਹਾਂ ਬਿਸਰਾਮ ਬਡੇਰਾ।*
*ਮਾਤ ਨਾਨਕੀ ਕੋ ਲੇ ਜਾਵਹੁ।*
*ਸਕਲ ਸਮਾਜ ਸਮੇਤ ਸਿਧਾਵਹੁ।*
*ਸੁਨਿ ਕੈ ਆਇਸੁ ਸਗਰੇ ਦਾਸ।*
*ਗਮਨੇ ਤਤਛਿਨ ਤਿਸੀ ਅਵਾਸ।*
*ਸਭਿ ਸਮਾਜ ਤਹਿ ਆਨ ਉਤਾਰਾ।*
*ਮਾਤ ਨਾਨਕੀ ਸਕਲ ਨਿਹਾਰਾ।*
*ਸ਼੍ਰੀ ਗੁਜਰੀ ਤਹਿੰ ਕੀਨਿ ਨਿਵਾਸ।*
*ਦਾਸੀ ਦਾਸ ਬਸੇ ਤਿਹ ਪਾਸ।*
*ਸ਼੍ਰੀ ਗੁਜਰੀ ਕੇ ਭਰਾਤ ਕ੍ਰਿਪਾਲ।*

*ਇਤਯਾਦਿਕ ਸਿਖ ਅਪਰ ਬਿਸਾਲ।*
*ਪੁਰਿ ਪਟਣੇ ਮਹਿਂ ਇਸੀ ਪ੍ਰਕਾਰ।*
*ਕਿਤਿਕ ਦਿਵਸ ਗੁਰ ਬਸੇ ਉਦਾਰ।*
*ਬਡੇ ਭਾਗ ਜਾਗੇ ਜਿਨ ਕੇਰੇ।*
*ਸੇਵਹਿ ਗੁਰੁ ਪਗ ਹੁਇ ਕਰਿ ਨੇਰੇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਜਦੋਂ ਆਸਾਮ ਦੀ ਮੁਹਿੰਮ ਤੇ ਜਾ ਰਹੇ ਰਾਜਾ ਬਿਸ਼ਨ ਸਿੰਘ ਨੇ ਮੱਦਦ ਵਾਸਤੇ ਦੂਤ ਰਾਹੀਂ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਆਸਾਮ ਕਾਵਰੂੰ ਦੇਸ਼ ਦੇ ਰਾਜੇ ਨਾਲ ਸੰਧੀ ਕਰਵਾਣ ਅਤੇ ਪ੍ਰਚਾਰ ਹਿਤ ਜਾਣ ਦੀ ਤਿਆਰੀ ਕਰ ਲਈ। ਕਿਉਂਕਿ ਗੁਰੂ ਨਾਨਕ ਸਾਹਿਬ ਜੀ ਨੇ ਆਸਾਮ, ਢਾਕੇ-ਬੰਗਾਲੇ, ਬਿਹਾਰ ਆਦਿ ਵਿਚ ਨਾਮ ਦਾ ਛੱਟਾ ਦੇ ਕੇ ਸਿੱਖੀ ਦਾ ਬੀਜ ਪਾਇਆ ਸੀ ਪਰ ਬਾਦ ਵਿਚ ਕਿਸੇ ਵੀ ਗੁਰੂ ਸਾਹਿਬ ਜੀ ਨੇ ਇਧਰ ਚਰਨ ਨਹੀਂ ਪਾਏ। ਸੋ ਇਸ ਕਰਕੇ ਨੌਵੇਂ ਪਾਤਸ਼ਾਹ ਜੀ ਨੇ ਇਸ ਇਲਾਕੇ ਵਿਚ ਸਿੱਖੀ ਨੂੰ ਹਰਿਆ-ਭਰਿਆ ਕਰਨ ਵਾਸਤੇ ਯਾਤਰਾ ਕੀਤੀ। ਉਸ ਵੇਲੇ ਮਾਤਾ ਗੁਜਰੀ ਜੀ ਨੇ ਬੇਨਤੀ ਕੀਤੀ ਕਿ ਆਪਣੇ ਘਰ ਔਲਾਦ ਦੀ ਆਸ ਹੈ, ਤੁਸੀਂ ਇਕੱਲੇ ਕਿਉਂ ਜਾ ਰਹੇ ਹੋ, ਸਾਹਿਬਜ਼ਾਦੇ ਦੇ ਜਨਮ ਤੱਕ ਇਥੇ ਹੀ ਟਿਕੋ। ਤਹਾਡੇ ਜਾਣ ਤੇ ਸਾਡਾ ਮਨ ਚਿੰਤਤ ਹੋ ਰਿਹਾ ਹੈ।

*ਸਭ ਕੋ ਤਯਾਗਿ ਇਕਾਂਕੀ ਚਲੇ।*
*ਕਯੋਂ ਭਾਵਤਿ ਇਹੁ ਨਾਂਹਿਨ ਭਲੇ।*
*ਬਿਛਰਹੁ ਆਪ ਦੂਰ ਕਿ ਥਾਨ।*
*ਚਹਿਤ ਇਕਾਂਕੀ ਕਰਯੋ ਪਯਾਨ।*

ਸਤਿਗੁਰੂ ਜੀ ਦਿਲਾਸਾ ਦੇ ਕੇ ਕਹਿਣ ਲੱਗੇ ਗੁਜਰੀ ਜੀ! ਸਾਡੇ ਗੁਰੂ ਪਿਤਾ ਜੀ ਨੇ ਬਚਨ ਕੀਤਾ ਹੋਇਆ ਹੈ ਕਿ ਮਹਾਂਪ੍ਰਤਾਪੀ, ਦੁਸ਼ਮਣਾਂ ਦਾ ਨਾਸ਼ ਕਰਨ ਵਾਲਾ, ਮਹਾਂਪ੍ਰਕਾਸ਼ ਰਾਜਿਆਂ ਦਾ ਵੀ ਰਾਜਾ ਅਵਤਾਰੀ-ਪੁਰਖ, ਪੁੱਤਰ ਆਵੇਗਾ ਜਿਸ ਨੂੰ ਤੁਹਾਡੀ ਗੋਦ ਦਾ ਅਨੰਦ ਮਿਲੇਗਾ। ਤੁਸੀਂ ਸੁਖ ਨਾਲ ਇਥੇ ਰਹੋ ਤੇ ਗੁਰੂ ਸੰਗਤ ਤੁਹਾਡੀ ਸੇਵਾ 'ਚ ਹਾਜ਼ਰ ਰਹੇਗੀ। ਹਰ ਵੇਲੇ ਗੁਰੂ ਪਿਤਾ ਜੀ ਦੇ ਧਿਆਨ ਵਿਚ ਮਗਨ ਹੋ ਕੇ ਸਿਮਰਨ ਕਰਦੇ ਰਹੋ।

*ਸ਼੍ਰੀ ਗੁਜਰੀ ਕੋ ਦੀਨਿ ਦਿਲਾਸਾ।*
*ਗੁਰ ਬਚ ਪਰ ਰਾਖਹੁ ਭਰਵਾਸਾ।*
*ਟਿਕਹੁ ਇਹਾਂ ਗੁਰ ਸੰਗਤਿ ਭਾਰੀ।*
*ਸਕਲ ਭਾਂਤਿ ਤੇ ਰਹਹੁ ਸੁਖਾਰੀ।*

ਜਦੋਂ ਇਸ ਤਰਾਂ ਦੇ ਪਿਆਰ ਭਰੇ ਬਚਨ ਸੁਣੇ ਤਾਂ ਮਾਤਾ ਜੀ ਦੇ ਮਨ ਵਿਚ ਧੀਰਜ ਆਇਆ। ਕਹਿਣ ਲੱਗੇ, ਗੁਰੂ ਪਤੀ ਜੀ! ਮੈਂ ਆਪ ਦੇ ਬਚਨ ਨੂੰ ਸਤ ਕਰਕੇ ਮੰਨਾਂਗੀ ਤੇ ਆਗਿਆ ਵਿਚ ਦ੍ਰਿੜ ਰਹਿ ਕੇ ਸਾਰੇ ਫਰਜ਼ ਨਿਭਾ ਕੇ ਤੁਹਾਡੀ ਪ੍ਰਸੰਨਤਾ ਦੀ ਪਾਤਰ ਬਣਾਂਗੀ। ਤੁਸੀਂ ਖੁਸ਼ੀ-ਖੁਸ਼ੀ ਪ੍ਰਚਾਰ ਯਾਤਰਾ ਤੇ ਜਾ ਕੇ ਸੰਗਤਾਂ ਦਾ ਉਧਾਰ ਕਰੋ ਜੀ।

ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਬੇਅੰਤ ਬੰਦਗੀ ਸਦਕਾ ਹੀ ਪਾਰਬ੍ਰਹਮ-ਪ੍ਰਮੇਸ਼ਰ ਜੀ ਨੇ ਦਸਵੇਂ ਪਾਤਸ਼ਾਹ ਜੀ ਨੂੰ ਆਪਣਾ ਪੁੱਤਰ ਬਣਾ ਕੇ ਮਾਤਾ ਗੁਜਰੀ ਜੀ ਦੀ ਗੋਦ ਵਿਚ ਭੇਜਿਆ ਸੀ ਜਿਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਇੰਜ ਕੀਤਾ ਹੈ –

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾਤੇ ਭਏ ਪ੍ਰਸੰਨ ਗੁਰਦੇਵਾ॥*
*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੇ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥* *(ਸ੍ਰੀ ਦਸਮ ਗ੍ਰੰਥ)*

ਜਦੋਂ ਸਾਹਿਬਜ਼ਾਦੇ ਦਾ ਪ੍ਰਕਾਸ਼ ਹੋਇਆ ਤਾਂ ਮਾਤਾ ਗੁਜਰੀ ਅਤੀ ਅਨੰਦਿਤ ਹੋਏ। ਭਾਵੇਂ ਘਰ ਅੱਠ ਦੀਵਿਆਂ ਵਾਲਾ ਚਿਰਾਗ ਜਗ ਰਿਹਾ ਸੀ ਪਰ ਇਤਨਾ ਪ੍ਰਕਾਸ਼ ਹੋਇਆ ਕਿ ਜਿਵੇਂ ਸੂਰਜ ਦੀ ਰੋਸ਼ਨੀ ਮੱਧਮ ਪੈ ਗਈ ਹੋਵੇ। ਜਦੋਂ ਬਾਲਾ ਪ੍ਰੀਤਮ ਦੇ ਸਰੂਪ ਦੀ ਅਨੋਖੀ ਛਵੀ ਦੇ ਆਪਣੀ ਗੋਦ ਵਿਚ ਦਰਸ਼ਨ ਕੀਤੇ ਅਤੇ ਵੱਡੇ ਭਾਗ ਜਾਣਕੇ ਵਾਹਿਗੁਰੂ ਜੀ ਦੀ ਰਹਿਮਤ ਦਾ ਕੋਟਾਨ ਕੋਟ ਧੰਨਵਾਦ ਕੀਤਾ –

*ਸ਼੍ਰੀ ਗੁਜਰੀ ਬਡ ਭਾਗ ਪ੍ਰਸੂਤਾ।*
*ਉਪਜਯੋ ਬਾਲਿਕ ਛਬਿ ਅਦਭੂਤਾ।*
*ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ।*
*ਦੁਤਿ ਘਟ ਗਈ ਉਦਯੋ ਰਵਿ ਜਾਨੋ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬਾਲਾ ਪ੍ਰੀਤਮ ਜੀ ਦੇ ਪ੍ਰਗਟ ਹੋਣ ਦਾ ਇਲਾਹੀ ਰੂਪ ਵੇਖ ਕੇ ਦੂਰ ਘੁੜਾਮ ਨਗਰ ਤੋਂ ਪੀਰ ਭੀਖਮ ਸ਼ਾਹ, 3 ਮਹੀਨੇ ਦਾ ਪੈਦਲ ਸਫਰ ਕੇ ਦਰਸ਼ਨਾਂ ਲਈ ਪਹੁੰਚਿਆ ਤੇ ਮਨ ਦੀਆਂ ਮੁਰਾਦਾਂ ਪਾ ਕੇ ਨਿਹਾਲ ਹੋ ਗਿਆ। ਹੁਣ ਬਾਲਾ ਪ੍ਰੀਤਮ ਜੀ 4-5 ਸਾਲ ਦੇ ਹੋ ਚੁੱਕੇ ਸਨ। ਆਪ ਜੀ ਨੇ ਭਰਾਤਾ ਕ੍ਰਿਪਾਲ ਚੰਦ ਜੀ ਦੀ ਦੇਖ ਰੇਖ ਹੇਠ ਬਾਲਾ ਪ੍ਰੀਤਮ ਜੀ ਦੀ ਮੁਢਲੀ ਵਿਦਿਆ, ਗੁਰਮੁਖੀ, ਬ੍ਰਿਜ ਭਾਸ਼ਾ, ਸੰਸਕ੍ਰਿਤ ਆਦਿ ਅਤੇ ਸ਼ਸ਼ਤਰ ਵਿਦਿਆ ਦਾ ਯੋਗ ਪ੍ਰਬੰਧ ਕੀਤਾ। ਇਸੇ ਕਰਕੇ ਬਾਲਾ ਪ੍ਰੀਤਮ ਜੀ ਬਚਪਨ ਵਿਚ ਚੋਜ ਕਰਦੇ ਹੋਏ, ਕਦੀ ਗੁਲੇਲੇ ਨਾਲ ਪਾਣੀ ਦੇ ਘੜੇ ਭੰਨਦੇ, ਕਦੀ ਨਿਕੇ ਤੀਰ ਕਮਾਨ ਨਾਲ ਲੋਹੇ ਦੀਆਂ ਗਾਗਰਾਂ ਵਿਚੋਂ ਦੀ ਤੀਰ ਪਾਰ

ਕਰਕੇ ਜਾਨ ਦੇ ਰੱਖਿਅਕ ਬਣਦੇ ਤੇ ਕਦੀ ਹਾਣੀ ਬਾਲਾਂ ਨਾਲ ਦੋ ਧੜੇ ਬਣਾ ਕੇ ਜੰਗ-ਯੁੱਧ ਦੇ ਅਭਿਆਸ ਦੀਆਂ ਖੇਡਾਂ ਖੇਡਦੇ, ਕਿਧਰੇ ਪੰਡਤ ਸ਼ਿਵਦੱਤ ਦੀ ਭਾਵਨਾ ਪੂਰੀ ਕਰਦੇ, ਰਾਣੀ ਮਾਤਾ ਮੈਣੀ ਨੂੰ ਪੁੱਤਰ ਵਾਲਾ ਪਿਆਰ ਦਿੰਦੇ, ਕਿਧਰੇ ਬ੍ਰਿਧ ਮਾਤਾ ਦੇ ਚਰਖੇ ਦੀਆਂ ਤੰਦਾਂ ਤੋੜ ਕੇ ਉਸ ਦਾ ਜਨਮ-ਮਰਨ ਕੱਟਦੇ, ਕਿਧਰੇ ਬੇੜੀ ਦੀ ਸੈਲ ਬਦਲੇ ਉਸ ਦੀ ਨੂੰਹ ਨੂੰ ਪੁੱਤਰਾਂ ਦਾ ਵਰ ਦਿੰਦੇ, ਕਿਧਰੇ ਕੋਹੜ ਦੇ ਰੋਗੀ ਨੂੰ ਗੰਗਾ ਦੇ ਪਾਣੀ ਵਿਚ ਧੱਕਾ ਦੇ ਕੇ ਉਸ ਦਾ ਰੋਗ ਦੂਰ ਕਰਦੇ, ਕਿਧਰੇ ਸੋਨੇ ਦੇ ਕੰਗਣ ਗੰਗਾ ਸੁੱਟ ਕੇ ਮਾਇਆ ਤੋਂ ਨਿਰਲੇਪਤਾ ਦਾ ਸਬੂਤ ਦਿੰਦੇ ਅਤੇ ਕਿਧਰੇ ਨਵਾਬ ਨੂੰ ਸਲਾਮ ਕਰਨ ਦੀ ਬਜਾਇ ਚਿੜਾਉਂਦੇ ਤੇ ਨਿਡਰਤਾ ਦਾ ਸਬੂਤ ਦੇ ਕੇ ਹਾਣੀਆਂ ਨੂੰ ਵੀ ਇਸ ਦੀ ਜਾਚ ਸਿਖਾਉਂਦੇ ਸਨ। ਇਸ ਤਰਾਂ ਨਾਲ ਸਭ ਦੇ ਹਰਮਨ ਪਿਆਰੇ ਬਾਲਾ ਪ੍ਰੀਤਮ ਜੀ ਦੇ, ਹਰ ਕੋਈ ਦਰਸ਼ਨ ਕਰਕੇ ਨਿਹਾਲ ਹੁੰਦਾ ਸੀ। ਗੁਰੂ ਜੀ ਪੂਰਬ ਦੇਸ਼ ਦੀਆਂ ਸੰਗਤਾਂ ਨੂੰ ਤਾਰ ਕੇ ਅਤੇ ਆਸਾਮ ਦੇ ਰਾਜਾ ਰਾਮ ਸਿੰਘ ਦੇ ਨਾਲ ਸੰਧੀ ਕਰਵਾ ਕੇ ਜਦੋਂ ਪਰਤੇ ਤਾਂ ਬਾਲਾ ਪ੍ਰੀਤਮ ਜੀ ਪੁੱਛਣ ਲੱਗੇ ਕਿ ਆਪ ਕਿੰਨੀ ਦੂਰ ਗਏ ਸੀ, ਵਾਪਿਸ ਆਉਣ ਨੂੰ ਐਨਾ ਸਮਾਂ ਕਿਵੇਂ ਲੱਗ ਗਿਆ? ਗੁਰੂ ਤੇਗ ਬਹਾਦਰ ਜੀ ਕਹਿਣ ਲੱਗੇ ਕਿ ਅਸੀਂ 'ਕਾਮਰੂਪ ਦੇਸ਼' ਗਏ ਸੀ ਜਿਥੋਂ ਦੇ ਲੋਕ ਬਹੁਤ ਜਾਦੂ ਮੰਤਰ ਜਾਣਦੇ ਹਨ। ਉਨ੍ਹਾਂ ਨੂੰ ਸਿੱਧੇ ਰਸਤੇ ਪਾ ਕੇ ਸੱਚੇ ਨਾਮ ਦਾ ਉਪਦੇਸ਼ ਦੇਣ ਲਈ ਗੁਰੂ ਨਾਨਕ ਪਾਤਸ਼ਾਹ ਜੀ, ਭਾਈ ਬਾਲਾ ਜੀ ਤੇ ਮਰਦਾਨਾ ਜੀ ਨਾਲ ਇਕ ਸਮੇਂ ਉਥੇ ਸਿੱਖੀ ਦੀ ਪ੍ਰਚਾਰ ਫੇਰੀ ਵਾਸਤੇ ਗਏ ਸੀ। ਉਥੇ ਬਹੁਤ ਸਿੱਖ ਸੰਗਤ ਵਸਦੀ ਹੈ। ਉਸ ਵੇਲੇ ਮਾਤਾ ਗੁਜਰੀ ਜੀ ਨੇ ਵੀ ਪਤੀ ਪ੍ਰਮੇਸ਼ਰ ਦੇ ਦਰਸ਼ਨ ਕਰਕੇ ਅਦਬ ਸਹਿਤ ਚਰਨਾਂ ਤੇ ਮੱਥਾ ਟੇਕਿਆ।

*ਬੂਝੇਂ ਇਤਹੁਂ ਪਿਤਾ ਜੀ ਗਏ।*
*ਕਿਤਿਕ ਦੂਰ ਲੌਂ ਪ੍ਰਾਪਤਿ ਭਏ?*
*ਦੇਸ਼ ਕਾਮਰੂ ਮੰਤ੍ਰਨਿ ਜੋਰ।*
*ਗੁਰੂ ਕੇ ਬਸਹਿ ਤਿਸ ਠੋਰ।*
*ਸ੍ਰੀ ਨਾਨਕ ਪਹੁੰਚੇ ਇਕ ਕਾਲ।*
*ਬਾਲਾ ਮਰਦਾਨਾ ਜੁਗ ਨਾਲ।*
*ਤਬਿ ਗੁਜਰੀ ਪਹੁੰਚੀ ਕਰ ਜੋਰੇ।*
*ਨੰਮ੍ਰਿ ਹੋਏ ਪਤਿ ਚਰਨ ਨਿਹੋਰੇ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਉਸ ਵੇਲੇ ਰਾਜਾ ਬਿਸ਼ਨ ਸਿੰਘ ਆਪ ਜੀ ਦੇ ਨਾਲ ਪਟਣੇ ਆਇਆ। ਕੋਲ ਆ ਕੇ ਬੇਨਤੀ ਕੀਤੀ ਕਿ ਮੈਂ ਵੀ ਆਪ ਦੇ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਦਿਲੀ ਜਾਵਾਂਗਾ। ਦਰਸ਼ਨ ਕਰਕੇ ਨਿਹਾਲ ਹੋ ਗਿਆ। ਕਹਿੰਦਾ 'ਗੁਰੂ ਜੀ ਆਪ ਵੀ ਧੰਨ ਹੋ। ਆਪ ਦੇ ਲਾਲ ਜੀ ਵੀ ਧੰਨ ਹਨ'।

*ਬਿਸ਼ਨ ਸਿੰਘ ਨ੍ਰਿਪ ਉਤਰਨਿ ਕਰਯੋ।*
*ਸਤਿਗੁਰ ਨਿਕਟਿ ਹੋਤਿ ਭਾ ਖਰਯੋ।*
*ਸ਼ਾਹਿਬਜ਼ਾਦੇ ਕੋ ਮੈਂ ਦਰਸ਼ਨ।*
*ਕਰਯੋ ਚਾਹਤਿ ਹੌਂ ਚਰਨ ਪਰਸਨ।*
*ਧੰਨ ਗੁਰੂ ਅਰੁ ਗੁਰੁ ਕੋ ਨੰਦ।*
*ਮੈਂ ਦਰਸ਼ਨ ਕਰ ਭਯੋ ਅਨੰਦ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਥੇ ਰਹਿੰਦਿਆਂ ਜਦੋਂ ਕੁਝ ਸਮਾਂ ਬੀਤਿਆ ਤਾਂ ਮਾਤਾ ਨਾਨਕੀ ਜੀ ਨੇ ਕਿਹਾ ਕਿ ਐਥੇ ਨਿਵਾਸ ਕਰਦਿਆਂ ਸਾਨੂੰ ਬਹੁਤ ਸਮਾਂ ਬਤੀਤ ਹੋ ਚੁ'ਕਾ ਹੈ, ਹੁਣ ਸਾਨੂੰ ਆਪਣੇ ਪੰਜਾਬ ਦੇਸ਼ ਜਾ ਕੇ ਉਥੋਂ ਦੀ ਸਾਰ ਲੈਣੀ ਚਾਹੀਦੀ ਹੈ। ਜਿਹੜਾ ਅਨੰਦਪੁਰ ਵਸਾਇਆ ਹੈ ਉਸ ਨੂੰ ਵੀ ਜਾ ਕੇ ਦੇਖੀਏ। ਇਸ ਤਰ੍ਹਾਂ ਦੇ ਬਚਨ ਸੁਣ ਕੇ ਗੁਰੂ ਜੀ ਨੇ ਕਿਹਾ, ਮਾਤਾ ਜੀ! ਤੁਸੀਂ ਠੀਕ ਕਿਹਾ ਹੈ, ਸਮਾਂ ਅਨਕੂਲ਼ ਹੋਣ ਤੇ ਜਲਦੀ ਚਲਾਂਗੇ। ਪੰਜਾਬ ਜਾਣ ਦੀ ਗ'ਲ ਸੁਣ ਕੇ ਬਾਲ ਗੋਬਿੰਦ ਰਾਇ ਜੀ ਵੀ ਬਹੁਤ ਖੁਸ਼ ਹੋਏ।

*ਕਿਤਿਕ ਮਾਸ ਸ੍ਰੀ ਸਤਿਗੁਰੂ*
*ਪਟਣੇ ਬਿਖੈ ਬਿਤਾਇ।*
*ਗਮਨਹਿ ਅਬਿ ਪੰਜਾਬ ਕੋ*
*ਉਰ ਅਭਿਲਾਖ ਉਠਾਇ।*
*ਮਾਤ ਨਾਨਕੀ ਸੋਂ ਤਬ ਕਹਯੋ।*
*ਹਮ ਪ੍ਰਸਥਾਨ ਆਪਨੋ ਲਹਯੋ।*
*ਆਇ ਪਿਤਾ ਕੇ ਢਿਗ ਥਿਰੇ*
*ਸ੍ਰੀ ਗੋਬਿੰਦ ਸਿੰਘ ਰਾਇ।*
*ਚਲਨਿ ਸੁਨਯੋ ਪੰਜਾਬ ਕੋ*
*ਬੋਲੇ ਅਨੰਦ ਬਧਾਇ।*

ਇਸ ਤਰ੍ਹਾਂ ਨਾਲ ਆਪ ਜੀ ਨੇ ਪਟਨਾ ਸਾਹਿਬ ਤੋਂ ਵਿਦਾ ਹੋਣ ਦੀ ਤਿਆਰੀ ਕਰ ਲਈ ਤੇ ਬਿਹਬਲ ਹੋ ਰਹੀਆਂ ਸੰਗਤਾਂ ਨੂੰ ਧੀਰਜ ਦਿਤਾ। ਇਹ ਵੀ ਬਚਨ ਕੀਤਾ ਕਿ ਅਸੀਂ ਪਹਿਲਾਂ ਜਾ ਰਹੇ ਹਾਂ, ਮਗਰੋਂ ਬਾਲਾ ਪ੍ਰੀਤਮ ਜੀ ਦੇ ਦਰਸ਼ਨ ਕਰਦੇ ਰਹਿਣਾ ਇਨ੍ਹਾਂ ਦੇ ਦਰਸ਼ਨ ਸਾਡੇ ਹੀ ਦਰਸ਼ਨ ਹਨ। ਕੁਝ ਸਮੇਂ ਬਾਦ ਇਹ ਵੀ ਸਾਡੇ ਕੋਲ ਪੰਜਾਬ ਆ ਜਾਣਗੇ। ਉਥੇ ਵਸਦੇ ਮਸੰਦ ਸਿੱਖਾਂ ਨੂੰ ਗੁਰ ਮਰਯਾਦਾ ਬਾਰੇ ਸਮਝਾਇਆ ਕਿ ਇਥੇ ਸਤਸੰਗ ਕਰਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨਾ ਹੈ। ਇਥੇ ਸ਼ਰਧਾ ਧਾਰ ਕੇ ਜੋ ਵੀ ਕੋਈ ਮੰਗੇਗਾ ਗੁਰੂ ਨਾਨਕ ਸਾਹਿਬ ਸਭ ਦੀਆਂ ਮੁਰਾਦਾਂ ਪੂਰੀਆਂ ਕਰਨਗੇ। ਇਸ ਸੰਬੰਧ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੱਥ ਲਿਖਤ ਹੁਕਮਨਾਮੇ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਮੌਜੂਦ ਹਨ ਜਿਨ੍ਹਾਂ ਦੇ ਦਰਸ਼ਨ ਹੁਣ ਵੀ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

*'ਚਲਦਾ............।'*

# ਜਪੁ ਜੀ ਸਾਹਿਬ ਦੀ ਮੂਲ-ਵਿਚਾਰਧਾਰਾ

*ਡਾ. ਜਗਜੀਤ ਸਿੰਘ*

## (ਪਉੜੀ ੧ ਤੋਂ ੫)

ਜਪੁਜੀ ਸਾਹਿਬ ਵਿਚ ਮਨੁੱਖਾ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਪ੍ਰਸ਼ਨ ਉਠਾਇਆ ਗਿਆ ਹੈ ਅਤੇ ਉਸ ਦਾ ਅਨੁਭਵੀ ਸਮਾਧਾਨ ਵੀ ਦੱਸਿਆ ਗਿਆ ਹੈ। ਇਸ ਰਚਨਾ ਦੀਆਂ 38 ਪਉੜੀਆਂ ਹਨ, ਅਰੰਭ ਵਿਚ ਮੂਲਮੰਤਰ ਅਤੇ ਸਲੋਕ ਪ੍ਰਾਪਤ ਹੈ ਜੋ ਇਸ ਪ੍ਰਕਾਰ ਹਨ-

*(ਮੂਲਮੰਤਰ)*

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*॥ ਜਪੁ ॥*

*(ਸਲੋਕ)*

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਭਾਵ ਇਹ ਹੈ ਕਿ ਬ੍ਰਹਿਮੰਡ ਵਿਚ ਕੇਵਲ ਅਤੇ ਕੇਵਲ ਇਕ ਵਾਹਿਗੁਰੂ ਜੀ ਹਨ, ਹੋਰ ਕੁਝ ਨਹੀਂ, ਉਹ ਹੀ ਓਅੰਕਾਰ ਰੂਪ ਸਾਰੇ ਪਸਰ ਰਹੇ ਹਨ ਜੋ ਸਤਿ ਹਨ, ਸਦੀਵ ਹਨ, ਸੱਚੀ ਹੋਂਦ ਵਾਲੇ ਹਨ, ਸੱਚੇ ਨਾਮ ਵਾਲੇ ਹਨ, ਬਾਕੀ ਸਭ ਅਸਤਿ ਹੈ, ਵਕਤੀ ਹੈ, ਸੱਚੀ ਹੋਂਦ ਵਾਲਾ ਨਹੀਂ, ਕਾਲ-ਵਾਚੀ ਹੈ, ਬਿਨਸਨਹਾਰ ਹੈ। ਉਹ ਹੀ ਬ੍ਰਹਿਮੰਡ ਦੇ ਕਰਤਾ ਹਨ ਤੇ ਹਰ ਰੂਪ, ਹਰ ਕਿਰਤ ਵਿਚ ਭਰਪੂਰ ਹਨ। ਭੈ-ਰਹਿਤ ਅਤੇ ਵੈਰ-ਰਹਿਤ ਹਨ ਜੋ ਕਿਸੇ ਜੀਵ ਦੇ, ਸਮਾਜ ਦੇ ਸਰਵੋਤਮ ਗੁਣ ਹੋ ਸਕਦੇ ਹਨ। ਸੰਸਾਰ ਵਿਚ ਸਰਬ ਸ੍ਰੇਸ਼ਠ ਮਨੁੱਖ ਨਿਰਭਉ ਨਿਰਵੈਰ ਹੋਵੇਗਾ ਜੋ ਅੰਦਰੋਂ ਨਿਰਭਉ ਨਿਰਵੈਰ ਨਾਲ ਜੁੜਨ ਨਾਲ ਹੀ ਸੰਭਵ ਹੈ। ਕੇਵਲ ਵਾਹਿਗੁਰੂ ਜੀ ਦਾ ਸਰੂਪ ਹੀ ਕਾਲ-ਰਹਿਤ ਹੈ, ਬਾਕੀ ਸਭ ਰੂਪ-ਸਰੂਪ ਮਰਨ-ਸ਼ੀਲ ਹਨ। ਵਾਹਿਗੁਰੂ ਜੀ ਜਨਮ ਮਰਨ ਰਹਿਤ ਅਤੇ ਸੁਤੇ ਸਿਧ ਸ੍ਵੈ-ਪ੍ਰਕਾਸ਼ਮਾਨ ਹਨ, ਬਾਕੀ ਸਰੂਪ ਕਰਮ ਪ੍ਰਤੀਕਰਮ ਵਜੋਂ ਹੋਂਦ ਵਿਚ ਆਉਂਦੇ ਹਨ। ਵਾਹਿਗੁਰੂ ਜੀ ਗੁਰੂ ਸਰੂਪ ਹੋ ਕੇ ਆਪ ਮਾਰਗ ਦਰਸ਼ਨ ਕਰਦੇ ਹਨ ਅਤੇ ਕ੍ਰਿਪਾ ਸਰੂਪ ਹੀ ਹਨ। ਐਸੇ ਵਾਹਿਗੁਰੂ ਜੀ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹਨ ਅਰਥਾਤ ਰਚਨਾ ਤੋਂ ਪਹਿਲਾਂ, ਰਚਨਾ ਹੋਣ ਤੇ, ਜੁਗਾਂ ਦੇ ਅਰੰਭ ਤੋਂ, ਹੁਣ ਵਰਤਮਾਨ ਵਿਚ ਅਤੇ ਅੱਗੋਂ ਭਵਿੱਖ ਵਿਚ ਅਤੇ ਰਚਨਾ-ਕਾਲ ਦੀ ਸਮਾਪਤੀ ਤੇ ਵੀ ਸਤਿ ਸਰੂਪ ਰਹਿਣਗੇ। ਐਸੇ ਵਾਹਿਗੁਰੂ ਜੀ ਦੇ ਜਾਪ ਦਾ ਆਦੇਸ਼ ਹੈ, ਇਸੇ ਲਈ ਸਿਰਲੇਖ ਦਿਤਾ ਹੈ 'ਜਪੁ'।

ਪਹਿਲੀ ਪਉੜੀ ਵਿਚ ਸਰਬ ਮਨੁੱਖਤਾ ਦੇ ਕਲਿਆਣ ਹਿਤ ਮੂਲ ਪ੍ਰਸ਼ਨ ਉਠਾਇਆ - 'ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ?' ਅਰਥਾਤ ਮਨੁੱਖ ਦੇ ਅੰਦਰ ਸੱਚ ਕਿਵੇਂ ਪ੍ਰਕਾਸ਼ਮਾਨ ਹੋਵੇ? ਮਨੁੱਖ ਅਤੇ ਰੱਬ ਦੁਆਲੇ ਪਈ ਕੂੜ ਦੀ ਦੀਵਾਰ ਨੂੰ ਤੋੜ ਕੇ ਮਨੁੱਖ ਸਚਿਆਰ ਕਿਵੇਂ ਬਣੇ? ਇਸ ਦੇ ਉੱਤਰ ਵਿਚ ਪਹਿਲਾਂ ਪੁਰਾਤਨ ਭਾਰਤੀ ਪਰੰਪਰਾਈ ਤਰੀਕੇ ਦੱਸੇ ਹਨ। ਜੋ ਆਤਮਕ ਪ੍ਰਕਾਸ਼ ਲਈ ਨਿਸਫਲ ਹਨ ਜਿਵੇਂ ਤੀਰਥਾਂ ਦੇ ਇਸ਼ਨਾਨ। ਇਨ੍ਹਾਂ ਨਾਲ ਸਰੀਰਕ ਸੁੱਚ ਤਾਂ ਹੋ ਸਕਦੀ ਹੈ, ਮਨ ਦੀ ਸੁੱਚਤਾ ਨਹੀਂ ਮਿਲ ਸਕਦੀ। ਇਕ-ਤਾਰ ਸਮਾਧੀ ਲਾਉਣ ਨਾਲ, ਚੁੱਪ ਧਾਰਨ ਕਰਨ ਨਾਲ ਵੀ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ, ਕੂੜ ਦੀ ਦੀਵਾਰ ਨਹੀਂ ਟੁੱਟ ਸਕਦੀ, ਹਜ਼ਾਰਾਂ ਲੱਖਾਂ ਸਿਆਣਪਾਂ ਅਤੇ ਚਤੁਰਾਈਆਂ ਹੋ ਜਾਣ ਨਾਲ ਵੀ ਪ੍ਰਭੂ ਨਾਲ ਸਾਂਝ ਨਹੀਂ ਪੈਂਦੀ, ਅੰਤਰ ਆਤਮਾ ਪ੍ਰਕਾਸ਼ਮਾਨ ਨਹੀਂ ਹੁੰਦਾ। ਪ੍ਰਭੂ ਨਾਲੋਂ ਜੀਵ ਦੀ ਵਿੱਥ ਮਿਟਾਉਣ ਦਾ ਇਕੋ ਇਕ ਤਰੀਕਾ ਹੈ ਕਿ ਜੀਵ ਪ੍ਰਭੂ ਦੇ ਹੁਕਮ ਨੂੰ ਸਮਝੇ, ਉਸ ਦੀ ਰਜ਼ਾ ਵਿਚ ਤੁਰੇ ਜੋ ਰੱਬੀ ਹੁਕਮ ਤੇ ਰਜ਼ਾ ਧੁਰ ਤੋਂ ਹੀ ਜੀਵ ਲਈ ਆਵਸ਼ਕ ਮਿੱਥ ਦਿਤੀ ਗਈ ਹੈ। ਇਸ ਤਰ੍ਹਾਂ ਪਹਿਲੀ ਪਉੜੀ ਵਿਚ ਗੁਰਬਾਣੀ ਦੇ ਪ੍ਰਮੁੱਖ ਸਿਧਾਂਤ 'ਹੁਕਮ' ਨੂੰ ਗੁਰੂ ਜੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਮੁੱਖ ਸਾਧਨ ਮੰਨਦੇ ਹਨ -

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥*
*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥*
*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*

*ਅੰਗ - ੧*

'ਹੁਕਮਿ' ਕੀ ਹੈ? ਇਸ ਦੀ ਵਿਆਖਿਆ ਅਗਲੀਆਂ ਪਉੜੀਆਂ ਵਿਚ ਅਤੇ ਸਮੁੱਚੀ ਗੁਰਬਾਣੀ ਵਿਚ ਪ੍ਰਾਪਤ ਹੈ। ਪ੍ਰਮਾਤਮਾ ਇਕ ਹੈ, ਸਗੋਂ ਇਕੋ ਪ੍ਰਮਾਤਮਾ ਹੀ ਸਰਬ ਵਿਆਪਕ ਹੈ। ਉਹ ਹੀ ਸਾਰੇ ਬ੍ਰਹਿਮੰਡ ਦਾ 'ਕਰਤਾ ਪੁਰਖ' ਹੈ, ਸਾਰੀ ਰਚਨਾ, ਸਾਰੇ ਆਕਾਰ ਉਸ ਦੇ ਹੁਕਮ ਵਿਚ ਹੀ ਹੋਂਦ ਵਿਚ ਆਉਂਦੇ ਹਨ ਤੇ ਰੂਪ ਰੰਗ ਧਾਰਨ ਕਰਦੇ ਹਨ। ਜਿਨ੍ਹਾਂ ਵਾਹਿਗੁਰੂ ਬੇਅੰਤ ਤੇ ਵਿਸ਼ਾਲ ਹੈ, ਓਨਾ ਹੀ ਉਸ ਦਾ 'ਹੁਕਮ' ਵੀ ਬੇਅੰਤ ਅਤੇ ਵਿਸ਼ਾਲ ਹੈ ਜਿਸ ਦਾ ਬਿਆਨ ਨਹੀਂ ਹੋ ਸਕਦਾ-

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥*
*ਅੰਗ - ੧*

ਇਸ ਰੱਬੀ ਹੁਕਮ ਅਨੁਸਾਰ ਹੀ ਸਾਰੇ ਜੀਅ ਜੰਤ ਵੀ ਪੈਦਾ ਹੁੰਦੇ ਹਨ ਅਤੇ ਇਸ ਹੁਕਮ ਦੀ ਖੇਡ, ਹੁਕਮ ਦੇ ਨਿਆਂ ਅਨੁਸਾਰ ਮਨੁੱਖ ਨੂੰ ਸ਼ੋਭਾ, ਵਡਿਆਈ ਮਿਲਦੀ ਹੈ। ਕੋਈ ਮਨੁੱਖ ਚੰਗਾ ਬਣ ਜਾਂਦਾ ਹੈ, ਕੋਈ ਮਾੜਾ। ਅਰਥਾਤ ਪੂਰਾ ਕਰਮ ਸਿਧਾਂਤ ਇਸ ਹੁਕਮ ਦਾ ਹੀ ਅਨੁਸਾਰੀ ਹੈ -

*੧. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - ੧੩੪*

*੨. ਜੋ ਮੈ ਕੀਆ ਸੋ ਮੈ ਪਾਇਆ॥*
*ਦੋਸੁ ਨ ਦੀਜੈ ਅਵਰ ਜਨਾ॥ ਅੰਗ- ੪੩੩*

ਆਪਣੇ ਕਰਮਾਂ ਦੇ ਲਿਖੇ ਅਨੁਸਾਰ ਦੁਖ ਤੇ ਸੁਖ ਭੋਗੀਦੇ ਹਨ। ਹੁਕਮ ਅਨੁਸਾਰ ਹੀ ਕਈ ਮਨੁੱਖਾਂ ਤੇ ਅਕਾਲ ਪੁਰਖ ਦੇ ਦਰ ਤੋਂ ਬਖਸ਼ਿਸ਼ ਹੋ ਜਾਂਦੀ ਹੈ ਤੇ ਉਹ ਪ੍ਰਭੂ ਨੂੰ ਜਾ ਮਿਲਦੇ ਹਨ ਅਤੇ ਉਸ ਦੇ ਹੁਕਮ ਵਿਚ ਹੀ ਕਈ ਮਨੁੱਖ ਨਿਤ ਜਨਮ ਮਰਨ ਦੇ ਗੇੜ ਵਿਚ ਘੁੰਮਦੇ ਰਹਿੰਦੇ ਹਨ।

ਕੋਈ ਵੀ ਕਿਰਤ ਹੁਕਮ ਤੋਂ ਬਾਹਰ ਨਹੀਂ ਹੈ, ਕੋਈ ਵਿਚਾਰ, ਕੋਈ ਵੀ ਘਟਨਾ ਹੁਕਮ ਤੋਂ ਮੁਕਤ ਨਹੀਂ ਹੈ, ਸਭ ਕੁਝ ਰੱਬੀ ਹੁਕਮ ਵਿਚ ਹੋ ਰਿਹਾ ਹੈ। ਜੇ ਅਜਿਹਾ ਹੈ ਤਾਂ ਮਨੁੱਖ ਦੀ ਹਉਮੈ ਦੇ ਕੀ ਅਰਥ ਰਹਿ ਜਾਂਦੇ ਹਨ?

ਮਨੁੱਖ ਰੱਬ ਨੂੰ, ਰੱਬੀ ਹੁਕਮ ਨੂੰ ਭੁੱਲ ਕੇ ਆਪਣੀ ਹਉਮੈ ਅਧੀਨ ਆਪ ਕਰਤਾ ਬਣ ਬਹਿੰਦਾ ਹੈ। ਹੰਗਤਾ ਅਤੇ ਮਮਤਾ ਦੇ ਅਸਰ ਹੇਠ ਮੇਰ ਤੇਰ, ਵੈਰ, ਵਿਰੋਧ, ਦੁਖ ਸੁਖ, ਆਪਣੇ ਬਿਗਾਨੇ ਚੰਗੇ ਮੰਦੇ ਦਾ ਹਉਮੈਵਾਦੀ ਸੰਸਾਰ ਸਿਰਜ ਲੈਂਦਾ ਹੈ ਤੇ ਕਦੀ ਹਉਮੈ ਦੀ ਤ੍ਰਿਪਤੀ ਹੋਣ ਤੇ ਥੋੜ੍ਹੇ ਸਮੇਂ ਲਈ ਸੁਖੀ ਮਹਿਸੂਸ ਕਰਦਾ ਹੈ ਪਰ ਝੱਟ ਹੀ ਹਉਮੈ ਨੂੰ ਠੇਸ ਪਹੁੰਚਦੀ ਹੈ ਤਾਂ ਦੁਖੀ ਹੁੰਦਾ ਹੈ। ਗੁਰਵਾਕ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮੁ ਰਾਇ ਦੇਇ ਸਜਾਇ ॥*
*ਪ੍ਰਭ ਕਿਰਪਾ ਤੇ ਬੰਧਨ ਤੁਟੈ ॥*
*ਗੁਰ ਪ੍ਰਸਾਦਿ ਨਾਨਕ ਹਉ ਛੁਟੈ ॥ ਅੰਗ- ੨੭੮*

ਏਥੇ ਜਪੁ ਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਜੇ ਸੱਚੇ ਦਿਲੋਂ ਵਾਹਿਗੁਰੂ ਨੂੰ ਕਰਤਾ ਮੰਨ ਲਈਏ ਅਤੇ ਹੁਕਮ ਵਿਚ ਹੋ ਰਹੀ ਖੇਡ ਨੂੰ ਸਮਝ ਲਈਏ ਤਾਂ ਹਉਮੈ ਦਾ ਵਿਨਾਸ ਹੋ ਜਾਂਦਾ ਹੈ -

*ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥*
*ਪਉੜੀ ੨*

ਮਨੁੱਖ 'ਹੁਕਮ' ਤੋਂ ਟੁੱਟ ਕੇ 'ਹਉਮੈ' ਦੇ ਸੰਸਾਰ ਵਿਚ ਸਾਰਾ ਜੀਵਨ ਵਿਅਰਥ ਗਵਾ ਲੈਂਦਾ ਹੈ। ਹਉਮੈ ਵਿਚ ਵਿਚਰਦਿਆਂ ਪ੍ਰਭੂ ਅਤੇ ਨਾਮ ਨਾਲ ਪ੍ਰੀਤ ਨਹੀਂ ਹੋ ਸਕਦੀ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ ॥ ਅੰਗ- ੫੬੦*

ਗੁਰਬਾਣੀ ਵਿਚ ਬੜਾ ਸਪੱਸ਼ਟ ਕਿਹਾ ਹੈ 'ਹੁਕਮ' ਨੂੰ ਸਮਝੇ ਬੁੱਝੇ ਬਿਨਾਂ ਪ੍ਰਭੂ ਦੇ ਦਰ ਦੀ ਪਛਾਣ ਨਹੀਂ ਹੋ ਸਕਦੀ -

*ਹੁਕਮੈ ਬੂਝੈ ਤਾ ਦਰ ਸੂਝੈ।*
*ਗਿਆਨ ਵਿਹੂਣਾ ਕਥਿ ਕਥਿ ਲੂਝੈ॥ ਅੰਗ- ੪੯੬*

ਇਸ ਲਈ 'ਹੁਕਮ' ਦੀ ਸੋਝੀ ਤੇ 'ਹਉਮੈ' ਵਿਚ ਵਿਚਰਨਾ ਦੋ ਵਿਰੋਧੀ ਭਾਵਨਾਵਾਂ ਹਨ। ਜਪੁਜੀ ਦੀ ਤੀਜੀ ਪਉੜੀ ਵਿਚ ਦੱਸਿਆ ਹੈ ਕਿ ਸੰਸਾਰ ਆਪਣੇ ਵਿਤ ਅਨੁਸਾਰ ਪ੍ਰਭੂ ਦੀਆਂ ਦਾਤਾਂ ਨੂੰ ਚੇਤੇ ਕਰਦਾ ਹੈ, ਕੋਈ ਉਸ ਦੇ ਬੇਅੰਤ ਤਾਣ ਦੀ ਸ਼ਲਾਘਾ ਕਰਦਾ ਹੈ, ਕੋਈ ਉਸ ਦੀਆਂ ਦਾਤਾਂ ਨੂੰ ਯਾਦ ਕਰਦਾ ਹੈ, ਕੋਈ ਉਸ ਦੇ ਮਹਾਨ ਗੁਣ ਤੇ ਵਡਿਆਈਆਂ ਦਾ ਵਰਨਣ ਕਰਦਾ ਹੈ, ਕੋਈ ਵਿਦਿਆ ਦੇ ਬਲ ਨਾਲ ਉਸ ਦੇ ਕਠਨ ਗਿਆਨ ਦਾ ਗਾਇਨ ਕਰਦਾ ਹੈ, ਕੋਈ ਇਉਂ ਗਾਇਨ ਕਰਦਾ ਹੈ ਕਿ ਅਕਾਲ ਪੁਰਖ ਸਰੀਰ ਬਣਾਉਂਦਾ ਵੀ ਹੈ ਤੇ ਪਲ ਵਿਚ ਖੇਹ ਵੀ ਕਰ ਦਿੰਦਾ ਹੈ ਜਾਂ ਫਿਰ ਇਕ ਸਰੀਰ ਵਿਚੋਂ ਜਿੰਦ ਕੱਢ ਕੇ ਦੂਜੇ ਸਰੀਰ ਵਿਚ ਪਾ ਦਿੰਦਾ ਹੈ। ਕਿਸੇ ਨੂੰ ਅਕਾਲ ਪੁਰਖ ਦੂਰ ਨਜ਼ਰ ਆਉਂਦਾ ਹੈ, ਕਿਸੇ ਨੂੰ ਹਾਜ਼ਰ ਨਾਜ਼ਰ। ਇਹ ਸਭ ਉਸ ਦੇ ਹੁਕਮ ਦੀ ਖੇਡ ਹੈ ਜਿਸ ਨੂੰ ਕ੍ਰੋੜਾਂ ਹੀ ਜੀਵ ਅਨੇਕ ਢੰਗਾਂ ਨਾਲ ਵਰਨਣ ਕਰਦੇ ਹਨ ਪਰ ਹੁਕਮ ਨੂੰ ਪੂਰੇ ਤੌਰ ਤੇ ਵਰਨਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਪ੍ਰਭੂ ਬੇਅੰਤ ਹੈ, ਪ੍ਰਭੂ ਦਾ ਪਸਾਰਾ ਬੇਅੰਤ ਹੈ ਅਤੇ ਉਸ ਦਾ ਵਰਨਣ ਵੀ ਬੇਅੰਤ ਹੈ, ਹੁਕਮ ਦੀ ਖੇਡ ਦਾ ਪੂਰਾ ਵਰਨਣ ਹੋ ਸਕਣਾ ਅਸੰਭਵ ਹੈ, ਹੁਕਮ ਦਾ ਅੰਤ ਨਹੀਂ

ਪਾਇਆ ਜਾ ਸਕਦਾ, ਉਸ ਦਾ ਸਹੀ ਸਰੂਪ ਨਹੀਂ ਦੱਸਿਆ ਜਾ ਸਕਦਾ। ਨਾ ਹੀ ਉਸ ਦੀਆਂ ਦਾਤਾਂ ਦਾ ਅੰਤ ਹੈ ਜਿਨ੍ਹਾਂ ਨੂੰ ਮਨੁੱਖ ਜੁਗਾਂ ਜੁਗਾਂਤਰਾਂ ਤੋਂ ਭੋਗਦਾ ਆ ਰਿਹਾ ਹੈ।

ਪ੍ਰਭੂ ਦੇ ਹੁਕਮ ਅਨੁਸਾਰ ਸਾਰੀ ਰਚਨਾ ਚਲ ਰਹੀ ਹੈ, ਦਾਤਾਂ ਪ੍ਰਾਪਤ ਹੋ ਰਹੀਆਂ ਹਨ ਪਰ ਇਹ ਹੁਕਮ ਦੀ ਕਿਰਿਆ ਸਹਿਜਮਈ ਹੈ, ਇਸ ਵਿਚ ਕੋਈ ਉਚੇਚ ਨਹੀਂ। ਹੁਕਮ ਦੀ ਕਾਰ ਚਲਾਂਦਾ ਪ੍ਰਭੂ ਸਦਾ ਅਨੰਦ, ਖੇੜੇ ਤੇ ਵਿਗਾਸ ਵਿਚ ਵਿਚਰਦਾ ਹੈ, 'ਸਦਾ ਸਚਿਦਾਨੰਦ' ਰਹਿੰਦਾ ਹੈ -

*ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥*
*ਗਾਵੈ ਕੋ ਦਾਤਿ ਜਾਣੈ ਨੀਸਾਣੁ ॥*
*ਗਾਵੈ ਕੋ ਗੁਣ ਵਡਿਆਈ ਆਚਾਰ ॥*
*ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥*
*ਗਾਵੈ ਕੋ ਸਾਜਿ ਕਰੇ ਤਨੁ ਖੇਹ ॥*
*ਗਾਵੈ ਕੋ ਜੀਅ ਲੈ ਫਿਰਿ ਦੇਹ ॥*
*ਗਾਵੈ ਕੋ ਜਾਪੈ ਦਿਸੈ ਦੂਰਿ ॥*
*ਗਾਵੈ ਕੋ ਵੇਖੈ ਹਾਦਰਾ ਹਦੂਰਿ ॥*
*ਕਥਨਾ ਕਥੀ ਨ ਆਵੈ ਤੋਟਿ ॥*
*ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥*
*ਦੇਦਾ ਦੇ ਲੈਦੇ ਥਕਿ ਪਾਹਿ ॥*
*ਜੁਗਾ ਜੁਗੰਤਰਿ ਖਾਹੀ ਖਾਹਿ ॥*
*ਹੁਕਮੀ ਹੁਕਮੁ ਚਲਾਏ ਰਾਹੁ ॥*
*ਨਾਨਕ ਵਿਗਸੈ ਵੇਪਰਵਾਹੁ ॥ ਅੰਗ-੧ (ਪਉੜੀ ੩)*

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ 'ਹੁਕਮ' ਦੀ ਸੋਝੀ ਕਿਵੇਂ ਹੋਵੇ? 'ਹੁਕਮ' ਵਿਚ ਪੂਰਨ ਵਿਸ਼ਵਾਸ਼ ਕਿਵੇਂ ਪੈਦਾ ਹੋਵੇ? ਪਉੜੀ 4 ਵਿਚ ਇਸ ਦਾ ਸਮਾਧਾਨ ਕੀਤਾ ਹੈ ਕਿ ਵਾਹਿਗੁਰੂ ਸਥਿਰ ਹੈ, ਸੱਚਾ ਹੈ; ਉਸ ਦਾ ਨਿਆਂ ਵੀ ਸੱਚਾ ਹੈ, 'ਹੁਕਮ' ਵੀ ਸੱਚਾ ਹੈ। ਇਹ ਸਖਤੀ ਵਾਲਾ, ਕਿਸੇ ਜਾਬਰ ਦਾ ਹੁਕਮ ਨਹੀਂ, ਕਰੜੀਆਂ ਸਜ਼ਾਵਾਂ ਦੇਣ ਵਾਲਾ ਨਹੀਂ, ਸਗੋਂ ਨਦਰ ਵਾਲਾ ਹੈ, ਅਥਾਹ ਪ੍ਰੇਮ ਵਾਲਾ ਨਿਆਂਕਾਰੀ ਹੈ। ਹੁਕਮ ਦੀ ਖੇਡ ਵਿਚ ਹੀ ਪ੍ਰੇਮ ਅਤੇ ਨਦਰ ਦੇ ਅੰਸ਼ ਸੰਮਿਲਤ ਹਨ ਕਿਉਂਕਿ ਇਕ ਪਾਸੇ ਉਸ ਦਾ ਹੁਕਮ ਅਟੱਲ ਹੈ, ਤਾਂ ਦੂਜੇ ਬੰਨ੍ਹੇ ਉਹ ਸਦਾ-ਸਦਾ ਦਇਆਲ ਵੀ ਹੈ, ਬਖਸ਼ਣਹਾਰ ਵੀ ਹੈ। ਉਸ ਨੂੰ ਪਿਆਰ ਦੀ ਭਾਸ਼ਾ ਚੰਗੀ ਲਗਦੀ ਹੈ, ਅੰਮ੍ਰਿਤ ਵੇਲੇ, ਪ੍ਰਭਾਤ ਵੇਲੇ, ਪੂਰਨ ਖਿੜਾਉ ਦੇ ਸਮੇਂ ਪਿਆਰ ਰਸ ਨਾਲ ਭਰਪੂਰ ਹੋ ਕੇ ਉਸ ਦਾ ਨਾਮ ਜਪੀਏ, ਵਡਿਆਈਆਂ ਦੀ ਵੀਚਾਰ ਕਰੀਏ ਤਾਂ ਹਰ ਥਾਂ ਭਰਪੂਰ ਪਿਆਰ ਸਰੂਪ ਪ੍ਰਮਾਤਮਾ ਦੀ ਨਦਰ ਦੇ ਪਾਤਰ ਬਣੀਦਾ ਹੈ। ਫੁਰਮਾਨ ਹੈ -

*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥*
*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥*
*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥*
*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥*
*ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥*
*ਅੰਗ-੨ (ਪਉੜੀ-੪)*

ਅਗਲੀ ਪੰਜਵੀਂ ਪਉੜੀ ਵਿਚ ਇਸੇ ਭਾਵ ਨੂੰ ਮੁੜ ਦ੍ਰਿੜ੍ਹ ਕੀਤਾ ਹੈ ਕਿ ਪ੍ਰਭਾਤ ਵੇਲੇ ਮਿਹਰਵਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰੋ, ਸੁਰਤਿ ਜੋੜ ਕੇ ਸੁਣੋ ਅਤੇ ਹਿਰਦੇ ਵਿਚ ਉਸ ਦਾ ਪ੍ਰੇਮ ਟਿਕਾਉ। ਗੁਰੂ ਜੀ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਉਹ ਵਾਹਿਗੁਰੂ ਨਿਰਲੇਪ ਹੈ ਅਤੇ ਸਭ ਥਾਂਈ ਭਰਪੂਰ ਹੈ। ਕਿਸੇ ਇਕ ਥਾਂ ਥਾਪਿਆ ਜਾਂ ਟਿਕਾਇਆ ਜਾਂ ਬਣਾਇਆ ਨਹੀਂ ਜਾ ਸਕਦਾ। ਪਿਆਰ ਭਾਵਨਾ ਵਿਚ ਗਾਇਨ ਕਰਨ ਅਤੇ ਸੁਣਨ ਦਾ ਇਹ ਲਾਭ ਹੈ ਕਿ ਸਾਰੇ ਦੁਖਾਂ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਨੂੰ ਅਸੀਂ ਯਾਦ ਕਰਦੇ ਹਾਂ ਉਹ ਸੁਖਾਂ ਦਾ, ਅਨੰਦ ਦਾ ਘਰ ਹੈ। ਅਸੂਲ ਇਹ ਹੈ - ***'ਜੈਸਾ ਸੇਵੈ ਤੈਸੋ ਹੋਇ ॥'*** ਅਰਥਾਤ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ, ਉਸ ਦੇ ਸਰੂਪ ਵਿਚ ਹੀ ਢਲ ਜਾਂਦੇ ਹਾਂ।

ਇਹ ਵਿਸ਼ਵਾਸ਼ ਦ੍ਰਿੜ੍ਹ ਹੋਣਾ ਜ਼ਰੂਰੀ ਹੈ ਕਿ ਗੁਰੂ ਹੀ ਗਿਆਨਦਾਤਾ ਹੈ, ਗੁਰੂ ਹੀ ਸ਼ਿਵ ਹੈ, ਗੁਰੂ ਹੀ ਗੋਰਖ, ਬ੍ਰਹਮਾ ਅਤੇ ਮਾਈ ਪਾਰਬਤੀ ਹੈ। ਗੁਰੂ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ ਬ੍ਰਹਮਾ, ਸ਼ਿਵ ਆਦਿ ਦੀ ਅਰਾਧਨਾ ਦੀ ਲੋੜ ਨਹੀਂ ਰਹਿੰਦੀ। ਉਸ ਨੂੰ ਅੰਮ੍ਰਿਤ ਵੇਲੇ ਸਿਮਰਨਾ ਅਤੇ ਸਦਾ ਯਾਦ ਰੱਖਣਾ ਸਭ ਤੋਂ ਉੱਤਮ ਕਿਰਿਆ ਹੈ -

*ਥਾਪਿਆ ਨ ਜਾਇ ਕੀਤਾ ਨ ਹੋਇ ॥*
*ਆਪੇ ਆਪਿ ਨਿਰੰਜਨੁ ਸੋਇ ॥*
*ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥*
*ਨਾਨਕ ਗਾਵੀਐ ਗੁਣੀ ਨਿਧਾਨੁ ॥*
*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥*
*ਗੁਰਮੁਖਿ ਨਾਦੰ ਗੁਰਮੁਖਿ ਵੇਦੰ*
*ਗੁਰਮੁਖਿ ਰਹਿਆ ਸਮਾਈ ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥*
*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥*
*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥ ੫ ॥ ਅੰਗ-੨ (ਪਉੜੀ-੫)*

*'ਚਲਦਾ..............।'*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੩

### ੮. ਗੁਰਸਿੱਖਾਂ ਲਈ ਸਾਧਨ, ਦਸ਼ਾ ਤੇ ਵਰਤਨ

ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।
ਪੂਰੀ ਸਤਿਗੁਰ ਮਤ ਸਬਦ ਸਮ੍ਹਾਲੀਐ।
ਦਰਗਹ ਧੋਈਐ ਪਤਿ ਹਉਮੈ ਜਾਲੀਐ।
ਘਰ ਹੀ ਜੋਗ ਜੁਗਤਿ ਬੈਸਣਿ ਧ੍ਰਮਸਾਲੀਐ।
ਪਾਵਨ ਮੋਖ ਮੁਕਤਿ ਗੁਰ ਸਿਖਿ ਪਾਲੀਐ।
ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।
ਪਾਤਿਸਾਹੀ ਇਕ ਛਤ ਖਰੀ ਸੁਖਾਲੀਐ।
ਪਾਣੀ ਪੀਹਣ ਘਤਿ ਸੇਵਾ ਘਾਲੀਐ।
ਮਸਕੀਨੀ ਵਿਚ ਵਤਿ ਚਾਲ ਨਿਰਾਲੀਐ।

ਪਦਾਰਥ - ਬੈਸਣਿ=ਬੈਠਣਾ। ਮੋਖ ਮੁਕਤਿ=ਕੇਵਲ ਮੋਖ। ਪੂਰੀ ਮੁਕਤੀ। ਇਕ ਛੱਤ=ਉਹ। ਪਾਤਿਸਾਹੀ ਜਿਸ ਦਾ ਇਕੋ (ਛਤਰ) ਰਾਜਾ ਹੈ। ਭਾਵ ਅਕਾਲ ਪੁਰਖ ਕੱਲਾ ਸ੍ਰਿਸ਼ਟੀ ਦਾ ਪਾਤਸ਼ਾਹ ਹੈ। ਐਸਾ ਰਾਜ ਸੁਖਦਾਈ ਤੇ ਸੁਤੰਤਰਤਾ ਵਾਲਾ ਹੁੰਦਾ ਹੈ।

ਅਰਥ - ਪੂਰਾ ਸਤਿਗੁਰੂ ਸਤਿ (ਸਰੂਪ), ਗੁਰਮੁਖ (ਹੋ ਕੇ ਉਸ ਦੀ) ਭਾਲ ਕਰੀਏ। (ਉਸ) ਸਤਿਗੁਰ ਦੀ ਪੂਰੀ ਮਤਿ (ਇਹ ਹੈ ਕਿ ਸਦਾ) ਸ਼ਬਦ ਦੀ ਸੰਭਾਲ ਕਰੀਏ। (ਅਤੇ) ਹਉਮੈ ਨੂੰ ਸਾੜ ਕੇ ਦਰਗਾਹ ਲਈ ਆਪਣੀ ਮਤ ਧੋ ਲਵੀਏ (ਕਿਸ ਤਰ੍ਹਾਂ) ਘਰ ਵਿਚ ਹੀ (ਵਾਹਿਗੁਰੂ ਨਾਲ) ਜੁੜ ਜਾਣ ਦੀ ਜੁਗਤ ਧਰਮਸਾਲ (ਸਤਿਸੰਗ) ਵਿਚ ਬੈਠ ਕੇ ਸਿੱਖ ਲਵੀਏ। ਜੋ ਗੁਰੂ ਦੀ ਸਿੱਖੀ ਨੂੰ ਐਉਂ ਲੈ ਕੇ ਪਾਲਦੇ ਹਨ, ਕੇਵਲ ਮੁਕਤੀ ਪਾਉਂਦੇ ਹਨ। (ਉਨ੍ਹਾਂ ਦੇ) ਅੰਦਰ ਪ੍ਰੇਮਾ ਭਗਤੀ ਹੁੰਦੀ ਹੈ, (ਉਨ੍ਹਾਂ ਪਰ ਵਾਹਿਗੁਰੂ ਦੀ) ਮੇਹਰ ਦੀ ਨਜ਼ਰ ਹੁੰਦੀ। ਇਕ ਛਤ (ਛੱਤ੍ਰ ਵਾਲੀ ਸੁਤੰਤਰ) ਪਾਤਸ਼ਾਹੀ (ਇਨ੍ਹਾਂ ਨੂੰ) ਖਰੀ ਸੁਖੱਲੀ ਪ੍ਰਾਪਤ ਹੋ ਜਾਂਦੀ ਹੈ (ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ) (ਪਾਤਸ਼ਾਹ ਹੋ ਕੇ ਫੇਰ) ਪਾਣੀ (ਢੋਣ, ਚੱਕੀਦਾ) ਪੀਹਣਾ ਪਾਉਂਦੇ ਤੇ (ਹੋਰ) ਸੇਵਾ ਘਾਲਦੇ ਹਨ। ਨਿਰਾਲੀ ਚਾਲ (ਇਹ ਹੈ) ਕਿ ਗਰੀਬੀ ਵਿਚ ਫਿਰਦੇ ਹਨ।

ਭਾਵ - ਅਕਾਲ ਪੁਰਖ, ਜੋ ਗੁਰੁ ਸਰੂਪ ਵਿਚ ਉਪਦੇਸ਼ ਦੇਂਦਾ, ਗੁਰਮੁਖਾਂ ਦੁਆਰਾ ਸਤਿਸੰਗ ਵਿਚ ਲੱਭਦਾ ਹੈ। ਉਸ ਨੂੰ ਪ੍ਰਾਪਤ ਕਰਨ ਦੀ ਜੁਗਤ ਪ੍ਰੇਮਾ ਭਗਤੀ ਅੰਦਰ ਖੋਜਣੀ ਹੈ। ਪ੍ਰਾਪਤ ਕਰਕੇ ਸੁਖੀ ਮਨ ਤੇ ਖੁਸ਼ੀ ਰਹੀਦਾ ਹੈ ਤੇ ਆਦਿ ਅੰਤ ਹਥੋਂ ਸੇਵਾ ਕਰੀਦੀ ਹੈ, ਚਾਹੇ ਗਰੀਬ ਹੋਵੇ ਚਾਹੇ ਅਮੀਰ।

### ੯. ਗੁਰਮੁਖਾਂ ਦੇ ਲੱਛਣ

ਗੁਰਮੁਖਿ ਸਚਾ ਖੇਲੁ ਗੁਰ ਉਪਦੇਸਿਆ।
ਸਾਧ ਸੰਗਤਿ ਦਾ ਮੇਲ ਸਬਦ ਅਵੇਸਿਆ।
ਫੁਲੀਂ ਤਿਲੀਂ ਫੁਲੇਲ ਸੰਗਿ ਸਲੇਸਿਆ।
ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ।
ਨ੍ਹਾਵਣ ਅੰਮ੍ਰਿਤ ਵੇਲ ਵਸਨ ਸੁਦੇਸਿਆ।
ਗੁਰ ਜਪ ਰਿਦੈ ਸੁਹੇਲ ਗੁਰ ਪਰਵੇਸਿਆ।
ਭਾਉ ਭਗਤਿ ਭਉ ਭੇਲ ਸਾਧ ਸਰੇਸਿਆ।

ਨਿਤ ਨਿਤ ਨਵਲ ਨਵੇਲ ਗੁਰਮੁਖਿ ਭੇਸਿਆ।
ਖੈਰ ਦਲਾਲ ਦਲੇਲ ਸੇਵ ਸਹੇਸਿਆ।

ਪਦਾਰਥ - ਅਵੇਸਿਆ=ਘਰ ਕੀਤਾ। ਸਲੇਸਿਆ=ਸ੍ਰੇਸ਼ਠ। ਸੁਦੇਸਿਆ=ਸ੍ਰੇਸ਼ਟ ਦੇਸ਼। ਖੈਰ=ਭਿਖਯਾ। ਦਲੇਲ=ਦਲੇਰ।

ਅਰਥ - ਗੁਰਮੁਖਾਂ ਦਾ, (ਜਿਨ੍ਹਾਂ ਨੂੰ) ਗੁਰੂ ਦਾ ਉਪਦੇਸ਼ ਮਿਲਿਆ ਹੈ, ਸਚਾ ਖੇਲ (ਇਹ ਹੈ)। ਸਤਿਸੰਗ ਨਾਲ (ਉਨ੍ਹਾਂ ਨੇ) ਮੇਲ (ਕੀਤਾ ਤੇ) ਸਬਦ ਵਿਖੇ ਘਰ ਕੀਤਾ ਹੈ। ਫੁਲਾਂ ਨਾਲ ਮਿਲ ਕੇ ਤਿਲ ਸ੍ਰੇਸ਼ਟ ਫੁਲੇਲ (ਹੋ ਜਾਂਦੇ ਹਨ ਤਿਵੇਂ ਗੁਰਮੁਖਾਂ ਦਾ) ਸਤਿਸੰਗ ਹੈ। ਗੁਰਸਿੱਖਾਂ ਦੇ ਨੱਕ ਵਿਖੇ (ਭਾਣੇ ਦੀ) ਨਕੇਲ (ਪਈ ਹੋਈ ਹੈ ਇਸ ਲਈ ਉਹਨਾਂ ਦੇ) ਅੰਦੇਸੇ ਮਿਟੇ ਹੋਏ ਹਨ। ਅੰਮ੍ਰਿਤ ਵੇਲੇ ਸ਼ਨਾਨ ਕਰਦੇ, (ਸਤਿਸੰਗ ਰੂਪੀ ਅਥਵਾ ਸ੍ਵੈ ਸਰੂਪ ਰੂਪੀ) ਸ੍ਰੇਸ਼ਟ ਦੇਸ਼ ਵਿਖੇ ਵਸਦੇ ਹਨ। ਗੁਰੂ ਦਾ ਜਾਪ ਰਿਦੇ ਵਿਚ ਜਪ ਕੇ ਤੇ ਗੁਰੂ ਦਾ (ਰਿਦੇ ਵਿਚ) ਪ੍ਰਵੇਸ਼ ਕਰਕੇ ਸੁਖੀ ਰਹਿੰਦੇ ਹਨ। ਭੈ, ਭਾਉ, ਪ੍ਰੇਮਾ ਭਗਤੀ ਨਾਲ ਮੇਲ ਹੈ। (ਇਸ ਕਰਕੇ) ਸ੍ਰੇਸ਼ਟ ਸਾਧੂ ਹਨ। ਗੁਰਮੁਖਾਂ ਦਾ ਨਿਤ-ਨਿਤ ਨਵੇਂ ਤੋਂ ਨਵਾਂ ਭੇਸ (ਪ੍ਰੇਮ ਦਾ ਰੰਗ) ਹੁੰਦਾ ਹੈ। (ਗੁਰਮੁਖ) ਖੈਰ (ਨਾਮ ਰੂਪੀ ਭਿਖਿਆ ਦੇ, ਜੋ ਖੈਰ ਦਾਤੀ ਹੈ, ਸੌਦਾ ਕਰਾਉਣ ਵਾਲੇ। ਦਲੇਰ ਦਲਾਲ ਹਨ, (ਸੇਵ) ਪੂਜਨੀਕ ਤੇ (ਸਹੰਸਿਆ=ਸਹਈਸ਼) ਈਸ਼ਵਰ ਦੇ ਸਾਥ ਮਿਲੇ ਹੋਏ ਹਨ।

## ੧੦. ਚਰਨ ਧੂੜ

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
ਗੁਰਮੁਖਿ ਸਬਦ ਗਿਆਨ ਨੇੜ ਨ ਦੂਰ ਹੈ।
ਪੂਰਬ ਲਿਖਤ ਨੀਸਾਨ ਕਰਮ ਅੰਕੂਰ ਹੈ।
ਗੁਰ ਸੇਵਾ ਪਰਧਾਨ ਸੇਵਕ ਸੂਰ ਹੈ।
ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ।
ਲਖ ਲਖ ਸਸੀਅਰ ਭਾਨੁ ਕਿਰਨ ਠਰੂਰ ਹੈ।
ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ।
ਭਗਤਿ ਵਛਲ ਪਰਵਾਣੁ ਚਰਣਾ ਚੂਰ ਹੈ।
ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ।

ਪਦਾਰਥ - ਨਿਸ਼ਾਨ=ਪ੍ਰਗਟ। ਅੰਕੂਰ=ਅੰਗੂਰ। ਸੂਰ=ਸੂਰਮੇ। ਨੂਰ=ਪ੍ਰਕਾਸ਼ਮਾਨ। ਠਰੂਟ=ਸੀਤਲ। ਚੂਰ=ਮਾਤ।

ਗੁਰ ਮੂਰਤੀ ਦਾ ਧਿਆਨ ਕਰ (ਗੁਰੂ) ਸਦਾ ਹਜ਼ੂਰ ਹੈ। ਗੁਰੂ ਦੁਆਰੇ ਸ਼ਬਦ ਦਾ (ਜਿਨ੍ਹਾਂ ਨੂੰ) ਗਿਆਨ (ਹੋਯਾ ਹੈ, ਉਹਨਾਂ ਨੂੰ ਈਸ਼ਵਰ) ਨੇੜੇ ਭਾਸਦਾ ਹੈ, ਦੂਰ ਨਹੀਂ ਹੈ। ਪ੍ਰੰਤੂ ਕਰਮਾਂ ਦਾ ਅੰਗੂਰ ਪੂਰਬ ਲਿਖੇ ਅਨੁਸਾਰ (ਪ੍ਰਗਟ ਹੁੰਦਾ) ਸੂਰਮਾ ਕੇਵਲ ਗੁਰੂ ਸੇਵਾ ਵਿਚ ਪਰਧਾਨ (ਹੋ ਜਾਂਦਾ ਹੈ) ਪੂਰਨ ਵਡਾ ਭੰਡਾਰ (ਵਾਹਿਗੁਰੂ) ਸਦਾ ਭਰਪੂਰ ਹੈ (ਕਦੇ ਖਾਲੀ ਨਹੀਂ) ਸਾਧ ਸੰਗਤ ਦੇ ਅਸਥਾਨ ਵਿਖੇ (ਉਸਦਾ) ਨੂਰ ਜਗਮਗ ਕਰ ਰਿਹਾ ਹੈ। (ਸਤਿਸੰਗ ਦੇ ਨੂਰ-ਪ੍ਰਕਾਸ਼ ਦੇ ਅੱਗੇ) ਲੱਖਾਂ ਚੰਦਰਮਾਂ ਲੱਖਾਂ ਸੂਰਜਾਂ ਦੀਆਂ ਕਿਰਨਾਂ ਠੰਢੀਆਂ (ਮਾਤ) ਹਨ। ਲੱਖਾਂ ਬੇਦ ਤੇ ਲੱਖਾਂ ਪਰਾਨ (ਸਤਿਸੰਗ ਦੇ) ਕੀਰਤਨ ਅੱਗੇ ਮਾਤ ਹਨ। (ਐਸੇ ਦੀ) ਚਰਨ ਧੂੜ ਭਗਤਾਂ ਦੇ ਪਿਆਰੇ (ਪਰਮੇਸੁਰ) ਵਲੋਂ ਪ੍ਰਵਾਨ ਹੈ।

ਭਾਵ - ਐਸੇ ਸਤਿਗੁਰ ਦੀ ਚਰਨ ਧੂੜ ਪ੍ਰਾਪਤ ਕੀਤਿਆਂ ਸੁਖ ਹੁੰਦਾ ਹੈ, ਵਾਹਿਗੁਰੂ ਨੂੰ ਇਹ ਗੱਲ ਚੰਗੀ ਲਗਦੀ ਹੈ - ''ਧੂੜੀ ਮਜਨੁ ਸਾਧਖੇ ਸਾਈ ਥੀਏ ਕ੍ਰਿਪਾਲ॥'

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 94. ਭਜਨੀਕ ਪੁਰਸ਼ੋਂ ਕੀ ਨਿਸ਼ਾਨੀਆਂ

ਆਸ਼ਕਾਂ ਰਾ ਨੌਂ ਨਿਸ਼ਾਨੀ, ਐ ਪਿਸਰ।
ਰੰਗ ਜ਼ਰਦ ਓ, ਆਹ ਸਰਦ ਓ, ਚਸਮ ਤਰ
ਕਮ ਖੁਰਦਨੋ, ਕਮ ਗੁਫ਼ਤਨੋਂ, ਖਾਬਸ਼ ਹਰਾਮ।
ਇੰਤਜ਼ਾਰੀ, ਬੇਕਰਾਰੀ, ਦਸਤ-ਏ-ਸਰ।

ਖੁਦਾਈ ਆਸ਼ਕੋਂ ਕੀ ਨੌ ਨਿਸ਼ਾਨੀਏਂ ਹੂਆ ਕਰਤੀ ਹੈਂ -

1. ਚਿਹਰੇ ਦਾ ਰੰਗ ਜ਼ਰਦ। 2. ਠੰਢੀ ਆਹੇਂ। 3. ਆਂਖੇ ਪ੍ਰੇਮ ਕੇ ਆਂਸੂਓਂ ਸੇ ਤਰ 4. ਭੂਖ ਕਮ

5. ਬੋਲ ਚਾਲ ਕਮ 6. ਨੀਂਦ ਬਹੁਤ ਹੀ ਕਮ 7. ਇੰਤਜ਼ਾਰੀ 8. ਮਿਲਾਪ ਵਾਸਤੇ ਬੇਕਰਾਰੀ 9. ਹਾਥ ਸਰ ਪਰ ਰੱਖ ਕਰ ਬੈਠ ਰਹਿਨਾ ਵਗ਼ੈਰਾ

ਪ੍ਰਮੇਸ਼ਰ ਕੇ ਪ੍ਰੇਮੀ ਇਕਾਂਤ ਜ਼ਿਆਦਾ ਨਿਵਾਸ ਕਰਤੇ ਹੈਂ ਔਰ ਕਮ ਖਾਤੇ ਹੈਂ, ਕਮ ਸੋਤੇ ਹੈਂ ਔਰ ਕਮ ਬੋਲਾ ਕਰਤੇ ਹੈਂ। ਭਜਨ ਅਨੰਦੀ ਹੋਨੇ ਮੇਂ ਯਹ ਚਾਰ ਬਾਤੇਂ ਮਦਦਗਾਰ ਹੂਆ ਕਰਤੀ ਹੈਂ।

1. ਆਸ਼ਕਾਂ ਰਾ = ਪ੍ਰੇਮੀਆਂ ਦੀਆਂ 2. ਪਿਸਰ=ਪੁੱਤਰ 3. ਚਸ਼ਮ ਤਰ=ਸੱਜਲ ਅੱਖਾਂ 4. ਖੁਰਦਨੋ=ਭੁੱਖ 5. ਗੁਫ਼ਤਨੋ=ਗੱਲਾਂ 6. ਖ਼ਾਬਸ਼=ਨੀਂਦ 7. ਇੰਤਜ਼ਾਰੀ=ਉਡੀਕ 8. ਜ਼ਰਦ=ਪੀਲਾ

## 95. ਅਵਿਦਿਆ ਦੋ ਕਿਸਮ ਕੀ ਹੋਤੀ ਹੈ

1. ਤੂਲਾ ਅਵਿਦਿਆ 2. ਲੇਸ਼ਾ ਅਵਿਦਿਆ

ਬ੍ਰਹਮ ਕਾ ਗਿਆਨ ਹੋਨੇ ਸੇ ਤੂਲਾ ਅਵਿਦਿਆ ਤੋ ਨਾਸ਼ ਹੋ ਜਾਤੀ ਹੈ ਔਰ ਲੇਸ਼ਾ ਅਵਿਦਿਆ, ਜਿਤਨੀ ਦੇਰ ਤੱਕ ਪ੍ਰਾਰਭਧ ਹੈ ਔਰ ਸ਼ਰੀਰ ਹੈ, ਉਤਨੀ ਦੇਰ ਤਕ ਰਹਿਤੀ ਹੈ। ਫਿਰ ਵੋਹ ਭੀ ਨਾਸ਼ ਹੋ ਜਾਇਆ ਕਰਤੀ ਹੈ ਜਬ ਕਿ ਪ੍ਰਾਰਭਧ ਖਸ਼ੈ ਸੇ ਸ਼ਰੀਰ ਕਾ ਅਭਾਵ ਹੋ ਜਾਏਗਾ।

ਲੇਸ਼ਾ ਅਵਿਦਿਆ ਸੇ ਹੀ ਸਰੀਰ ਔਰ ਸੰਸਾਰ ਔਰ ਵਿਵਹਾਰ ਕਾ ਭਾਨ ਐਸੇ ਹੋਵੇ ਹੈ, ਜੈਸੇ ਸੁਪਨ ਮੇਂ ਸੁਪਨ ਅਵਿਦਿਆ ਕੇ ਬਲ ਕੇ ਸੁਪਨ ਸ਼ਰੀਰ ਔਰ ਸੁਪਨ ਜਗਤ ਔਰ ਸੁਪਨ ਵਿਵਹਾਰ ਭਾਸਤਾ ਹੈ। ਪਰ ਜਾਗਨੇ ਪਰ ਸਭ ਕਾ ਅਭਾਵ ਹੋ ਜਾਤਾ ਹੈ।

ਕੋਈ ਭੀ ਪੁਰਸ਼ ਵਿਸ਼ੇ, ਆਸ਼ਾਓਂ ਰੂਪੀ ਬੰਧਨੋਂ ਸੇ ਮੁਕਤ ਹੂਏ ਬਿਨਾਂ, ਬ੍ਰਹਮ ਗਿਆਨ ਦੁਆਰਾ ਮੁਕਤੀ ਔਰ ਆਨੰਦ ਨਹੀਂ ਪ੍ਰਾਪਤ ਕਰ ਸਕਤਾ। ਖ੍ਵਾਹ (ਚਾਹੇ) ਵੋਹ ਚਾਰ ਵੇਦ, ਛੇ ਸ਼ਾਸਤ੍ਰ, ਅਠਾਰਾਂ ਪੁਰਾਨ ਔਰ ਸਤਾਈਸ ਸਿਮ੍ਰਤੀਓਂ ਕਾ ਗਿਆਤਾ ਭੀ ਕਿਉਂ ਨਾ ਹੋ ਔਰ ਕਿਤਨਾ ਹੀ ਚਤੁਰ ਪੰਡਿਤ ਕਿਉਂ ਨਾ ਹੋ।

ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਪਾਂਚ ਵਿਸ਼ੇ ਪਾਂਚੋਂ ਹੀ ਗਿਆਨ ਇੰਦ੍ਰੀਓਂ ਕੇ ਹੈਂ। ਯਹ ਹੀ ਇਨਸਾਨ ਕੀ ਜ਼ਿੰਦਗੀ ਮੇਂ ਖੁਆਰੀ ਕਾ ਬਾਇਸ (ਕਾਰਨ) ਹੈਂ ਔਰ ਆਗੇ ਜਨਮ ਮਰਨ ਕਾ ਸਬੱਬ ਹੈਂ। ਇਸ ਵਾਸਤੇ ਸਾਧਕ ਕੋ ਪਹਿਲੇ ਇਨ ਕੋ ਅਪਨੇ ਕਾਬੂ ਮੇਂ ਕਰਨਾ ਚਾਹੀਏ ਔਰ ਫਿਰ ਇਸ ਮਾਰਗ ਮੇਂ ਪਾਉਂ ਰਖਨਾ ਚਾਹੀਏ।

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-55)*

ਜਦੋਂ ਮਨ ਸਾਫ ਹੋ ਜਾਂਦਾ ਹੈ, ਬੁੱਧੀ ਸਾਫ ਹੋ ਜਾਂਦੀ ਹੈ। ਤੁਹਾਡਾ ਵਿਸ਼ਵਾਸ਼, ਤੁਹਾਡਾ ਭਰੋਸਾ ਸਮਝ ਦਾ ਹੈ, ਬੁੱਧੀ ਦਾ ਹੈ। ਤਿੱਖੀ ਸਮਝ, ਭਰੋਸਾ ਬਣਾ ਸਕਦੀ ਹੈ ਪਰ ਅਕਲ ਭਰੋਸੇ 'ਤੇ ਸਵਾਰੀ ਕਰਦੀ ਹੈ। ਇਸ ਸਮਝ ਦਾ ਕੋਈ ਅੰਤ ਨਹੀਂ ਹੈ। ਭਾਰਤ ਦੀ ਨਿਆਏ ਫਿਲੌਸਫੀ ਪ੍ਰਮਾਤਮਾ ਦੀ ਹੋਂਦ ਨੂੰ ਮੰਨ ਕੇ ਉਸ ਤੇ ਵਿਸ਼ਵਾਸ਼ ਕਰਦੀ ਹੈ। ਪਰ ਬਹੁਤ ਸਾਰੇ ਬਾਕੀ ਦੇ ਸਿਸਟਮ ਉਸ ਨੂੰ ਮੰਨਣ ਨੂੰ ਤਿਆਰ ਨਹੀਂ। ਉਹ ਦਸਣਾ ਚਾਹੁੰਦੇ ਹਨ ਕਿ ਪ੍ਰਮਾਤਮਾ ਨਾਂ ਦੀ ਕੋਈ ਚੀਜ਼ ਹੀ ਨਹੀਂ।

ਆਮ ਤੌਰ 'ਤੇ ਕਿਸੇ ਵੀ ਚੀਜ਼ ਦੇ ਅਸਰ ਤੋਂ ਪਹਿਲਾਂ ਉਸ ਦੇ ਪ੍ਰਭਾਵ ਦਾ ਪਤਾ ਲਗਦਾ ਹੈ। ਜਿਥੇ ਕਿੱਥੇ ਧੂਆਂ ਹੋਏਗਾ, ਅੱਗ ਤਾਂ ਹੋਏਗੀ ਹੀ। ਕਹਿੰਦੇ ਹਨ, ਕਈ ਵਾਰੀ ਅਸਰ ਤੋਂ ਬਿਨਾਂ ਹੀ ਕਾਰਣ ਬਣ ਜਾਂਦਾ ਹੈ। ਉਹ ਕਾਰਣ ਸਾਨੂੰ ਦਿਖਦਾ ਨਹੀਂ, ਬਹੁਤ ਤਿੱਖਾ ਦਿਮਾਗ ਮਨ ਕੁਝ ਵੀ ਠੀਕ ਸਾਬਤ ਕਰ ਸਕਦਾ ਹੈ। ਕੁਝ ਵੀ ਰੱਦ ਕਰ ਸਕਦਾ ਹੈ ਭਾਵ ਕਿਸੇ ਚੀਜ਼ ਨੂੰ ਰੱਦ ਕਰੋ ਤਾਂ ਠੀਕ ਬਾਤ ਕਰੇ ਪਰ ਸੱਚ ਤਾਂ ਅਟੱਲ ਹੀ ਰਹਿਣਾ ਹੈ। ਸੱਤ ਤਾਂ ਸੱਚ ਹੀ ਰਹਿੰਦਾ ਹੈ। ਉਸ ਨੂੰ ਸਬੂਤ ਦੀ ਲੋੜ ਨਹੀਂ। ਤੁਹਾਡੀ ਦਿਮਾਗ ਸ਼ਕਤੀ ਸੱਚ ਨੂੰ ਸਾਬਤ ਕਰ ਸਕਦੀ ਹੈ। ਉਲਟ ਵੀ ਸਾਬਤ ਕਰ ਸਕਦੀ ਹੈ। ਪ੍ਰਮਾਤਮਾ ਕਿਵੇਂ ਬਹਿਸ ਲਈ ਨਹੀਂ ਹੈ। ਜੇ ਬਹਿਸ ਸਾਬਤ ਕਰ ਸਕਦੀ ਤਾਂ ਸਾਰੀ ਦੁਨੀਆਂ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੀ। ਸੱਚ ਲਈ ਤਰਕ ਦੀ ਲੋੜ ਨਹੀਂ। ਇਹ ਗੱਲ ਜ਼ਰੂਰ ਹੈ ਕਿ ਸੱਚ ਨੂੰ ਸਾਬਤ ਕਰਨਾ, ਸੱਚ ਤੇ ਝੂਠ ਵਿਚ ਫਰਕ ਦਸਣਾ ਇਹ ਤਰਕ ਹੀ ਕਰ ਸਕਦਾ ਹੈ। ਅਫਸੋਸ ਇਹ ਹੈ ਕਿ ਮਨੁੱਖ ਕੋਲ ਤਰਕ ਨੂੰ ਛੱਡ ਕੇ ਹੋਰ ਕੁਝ ਹੈ ਹੀ ਨਹੀਂ ਆਪਣੇ ਅੰਦਰ ਦੇਖਣ ਦਾ, ਸੋਚਣ ਦਾ।

ਸੰਸਾਰ ਦਾ ਮਾਲਕ ਬ੍ਰਹਮਾ ਹੈ। ਬ੍ਰਹਮਾ ਦਾ ਸੁਭਾਅ ਹੈ ਘੜਨਾ, ਪੈਦਾ ਕਰਨਾ, ਸੰਭਾਲਣਾ ਇਹ ਸਭ ਬ੍ਰਹਮਾ ਦੇ ਹੀ ਗੁਣ ਹਨ। ਪਰ ਬਾਵਜੂਦ ਇਸ ਦੇ ਬ੍ਰਹਮਾ ਜਿਵੇਂ ਕਿ ਸੂਰਜ ਦੀਆਂ ਕਿਰਨਾਂ ਗਰਮੀ ਦਿੰਦੀਆਂ ਹਨ। ਇਸੇ ਤਰ੍ਹਾਂ ਬ੍ਰਹਮਾ ਤੇ ਉਸ ਦੀਆਂ ਸ਼ਕਤੀਆਂ ਵਿਚ ਕੋਈ ਅੰਤਰ ਨਹੀਂ, ਇਹ ਇਕ ਹੀ ਬ੍ਰਹਮਾ ਤੇ ਉਸ ਦੀਆਂ ਸ਼ਕਤੀਆਂ ਵੀ ਬ੍ਰਹਮਾ ਹਨ।

ਬ੍ਰਹਮਾ ਦੀਆਂ ਸ਼ਕਤੀਆਂ ਹੀ ਸਿਰਜਦੀਆਂ ਹਨ, ਸਾਂਭਦੀਆਂ ਹਨ ਤੇ ਸੰਸਾਰ ਦਾ ਹਿੱਸਾ ਹਨ। ਬ੍ਰਹਮਾ ਹੀ ਸ਼ਕਤੀ ਹੈ, ਸ਼ਕਤੀ ਹੈ ਬ੍ਰਹਮਾ ਹੈ। ਸ਼ਕਤੀ ਦੀਆਂ ਲਹਿਰਾਂ ਉਠਦੀਆਂ ਹਨ। ਮੁੜ ਸ਼ਕਤੀ ਵਿਚ ਹੀ ਸਮਾਅ ਜਾਂਦੀਆਂ ਹਨ। ਪਾਣੀ ਸਾਗਰ ਵਿਚ ਹੈ, ਸ਼ਕਤੀ ਬ੍ਰਹਮਾ ਵਿਚ ਹੈ। ਸਾਰੀਆਂ ਸ਼ਕਤੀਆਂ, ਗਿਆਨ ਬ੍ਰਹਮਾ ਵਿਚ ਹੀ ਹੈ। ਸਿਆਣੇ ਬੰਦੇ ਲਈ ਗਿਆਨ ਹੀ ਰੱਬ ਹੈ। ਰੱਬ ਤੇ ਗਿਆਨ, ਗਿਆਨ ਤੇ ਸਮਾਂ ਸਾਰੇ ਬ੍ਰਹਿਮੰਡ ਨੂੰ ਕਿਰਿਆਸ਼ੀਲ ਕਰਦੇ ਹਨ। ਸਾਰੇ ਬ੍ਰਹਿਮੰਡ ਨੂੰ ਰੌਸ਼ਨ ਕਰਦੇ ਹਨ।

ਸੰਸਾਰ ਰੱਬ ਦੀ ਸ਼ਕਤੀ ਨਾਲ ਹੀ ਚਲਦਾ ਹੈ। ਇਹ ਸ਼ਕਤੀ ਨਾ ਤਾਂ ਦਿਸਦੀ ਹੈ, ਪਰ ਇਹ ਸਾਰੇ ਕਿਤੇ ਫੈਲੀ ਹੋਈ ਹੈ। ਸਾਡੀ ਸਾਰੀ ਕਿਰਿਆ ਪ੍ਰਮਾਤਮਾ ਦੀ ਸ਼ਕਤੀ ਨਾਲ ਹੀ ਚਲਦੀ ਹੈ। ਜੋ ਕੁਝ ਵੀ ਹੁੰਦਾ ਹੈ ਸੰਸਾਰ ਵਿਚ ਭਾਵੇਂ ਛੋਟਾ ਹੋਵੇ, ਥੋੜ੍ਹਾ ਹੋਵੇ, ਬਹੁਤਾ ਹੋਵੇ, ਵੱਡਾ ਹੋਵੇ ਸਭ ਪ੍ਰਮਾਤਮਾ ਦੀ ਮਿਹਰ ਨਾਲ ਹੀ ਚਲਦਾ ਹੈ। ਭਾਵੇਂ ਸਾਨੂੰ ਦਿਸਦਾ ਹੋਵੇ ਭਾਵੇਂ ਨਾ ਦਿਸਦਾ ਹੋਵੇ।

ਪ੍ਰਮਾਤਮਾ ਇਕ ਹੀ ਹੈ ਭਾਵੇਂ ਉਹ ਦਿਸਦਾ ਨਹੀਂ। ਦਿਸਦੇ ਸੰਸਾਰ ਵਿਚ ਇਹ ਸ਼ਕਤੀ ਹੈ। ਅੱਜ ਦਾ ਵਿਗਿਆਨ ਵੀ ਇਸ ਗੱਲ ਨੂੰ ਮੰਨਦਾ ਹੈ। ਜੋ ਕੁਝ ਉਪਨਿਸ਼ਦਾਂ ਵਿਚ ਦਸਿਆ ਹੈ ਉਹ ਹੀ ਸੱਚ ਹੈ।

ਸ਼ਕਤੀ ਦੇ ਬਾਰੇ ਜਾਨਣ ਤੋਂ ਪਹਿਲਾਂ ਸ਼ਕਤੀ ਤੇ ਮਨੁੱਖ ਦੇ ਸਬੰਧ ਬਾਰੇ ਜਾਣ ਲੈਣਾ ਜ਼ਰੂਰੀ ਹੈ। ਮਨੁੱਖ ਦਾ ਕੀ ਰਿਸ਼ਤਾ ਹੈ, ਬ੍ਰਹਿਮੰਡ ਨਾਲ, ਇਹ ਜਾਨਣਾ ਜ਼ਰੂਰੀ ਹੈ। ਭਾਵੇਂ ਸ਼ਕਤੀਆਂ ਆਪਣੇ ਆਪ ਮਨੁੱਖ ਵਿਚ ਕਿਸ ਤਰ੍ਹਾਂ ਕੰਮ ਕਰਦੀਆਂ ਹਨ। ਉਹ ਕਿਹੜੀ ਸ਼ਕਤੀ ਹੈ ਜਿਹੜੀ ਕੰਮ ਕਰਦੀ ਹੈ। ਅਸੀਂ ਕਿਸ ਤਰ੍ਹਾਂ ਫੈਸਲਾ ਕਰਦੇ ਹਾਂ ਕਿ ਅਸੀਂ ਸੱਚ ਜਾਨਣਾ ਚਾਹੁੰਦੇ ਹਾਂ। ਉਪਨਿਸ਼ਦਾਂ ਅਨੁਸਾਰ ਸਾਡੀ ਇੱਛਾ ਸ਼ਕਤੀ, ਸਾਰੇ ਸਵਾਲਾਂ ਦੇ ਜਵਾਬ ਦਿੰਦੀ ਹੈ। ਇੱਛਾ ਸ਼ਕਤੀ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਹੈ ਜਿਹੜੀ ਇਸ ਦਾ ਜਵਾਬ ਦੇ ਸਕੇ। ਗਿਆਨ ਤੇ ਇੱਛਾ ਸ਼ਕਤੀ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਹੈ। ਸ਼ਕਤੀ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਸ਼ਕਤੀ ਦਾ ਕੀ ਰਿਸ਼ਤਾ ਹੈ ਸੋਚ ਤੇ ਕੰਮ ਕਰਨ ਨਾਲ।

ਇੱਛਾ ਸ਼ਕਤੀ ਪ੍ਰਮਾਤਮਾ ਦੀ ਦਿਤੀ ਹੋਈ ਹੈ। ਇੱਛਾ ਸ਼ਕਤੀ ਤੋਂ ਬਿਨਾਂ ਹੋਰ ਸਾਰੀਆਂ ਸ਼ਕਤੀਆਂ ਕੰਮ ਨਹੀਂ ਕਰਦੀਆਂ। ਇੱਛਾ ਸ਼ਕਤੀ ਹੀ ਸਭ ਕੁਝ ਹੈ ਉਸ ਦੇ ਅੱਗੇ ਹੀ ਝੁਕਣਾ ਹੈ।

ਬਹੁਤ ਸਾਰੇ ਲੋਕ ਇੱਛਾ ਸ਼ਕਤੀ ਨੂੰ ਜਾਣਦੇ ਹੀ ਨਹੀਂ। ਉਨ੍ਹਾਂ ਦਾ ਬਹੁਤ ਸਾਰਾ ਜੀਵਨ ਕੁਦਰਤ ਵਲੋਂ ਚਲਦਾ ਹੈ। ਮਨੁੱਖ ਦਾ ਜੀਵਨ ਕੁਦਰਤ ਵਲੋਂ ਹੀ ਚਲਦਾ ਹੈ। ਮਨੁੱਖ ਦਾ ਜੀਵਨ ਅੰਦਰ ਦੀ ਇੱਛਾ ਨਾਲ ਹੀ ਚਲਦਾ ਹੈ। ਬਹੁਤ ਘੱਟ ਹੀ ਉਹ ਦਿਲ ਦੀ ਆਵਾਜ਼ ਸੁਣਦੇ ਹਨ ਤੇ ਆਪਣੀ ਇੱਛਾ ਸ਼ਕਤੀ ਨਾਲ ਕੰਮ ਕਰਦੇ ਹਨ। ਯੋਗੀਆਂ ਦੇ ਕੰਮ ਉਨ੍ਹਾਂ ਦੀ ਇੱਛਾ ਸ਼ਕਤੀ ਨਾਲ ਹੀ ਚਲਦੇ ਹਨ। ਇੱਛਾ ਸ਼ਕਤੀ ਪ੍ਰਮਾਤਮਾ ਦੀ ਸ਼ਕਤੀ ਨਾਲ ਹੀ ਚਲਦੀ ਹੈ। ਇੱਛਾ ਸ਼ਕਤੀ ਹੀ ਪ੍ਰੇਰਨਾ ਹੈ, ਸੋਚ ਹੈ, ਪ੍ਰਾਪਤੀ ਹੈ।

ਮਨੁੱਖ ਅਜੇ ਵੀ ਸਿਖਦਾ ਹੈ, ਜਨਮ ਤੋਂ ਲੈ ਕੇ ਮਰਨ ਤਕ ਸਿਖਦਾ ਹੈ। ਕਈਆਂ ਦੀ ਇੱਛਾ ਸ਼ਕਤੀ ਛੇਤੀ ਵਧਦੀ ਹੈ, ਕਈਆਂ ਦੀ ਦੇਰ ਨਾਲ। ਅੰਦਰ ਦਾ ਸੱਚ ਕਮਜ਼ੋਰ ਬੰਦੇ ਨਹੀਂ ਲੱਭ ਸਕਦੇ।

ਗ੍ਰੰਥਾਂ ਵਿਚ ਇੱਛਾ ਸ਼ਕਤੀ ਨੂੰ ਉੱਤਮ ਸ਼ਕਤੀ ਵੀ ਮੰਨਿਆ ਗਿਆ ਹੈ। ਇਸ ਸ਼ਕਤੀ ਕਾਰਣ ਪ੍ਰਮਾਤਮਾ ਚੇਤਨਾ ਨੂੰ ਬਰਾਬਰ ਰਖਦਾ ਹੈ। ਇਸੇ ਸ਼ਕਤੀ ਦੇ ਕਾਰਣ ਪ੍ਰਮਾਤਮਾ ਸੰਸਾਰ ਵਿਚ ਸੰਤੁਲਨ ਰਖਦਾ ਹੈ। ਇਸੇ ਸ਼ਕਤੀ ਨਾਲ ਪ੍ਰਮਾਤਮਾ ਸਿਰਜਦਾ ਹੈ। ਇਸ ਸ਼ਕਤੀ ਤੋਂ ਬਿਨਾਂ ਤੁਸੀਂ ਹਿਲਜੁਲ ਵੀ ਨਹੀਂ ਸਕਦੇ। ਇਸੇ ਸ਼ਕਤੀ ਨਾਲ ਸੰਸਾਰ ਦੀ ਸਿਰਜਨਾ ਹੋਈ। ਅੱਜ ਦਾ ਸੰਸਾਰ ਅੱਜ ਵੀ ਸੱਚ ਦੀ ਖੋਜ ਵਿਚ ਹੈ। ਅੱਜ ਵੀ ਸੰਸਾਰ ਨੇ ਸੱਚ ਨੂੰ ਕੋਈ ਧਿਆਨ ਨਹੀ ਦਿਤਾ, ਅੰਦਰ ਦੇ ਸਤਿ ਨੂੰ ਨਹੀਂ ਜਾਨਿਆ।

ਯੋਗ ਤੇ ਵੇਦਾਂਤ ਭਾਰਤ ਦੇ ਦੋ ਇਹੋ ਜਿਹੇ ਤਰੀਕੇ ਹਨ ਜਿਹੜੇ ਮਨ ਨੂੰ ਅੰਦਰੋਂ ਜਾਣਦੇ ਹਨ। ਅੰਦਰ ਦੇ ਸਤਿ ਨੂੰ ਲੱਭ ਲੈਂਦੇ ਹਨ। ਜਿਸ-ਜਿਸ ਤਰ੍ਹਾਂ ਅਸੀਂ ਅਭਿਆਸ ਕਰਦੇ ਹਾਂ ਇੱਛਾ ਸ਼ਕਤੀ ਪ੍ਰਗਟ ਹੁੰਦੀ ਜਾਂਦੀ ਹੈ। ਕੁਝ ਕੇਵਲ ਯੋਗ ਬਾਰੇ ਜਾਣ ਲੈਂਦੇ ਹਨ, ਯੋਗ ਬਾਰੇ ਜਾਣ ਲੈਣਾ ਹੀ ਕਾਫੀ ਨਹੀਂ। ਲੋੜ ਹੈ ਸਾਨੂੰ ਵੱਧ ਤੋਂ ਵੱਧ ਸਾਧਨਾ ਕਰਨ ਦੀ। ਅੰਦਰ ਦੇ ਸੱਚ ਨੂੰ ਬਾਹਰੋਂ ਨਹੀਂ ਜਾਣਿਆ ਜਾਂਦਾ। ਅੰਦਰ ਦੇ ਸਤਿ ਨੂੰ ਸਾਫ ਕਰਕੇ ਹੀ ਉਸ ਨੂੰ ਕੇਵਲ ਇਕ ਪਾਸੇ ਹੀ ਲਾਉਣਾ ਅੰਦਰ ਦਾ ਸਫਰ, ਅੰਦਰ ਨੂੰ ਸਾਫ ਕਰਕੇ ਹੀ ਹੋ ਸਕਦਾ ਹੈ। ਅੰਦਰ ਸਾਫ ਕਰਕੇ ਅਸੀਂ ਇੱਛਾ ਸ਼ਕਤੀ ਤੇ ਆਤਮਾ (soul) ਦੇ ਰਿਸ਼ਤੇ ਨੂੰ ਜਾਣ ਸਕਦੇ ਹਾਂ। ਇਕ ਵਾਰੀ ਇਹ ਜਾਣ ਕੇ ਹੀ ਅਸੀਂ ਇੱਛਾ ਸ਼ਕਤੀ ਨੂੰ ਜਾਣ ਸਕਦੇ ਹਾਂ। ਨਾ ਹੋਣ ਵਾਲਾ ਹੋ ਜਾਂਦਾ ਹੈ ਪਰ ਇਹ ਸਭ ਇੱਛਾ ਸ਼ਕਤੀ ਨਾਲ ਹੀ ਹੋ ਸਕਦਾ ਹੈ। ਕਰਮਾਂ ਦੇ ਕਾਨੂੰਨ ਵੀ ਇੱਛਾ ਸ਼ਕਤੀ ਨਾਲ ਹੀ ਚਲਦੇ ਹਨ। ਸਭ ਕੁਝ ਇੱਛਾ ਸਕਤੀ ਨਾਲ ਹੀ ਚਲਦਾ ਹੈ। ਅਸਲ ਵਿਚ ਪ੍ਰਮਾਤਮਾ ਹੀ ਸਭ ਕੁਝ ਨੂੰ ਚਲਾ ਰਿਹਾ ਹੈ। ਸਭ ਕੁਝ ਅਚੇਤ ਮਨ ਵਿਚ ਹੀ ਵਸਦਾ ਹੈ ਤੇ ਅਨੁਭਵ ਨਾਲ ਹੀ ਚਲਦਾ ਹੈ।

ਜੋ ਨਤੀਜੇ ਅੱਜ ਅਸੀਂ ਦੇਖਦੇ ਹਾਂ ਉਹ ਸਾਡੇ ਕੀਤੇ ਕਰਮ ਹਨ। ਜੋ ਅੱਜ ਅਸੀਂ ਕਰਦੇ ਹਾਂ ਉਹ ਅੱਗੇ ਮਿਲਣਗੇ। ਜੋ ਅਸੀਂ ਪਹਿਲੇ ਕੀਤਾ ਹੈ ਇਹ ਹੀ ਅਸੀਂ ਸੋਚਦੇ ਹਾਂ, ਬੋਲਦੇ ਹਾਂ, ਬੀਜਦੇ ਹਾਂ। ਬੀਜ ਤੋਂ ਹੀ ਦਰਖਤ ਬਣਦਾ ਹੈ। ਕੋਈ ਬੀਜ ਨੂੰ ਫੁਲਣ ਤੋਂ ਬੰਦ ਨਹੀਂ ਕਰ ਸਕਦਾ।

ਵਾਸਤਵ ਵਿਚ ਰੱਬ ਤੇ ਸਾਡੇ ਵਿਚ ਹਉਮੈ (ego) ਆ ਜਾਂਦੀ ਹੈ। ਹਉਮੈ (ego) ਨੂੰ ਛੱਡ ਕੇ ਬੰਦਾ ਪੂਰਾ ਹੋ ਜਾਂਦਾ ਹੈ। ਇੱਛਾ ਸ਼ਕਤੀ ਹੀ ਤੁਹਾਡੀ ਸ਼ਕਤੀ ਹੈ। ਤੁਹਾਡੇ ਤੇ ਨਿਰਭਰ ਹੈ ਤੁਸੀਂ ਉਸ ਨੂੰ ਕਿਸ ਤਰ੍ਹਾਂ ਵਰਤਦੇ ਹੋ।

ਯੋਗ ਤੋਂ ਪਤਾ ਲਗਦਾ ਹੈ ਕਿ ਸਚਾਈ ਕੀ ਹੈ। ਜਦੋਂ ਭਗਤ ਤੇ ਬ੍ਰਹਮ ਇਕ ਹੋ ਜਾਂਦੇ ਹਨ, ਜਦੋਂ ਭਗਤ ਆਪਣੀ ਹਉਮੈ ਤੋਂ ਉਪਰ ਉੱਠ ਕੇ ਦੇਖਦਾ ਹੈ ਉਹ ਪਿਛਲੀ ਸਚਾਈ ਨਾਲ ਰੱਬ ਦੀ ਪ੍ਰਾਪਤੀ ਕਰ ਲੈਂਦਾ ਹੈ। ਸੋਨੇ ਬਾਰੇ ਪੁੱਛ ਕੇ, ਪਤਾ ਕਰਕੇ ਸੋਨੇ ਦੀ ਪ੍ਰਾਪਤੀ ਨਹੀਂ ਹੋ ਜਾਂਦੀ। ਰੱਬ ਦੀ ਪ੍ਰਾਪਤੀ ਰੱਬ ਦਾ ਪਤਾ ਕਰਕੇ ਨਹੀਂ ਹੋ ਜਾਂਦਾ। ਆਪਣੀ ਸਚਾਈ ਪ੍ਰਾਪਤੀ ਨਹੀਂ ਹੋ ਜਾਂਦੀ। ਉਹ ਤਾਂ ਤੁਹਾਡੇ ਆਪਣੇ ਅਨੁਭਵ ਨਾਲ ਹੁੰਦੀ ਹੈ।

ਮਨੁੱਖ ਆਪਣੀ ਆਦਤ ਅਨੁਸਾਰ ਹੀ ਸਿਖਦਾ ਹੈ। ਤੁਹਾਡੇ ਕਈ ਪਾਸੇ ਜੋੜਨੇ ਪੈਂਦੇ ਹਨ। ਇਸੇ ਨੂੰ ਸਾਧਨਾ ਕਹਿੰਦੇ ਹਨ। ਸੱਚੇ ਸੁੱਚੇ ਮਨ ਨਾਲ ਰੱਬ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਪ੍ਰਾਪਤੀ ਨਹੀਂ ਹੋ ਸਕਦੀ।

ਜਿਨ੍ਹਾਂ ਨੂੰ ਆਪਣੀ ਇੱਛਾ ਸ਼ਕਤੀ ਦਾ ਪਤਾ ਹੈ, ਆਪਣੀ ਤਾਕਤ ਦਾ ਪਤਾ ਹੈ, ਉਹ ਆਪਣੀ ਤਾਕਤ ਨੂੰ ਪਕਾ ਲੈਂਦੇ ਹਨ। ਜਦੋਂ ਤਕ ਸਾਡੇ ਅੰਦਰ ਪੂਰੀ ਰੌਸ਼ਨੀ ਨਾ ਹੋ ਜਾਏ, ਪ੍ਰਮਾਤਮਾ ਪ੍ਰਾਪਤੀ ਨਹੀਂ ਹੁੰਦੀ। ਅੰਦਰ ਦੀ ਪਵਿੱਤਰਤਾ ਬਹੁਤ ਜ਼ਰੂਰੀ ਹੈ। ਜਦੋਂ ਅੰਦਰ ਸਾਫ ਹੋ ਜਾਏ, ਚਾਨਣ ਹੋ ਹੀ ਜਾਂਦਾ ਹੈ। ਪ੍ਰਮਾਤਮਾ ਸਵਰਗ ਵਿਚ ਨਹੀਂ, ਸਾਡੇ ਦਿਲਾਂ ਵਿਚ ਹੈ।

*'ਚਲਦਾ...........।'*

# ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਫਲਗੁਣਿ - ਸੰਗਰਾਂਦ-13 ਫਰਵਰੀ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ - 05 ਫਰਵਰੀ, ਦਿਨ ਐਤਵਾਰ - ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. **Commonwealth Bank Of Australia CTBAAU2S**
2. **Australia And NewZealand Banking Group Ltd ANZBAU3M**
3. **National Australia Bank Ltd NATAAU33**
4. **Westpack Banking Corporation WPACAU2F**

**Canada**

1. **SBI Canada Bank SBINCATX**
2. **Canadian Imperial Bank Of Commerce CIBCCATT**
3. **Bank Of Montreal BOFMCAM2**
4. **Royal Bank Of Canada ROYCCAT2**
5. **The Toronto Dominion Bank TDOMCATT**
6. **The Bank Of Nova Scotia (SCOTIA BANK) NOSCCATT**

**Germany**

1. **Commerze bank AGCOBADEFF**
2. **DZ Bank AG Deutsche Zentral-Genos GENODEFF**
3. **Uni Credit Bank AGHYVEDEMM**
4. **Bayerische Landes bank BYLADEMM**
5. **Landes bank Baden Wurttemberg SOLADEST**
6. **Norddeutsche Landes bank Girozen trale NOLADE2H**
7. **Deutsche Bank AGDEUTDEFF**
8. **HSBCT rinkaus & Burkhadt AGTUBDDEDD**

**Italy**

1. **Credit AgricoleI talia SpACRPPIT2P**
2. **Intesa Sanpaolo Sp ABCITITMM**
3. **Unicredit SPAUNCRITMM**
4. **Banca Popolaredi Sondrio Societa Cooperativa perAzioni POSOIT22**
5. **BPERB anca Sp ABPMOIT22**

**United Kingdom**

1. **Standard Chartered Bank SCBLGB2L**
2. **Couttsand Company COUTGB22**
3. **National Westminster Bank Plc (NatWestBank) NWBKGB2L**
4. **Royal Bank of Scotland Plc RBOSGB2L**
5. **Barclays Bank PlcBARCGB22**
6. **HSBC Bank Plc MIDLGB22**
7. **Lloyds Bank PlcLOYDGB2L**
8. **State Bank of India (UK)Ltd.SBOIGB2L**

**United States**

1. **Fifth Third Bank FTBCUS3C**
2. **HSBC Bank USA National Association MRMDUS33**
3. **Deutsche Bank Trust Company Americas BKTRUS33**
4. **Wells Fargo Bank National Association WFBIUS6S**
5. **Silicon Valley Bank SVBKUS6S**
6. **State Bank of India (California) SBCAUS6L**
7. **The Bank of New York Mellon IRVTUS3N**
8. **PNC Bank National Association PNCCUS33**
9. **BOKF National Association BAOKUS44**
10. **MUFG Union Bank National Association BOFCUS33**
11. **Bank of America National Association BOFAUS3N**
12. **Key bank National Association KEYBUS33**
13. **US Bank National Association USBKUS44**
14. **Citi bank NACITIUS33**
15. **JP Morgan Chase Bank National Association CHASUS33**
16. **The Northern Trust Company CNORUS44**

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ - 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ - 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ - 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ - 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ - 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/- |
| 17. | The Story of Immortality (ਅਮਰ ਗਾਥਾ) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**
Punjab & Sind Bank - **S/B A/C No. 12861100000008**
**RTGS/IFSC Code - PSIB0021286, Branch Code - C1286**

**Our Address: Gurdwara Ishar Parkash,
Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Discourses on the Beyond (Part - 7)

## Chapter - 1

## Supreme Satgur Nanak

**Author By : Sant Waryam Singh Ji**
**Founder V.G.R.M.C.T. Ratwara Sahib**
**Translated By : Prof. Beant Singh**

*(Continued from P. 70, issue Jan. 2023)*

*'He alone is truly alive in whose self is lodged the Lord:*
*Saith Nanak, none else is truly living.*
*Such a one if alive, in ignominy lives;*
*Whatever he consumes is illegitimate.' P. 142*

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

**At the same time, he also said: "Vaid Ji! ailment first begins in the mind which is controlled not by man but by consciousness. If this consciousness remains aligned with God, then, He, being an embodiment of truth, intellect and bliss, continues sending His waves of love to him, as a result of which man is not afflicted by any ailment. Experiencing His perfection, having eternal faith in Him and His eternal existence is called the 'Name Divine'. God's Name is the sole remedy of all ailments and by forgetting the Name, body's health declines and becomes afflicted with ailments. This man suffers from the most terrible of all diseases which is called 'egoism', that is, experiencing himself to be having an existence separate from the Lord. As a result thereof, since infinite time, possessed by deeds or actions, he continues to take birth and die to suffer their consequences. What a terrible disease it is which has deluded this *'jeev'* (man, sentient being) and made him feel that he is a physical body made up of five elements. Now, he firmly believes that he is a physical body. He has forgotten: "I am God's Light. I am soul." Falling from that lofty state, he has become a *'jeev'* (sentient being). Egoism has made him fall further down, and he has started considering himself a physical body. What a serious malady it is! Even a mad man knows that he has some existence although his mind is in a state of disorder; its balance is disturbed. But this *'jeev'* (man, sentient being) is extremely crazy who does not know, "Who am I?" This malady of egoism is so painful that man gives up one incarnation and is born in another. Caught in delusion and fallen into the deep abyss of pain and suffering, he cries and wails as is stated briefly in *Gurbani* –**

*'By forgetting the Supreme Lord, all ailments do cling to man.' P. 135*

ਪ੍ਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

**Guru Sahib gave good counsel to the *vaid* (doctor). He said: "*Vaid* Ji! slandering, backbiting, harbouring jealousy, and hostility, remaining drowned in the ignoble emotions of lust, wrath, avarice, attachment and pride, suffering from the delusion of seeking joy and peace from material riches and suffering transmigration caught in the cycle of 'I' and 'mine' are very terrible maladies indeed. There is only one cure for all these ailments and that is recitation and**

contemplation of the Name of God who pervades all beings, who is present in full glory and true form in forests, wildernesses, skies, oceans, regions and continents beyond imagination."

When, as per Guru Nanak Sahib's family tradition, Hardyal *Purohit* was going to put the *'janeu'* (sacred thread worn by Hindus) on him, he said, "O *Purohit*! (Brahmin family priest) you are putting on this *'janeu'* on the body. Don't you know that the body is not everlasting? It gets destroyd at the appointed time and it is cremated as per the prevailing practice. The *'jeevatma'* (soul) from within the body, carrying the heavy bundle of the deeds performed by him during his worldly stay, departs to give his account in the Divine Court. Will the *'janeu'* (sacred thread) which you are putting on me, go with me to the world hereafter, or shall I depart then without it?"

On hearing this question, the Brahmin priest was lost in thinking. The entire brotherhood who were ready to raise loud acclamations, were astonished and wondered that none before had ever thought of this thing. They thought: "Child Nanak has certainly spoken the truth." While people present were still reflecting, the *Purohit* (Brahmin priest) said, "Master! I do not know of any such *'janeu'* (sacred thread) that goes with man to the Divine Court. Deeming it a symbol, we put it round the neck. Our belief is that your earlier birth (incarnation) is ended and new one has begun. Now you will not remain without a preceptor and you will gain honour and recognition in your family and brotherhood. We do not know whether this *'janeu'* (sacred thread) will stand by you or not in the world hereafter. As per prevailing practice, we make the *'janeu'* and put it on the new entrant to the brotherhood. If you know of any *'janeu'* which stands by man, which does good to him, let us know about it. We will be pleased to learn about such a *'janeu'* (sacred thread).'

At this Guru Sahib said, "All men are made by God. He has bestowed great strength on man. By practising deceit, he is able to control even elephants. He fights with lions. Poor and helpless animals like he-goats, chicken etc. he kills for his food and taste. This is cruelty and violence. Violent man has to account for his violent deeds when he goes to the Divine Court. Kabir Sahib has beautifully stated –

*'Kabir, sublime is dinner of rice and pulse boiled together, wherein there is delicious salt. Who will have his throat cut for meat with his bread?'* *P. 1374*

ਕਬੀਰ ਖੂਬ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥

The following edict also occurs in *Gurbani* –

*'To take pity on the sentient beings is more acceptable than bathing at sixty-eight places of pilgrimage and giving all alms.'* *P. 136*

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

So, Brahmin Priest! taking pity on all sentient beings is found pleasing by God. Since the beginning of time, exalted holy men have been doing noble deeds out of a sense of pity and compassion. So, you should produce the cotton of compassion; be content with due and legitimate profit. You are to imbibe contentment and spin its thread, conquer all your sense organs and lodging the truth in the heart, twist it with

**continence and enlightenment. Holy men write that it is the burgeoning of the seed of love and devotion from the land of a pure heart. Compassion, amity and happiness over another's success and honour are its branches. Truthfulness and contentment are its leaves. Faith or righteousness is its fruit, through which one gains the capable Guru (Holy Preceptor) like cotton-buds on the plant. The Guru's showing compassion is like picking cotton from the buds. Giving up skepticism or lack of belief is like giving up cotton-seeds. By rolling in the ginning machine of renunciation should be obtained cotton and and with it be made the thread of contentment. O Brahmin priest! such a *'janeu'* (sacred thread) is the true and real *'janeu'*. This knowledge-like thread stands by man. It neither gets broken, nor is soiled with sins, nor can the fire of evils burn it, and nor can anybody separate it from man. It is never lost. Those persons who have worn this *'janeu'* (sacred thread) are blessed indeed and gain honour in the other world also, when they depart from here. Your *'janeu'* (sacred thread) is worthless; it is of no use as it is made of thread bought from the market and twisted in the kitchen-spot. When going to the toilet, this weak *'janeu'* is hung on the ear. When man dies after completing his assigned stay in the world, this *'janeu'* is left here. No symbolic object goes with man to the other world. He departs bereft of this *'janeu'* (sacred thread)."**

